
ਮਾਸਿਕ

# ਸੀਸ ਗੰਜ

# SIS GANJ

Volume 60 March 2023 Issue 3 Rs. 5



ਗੁਰਦੁਆਰਾ ਦਮਦਮਾ ਸਾਹਿਬ, ਦਿੱਲੀ

## ਇਸ ਮਹੀਨੇ ਦਾ ਵਿਚਾਰ

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥**
**ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥**
**ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥**
**ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥**
**ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥**
**ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥**
**ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥**
**ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥**

{ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੩੩ }

**: ਪਦ ਅਰਥ :**

**ਚੇਤਿ** – ਚੇਤ ਦੇ ਮਹੀਨੇ ਵਿਚ । **ਘਣਾ** – ਬਹੁਤ । **ਮਿਲਿ** – ਮਿਲ ਕੇ । **ਰਸਨਾ** – ਜੀਭ । **ਭਣਾ** – ਉਚਾਰਨ । **ਜਿਨਿ** – ਜਿਸ ਮਨੁੱਖ ਨੇ । **ਤਿਸਹਿ** – ਉਸ ਨੂੰ । **ਆਏ ਗਣਾ** – ਆਇਆ ਸਮਝੋ । **ਜਣਾ** – ਜਾਣੋ । **ਮਹੀਅਲਿ** – ਮਹੀ ਤਲਿ, ਧਰਤੀ ਦੇ ਤਲ ਉੱਤੇ, ਪੁਲਾੜ ਵਿਚ, ਆਕਾਸ਼ ਵਿਚ । **ਮਣਾ** – ਮਣਾ-ਮੂੰਹੀਂ, ਬਹੁਤ । **ਕੰਉ** – ਨੂੰ । **ਮਨਾ** – ਮਨਿ, ਮਨ ਵਿਚ । **ਤਿਸ ਕੈ ਪਾਇ** – ਉਸ ਮਨੁੱਖ ਦੇ ਪੈਰੀਂ । **ਲਗਾ** – ਲੱਗਾਂ, ਮੈਂ ਲੱਗਦਾ ਹਾਂ ।


**: ਅਰਥ :**

ਚੇਤ ਵਿਚ (ਬਸੰਤ ਰੁੱਤ ਆਉਂਦੀ ਹੈ, ਹਰ ਪਾਸੇ ਖਿੜੀ ਫੁਲਵਾੜੀ ਮਨ ਨੂੰ ਆਨੰਦ ਦੇਂਦੀ ਹੈ, ਜੇ) ਪਰਮਾਤਮਾ ਨੂੰ ਸਿਮਰੀਏ (ਤਾਂ ਸਿਮਰਨ ਦੀ ਬਰਕਤਿ ਨਾਲ) ਬਹੁਤ ਆਤਮਕ ਆਨੰਦ ਹੋ ਸਕਦਾ ਹੈ । ਪਰ ਜੀਭ ਨਾਲ ਪ੍ਰਭੂ ਦਾ ਨਾਮ ਜਪਣ ਦੀ ਦਾਤਿ ਸੰਤ ਜਨਾਂ ਨੂੰ ਮਿਲ ਕੇ ਹੀ ਪ੍ਰਾਪਤ ਹੁੰਦੀ ਹੈ । ਉਸੇ ਬੰਦੇ ਨੂੰ ਜਗਤ ਵਿਚ ਜੰਮਿਆ ਜਾਣੋ (ਉਸੇ ਦਾ ਜਨਮ ਸਫਲਾ ਸਮਝੋ) ਜਿਸ ਨੇ (ਸਿਮਰਨ ਦੀ ਸਹਾਇਤਾ ਨਾਲ) ਆਪਣੇ ਪਰਮਾਤਮਾ ਦਾ ਮਿਲਾਪ ਹਾਸਲ ਕਰ ਲਿਆ (ਕਿਉਂਕਿ) ਪਰਮਾਤਮਾ ਦੀ ਯਾਦ ਤੋਂ ਬਿਨਾ ਇਕ ਖਿਨ ਮਾਤ੍ਰ ਸਮਾ ਗੁਜ਼ਾਰਿਆਂ ਭੀ ਜ਼ਿੰਦਗੀ ਵਿਅਰਥ ਬੀਤਦੀ ਜਾਣੋ ।

ਜੇਹੜਾ ਪ੍ਰਭੂ ਪਾਣੀ ਵਿਚ ਧਰਤੀ ਵਿਚ ਅਕਾਸ਼ ਵਿਚ ਜੰਗਲਾਂ ਵਿਚ ਹਰ ਥਾਂ ਵਿਆਪਕ ਹੈ, ਜੇ ਐਸਾ ਪ੍ਰਭੂ ਕਿਸੇ ਮਨੁੱਖ ਦੇ ਹਿਰਦੇ ਵਿਚ ਨਾਹ ਵੱਸੇ, ਤਾਂ ਉਸ ਮਨੁੱਖ ਦਾ (ਮਾਨਸਕ) ਦੁੱਖ ਬਿਆਨ ਨਹੀਂ ਹੋ ਸਕਦਾ । (ਪਰ) ਜਿਨ੍ਹਾਂ ਬੰਦਿਆਂ ਨੇ ਉਸ (ਸਰਬ ਵਿਆਪਕ) ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ, ਉਹਨਾਂ ਦਾ ਬੜਾ ਭਾਗ ਜਾਗ ਪੈਂਦਾ ਹੈ ।

ਨਾਨਕ ਦਾ ਮਨ (ਭੀ ਹਰੀ ਦੇ ਦੀਦਾਰ ਨੂੰ ਤਾਂਘਦਾ ਹੈ, ਨਾਨਕ ਦੇ ਮਨ ਵਿਚ ਹਰੀ-ਦਰਸਨ ਦੀ ਪਿਆਸ ਹੈ । ਜੇਹੜਾ ਮਨੁੱਖ ਮੈਨੂੰ ਹਰੀ ਦਾ ਮਿਲਾਪ ਕਰਾ ਦੇਵੇ ਮੈਂ ਉਸ ਦੀ ਚਰਨੀਂ ਲੱਗਾਂਗਾ ।੨।

ਟੀਕਾਕਾਰ : ਭਾਈ ਸਾਹਿਬ ਸਿੰਘ ਜੀ




ਜਿਲਦ 60 – ਨੰਬਰ 3
ਮਾਰਚ 2023 – ਫੱਗਣ / ਚੇਤ 2079

ਐਡੀਟੋਰੀਅਲ ਬੋਰਡ :
ਸ. ਹਰਮੀਤ ਸਿੰਘ ਕਾਲਕਾ
ਸ. ਜਗਦੀਪ ਸਿੰਘ ਕਾਹਲੋਂ
ਸ. ਹਰਵਿੰਦਰ ਸਿੰਘ ਕੇ.ਪੀ.
ਸ. ਆਤਮਾ ਸਿੰਘ ਲੁਬਾਣਾ
ਸ. ਜਸਮੇਨ ਸਿੰਘ ਨੋਨੀ

ਮੁੱਖ ਸੰਪਾਦਕ :
ਸ. ਹਰਮੀਤ ਸਿੰਘ ਕਾਲਕਾ

ਸੰਪਾਦਕ :
ਸ. ਪਰਮਜੀਤ ਸਿੰਘ ਰਾਣਾ

ਸਹਿ-ਸੰਪਾਦਕ :
ਸ. ਜਸਪ੍ਰੀਤ ਸਿੰਘ ਕਰਮਸਰ
ਡਾ. ਮਨਪ੍ਰੀਤ ਸਿੰਘ

ਪ੍ਰਿੰਟਰ ਤੇ ਪਬਲੀਸ਼ਰ
ਸ. ਧਰਮਿੰਦਰ ਸਿੰਘ ਜਨਰਲ ਮੈਨੇਜਰ

'ਸੀਸ ਗੰਜ' ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ। ਸਭ ਵਾਦ-ਵਿਵਾਦ ਦਿੱਲੀ ਕੋਰਟ ਵਿਚ ਹੀ ਨਿਪਟਾਏ ਜਾਣਗੇ।

Printer and Publisher Dharminder Singh – General Manager for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi – 110001.

Email : dsgmcdelhi@gmail.com
Website : www.dsgmc.in
Phone : +91 11 23712580-81-82
+91 11 23737328-29
Extn. : 104

Total Pages : 1 to 64 (With Cover)

## ਸੀਸ ਗੰਜ ਦੇ ਇਸ ਅੰਕ 'ਚ

4 ਸੰਪਾਦਕੀ
ਸ. ਹਰਮੀਤ ਸਿੰਘ ਕਾਲਕਾ

5 ਬਹਾਰ ਆਮਦ ਵਾ ਯਾਰ ਵਾ ਕਰਾਰ ਆਮਦ
ਡਾ. ਮਨਪ੍ਰੀਤ ਸਿੰਘ





7 ਤੁਧੁ ਡਿਠੇ ਸਚੇ ਪਾਤਿਸਾਹ.....
ਬੀਬਾ ਮਨਪ੍ਰੀਤ ਕੌਰ

11 ਭਾਈ ਗੁਰਦਾਸ ਜੀ
ਸ. ਰਜਿੰਦਰ ਸਿੰਘ ਜੌਲੀ





15 ਸਿੱਖ ਧਰਮ ਵਿੱਚ ਸ਼ਸਤਰਾਂ ਦੀ ਮਹਾਨਤਾ
ਡਾ. ਸ਼ਮਸ਼ੇਰ ਸਿੰਘ

24 ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥
ਸ. ਜੋਗਿੰਦਰ ਸਿੰਘ ਸੇਠੀ





32 ਬੰਦਾ ਸਿੰਘ ਬਹਾਦੁਰ ਦਾ ਮੁਢਲਾ ਜੀਵਨ
ਕਮੋਡੋਰ ਗੁਰਨਾਮ ਸਿੰਘ

38 ਗੁਰਬਾਣੀ ਵਿੱਚ ਕੀਰਤਨ ਦਾ ਸੰਕਲਪ
ਸ. ਤੀਰਥ ਸਿੰਘ ਢਿੱਲੋਂ

40 ਸਾਡਾ ਹਰਿਮੰਦਰ (ਕਵਿਤਾ)
ਪ੍ਰੋ. ਨਵ ਸੰਗੀਤ ਸਿੰਘ

41 ਫ਼ਾਰਸੀ ਅੱਖਰਾਂ ਵਾਲੀਆਂ ਛੱਪੀਆਂ.....
ਡਾ. ਜਸਬੀਰ ਸਿੰਘ ਸਰਨਾ

44 ਅਠ੍ਹਾਰਵੀਂ ਸਦੀ ਵਿੱਚ ਸਿੱਖ ਸ਼ਹਾਦਤ
ਸ. ਗੁਰਬਚਨ ਸਿੰਘ ਨਈਅਰ

53 ਖ਼ਤਰਨਾਕ ਹੋ ਸਕਦੈ
ਡਾ. ਅਮਨਪ੍ਰੀਤ ਸਿੰਘ

54 ਸਰਗਰਮੀਆਂ
ਧਰਮ ਪ੍ਰਚਾਰ ਤੇ ਦਿੱ.ਸਿ.ਗੁ.ਪ੍ਰ. ਕਮੇਟੀ

58 ਚਿੱਠਾ ਆਮਦਨ ਖ਼ਰਚ
ਅਕਾਊਂਟਸ ਵਿਭਾਗ

60 ਸਿੱਖ ਇਤਿਹਾਸਕ ਘਟਨਾਵਾਂ
ਧਰਮ ਪ੍ਰਚਾਰ ਕਮੇਟੀ

# ਭਾਈ ਸੁਬੇਗ ਸਿੰਘ ਅਤੇ ਸ਼ਾਹਬਾਜ਼ ਸਿੰਘ ਦੀ ਸ਼ਹਾਦਤ

ਉਹ ਸਮਾਂ ਸੀ, ਜਦੋਂ ਜ਼ਕਰੀਆ ਖ਼ਾਨ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਜਬਰ-ਜ਼ੁਲਮ ਦਾ ਚੱਕਰ ਤੇਜ ਕਰ ਦਿੱਤਾ ਹੋਇਆ ਸੀ। ਸਿੱਖਾਂ ਦੇ ਸਿਰਾਂ ਦੇ ਮੁੱਲ ਮੁਕਰਰ ਕਰ ਦਿੱਤੇ ਗਏ ਸਨ, ਸ਼ਿਕਾਰ ਮੁਹਿਮਾਂ ਵਿਚ ਤੇਜ਼ੀ ਲਿਆ ਦਿੱਤੀ ਗਈ ਸੀ। ਇਤਨਾ ਕੁਝ ਹੋਣ ਦੇ ਬਾਵਜੂਦ ਨਾ ਤਾਂ ਸਿੱਖਾਂ ਨੂੰ ਖ਼ਤਮ ਕੀਤਾ ਜਾ ਸਕਿਆ ਅਤੇ ਨਾ ਹੀ ਉਨ੍ਹਾਂ ਨੂੰ ਹਥਿਆਰ ਸੁਟਣ ’ਤੇ ਮਜ਼ਬੂਰ ਕੀਤਾ ਜਾ ਸਕਿਆ। ਸੰਘਣੇ ਜੰਗਲਾਂ ਵਿਚ ਉਨ੍ਹਾਂ ਦੀਆਂ ਛੁਪਣਗਾਹਾਂ ਸਨ। ਜਦੋਂ ਵੀ ਉਨ੍ਹਾਂ ਨੂੰ ਮੌਕਾ ਮਿਲਦਾ ਉਹ ਆਪਣੀਆਂ ਛੁਪਣਗਾਹਾਂ ਵਿਚੋਂ ਨਿਕਲ ਸਰਕਾਰੀ ਕਾਫਲਿਆਂ ਅਤੇ ਟਿਕਾਣਿਆਂ ਪੁਰ ਹਮਲੇ ਕਰ ਆਪਣੀ ਹੋਂਦ ਦਾ ਅਹਿਸਾਸ ਕਰਵਾ ਜਾਂਦੇ। ਸਿੱਖਾਂ ਦੀ ਇਹ ਰਣਨੀਤੀ ਜ਼ਕਰੀਆ ਖ਼ਾਨ ਲਈ ਸਿਰਦਰਦੀ ਬਣਦੀ ਜਾ ਰਹੀ ਸੀ। ਸਿੱਖਾਂ ਦੇ ਅਚਾਨਕ ਹਮਲਿਆਂ ਸਾਹਮਣੇ ਜਦੋਂ ਉਸ ਦਾ ਕੋਈ ਵੱਸ ਨਾ ਚਲਦਾ ਤਾਂ ਉਸਦੀ ਬੌਖਲਾਹਟ ਵੱਧ ਜਾਂਦੀ ਅਤੇ ਉਸ ਵੱਲੋਂ ਢਾਹੇ ਜਾਂਦੇ ਜ਼ੁਲਮਾਂ ਵਿਚ ਹੋਰ ਵਾਧਾ ਹੋ ਜਾਂਦਾ। ਉਸ ਦੀ ਬੌਖਲਾਹਟ ਦਾ ਸ਼ਿਕਾਰ ਵਧੇਰੇ ਕਰ ਉਨ੍ਹਾਂ ਸਿੱਖਾਂ ਨੂੰ ਹੋਣਾ ਪੈਂਦਾ, ਜੋ ਸ਼ਾਂਤੀ ਨਾਲ ਕਿਰਸਾਨੀ ਆਦਿ ਰਾਹੀਂ ਆਪਣੇ ਜੀਵਨ ਦਾ ਨਿਰਬਾਹ ਕਰ ਰਹੇ ਹੁੰਦੇ। ਇਨ੍ਹਾਂ ਵਿਚੋਂ ਕਈ ਸਿੱਖਾਂ ਨੇ ਆਪਣੇ ਚੰਗੇ ਵਿਹਾਰ ਕਾਰਣ ਕੇਵਲ ਆਮ ਲੋਕਾਂ ਨਾਲ ਹੀ ਨਹੀਂ ਸਗੋਂ ਸਰਕਾਰੇ-ਦਰਬਾਰੇ ਵੀ ਆਪਣਾ ਚੰਗਾ ਪ੍ਰਭਾਵ ਸਥਾਪਤ ਕਰ ਲਿਆ ਸੀ।

ਇਨ੍ਹਾਂ ਦਿਨਾਂ ਵਿਚ ਹੀ ਭਾਈ ਸੁਬੇਗ ਸਿੰਘ ਸਰਕਾਰੀ ਠੇਕੇਦਾਰ ਹੋਣ ਦੇ ਨਾਲ ਕੋਰਟ ਕਚਹਿਰੀ ਵਿਚ ਜ਼ਰੂਰਤ-ਮੰਦਾਂ ਦੀ ਪੈਰਵੀ ਵੀ ਕਰਦੇ ਸਨ। ਪੜ੍ਹੇ ਲਿਖੇ ਹੋਣ ਕਾਰਣ ਉਨ੍ਹਾਂ ਦਾ ਸਰਕਾਰੇ-ਦਰਬਾਰੇ ਵੀ ਰਸੂਖ ਬਣ ਗਿਆ ਹੋਇਆ ਸੀ। ਜਦੋਂ ਜਕਰੀਆ ਖ਼ਾਨ ਸਿੱਖਾਂ ਦੇ ਅਚਾਨਕ ਹਮਲਿਆਂ ਤੋਂ ਪਰੇਸ਼ਾਨ ਹੋ ਗਿਆ ਅਤੇ ਸਿੱਖਾਂ ਨੂੰ ਖ਼ਤਮ ਕਰਨ ਦੀ ਉਸ ਦੀ ਹਰ ਰਣਨੀਤੀ ਸਫਲ ਨਹੀਂ ਹੋ ਰਹੀ ਸੀ ਤਾਂ ਉਸ ਨੇ ਸਿੱਖਾਂ ਨੂੰ ਜ਼ਗੀਰ ਦੇ ਕੇ ਆਪਣੇ ਗਲੋਂ ਲਾਹੁਣਾ ਚਾਹਿਆ ਅਤੇ ਇਸ ਉਦੇਸ਼ ਲਈ ਉਸ ਨੇ ਭਾਈ ਸੁਬੇਗ ਸਿੰਘ ਦੀ ਮਦਦ ਲਈ।

ਭਾਈ ਸੁਬੇਗ ਸਿੰਘ ਸਿਆਣੇ ਤੇ ਸੁਲਝੇ ਹੋਏ ਹੋਣ ਕਾਰਣ ਨਾ ਕੇਵਲ ਜਕਰੀਆ ਖ਼ਾਨ ਪ੍ਰਤੀ ਆਪਣੀ ਵਫ਼ਾਦਾਰੀ ਨਿਭਾਉਣ ਵਿਚ ਸਫਲ ਰਹੇ ਸਗੋਂ ਉਨ੍ਹਾਂ ਨੇ ਸਿੱਖਾਂ ਦੇ ਹਿਤਾਂ ਦਾ ਵੀ ਪੂਰਾ-ਪੂਰਾ ਖ਼ਿਆਲ ਰਖਿਆ। ਇਨ੍ਹਾਂ ਦਿਨਾਂ ਵਿਚ ਹੀ ਭਾਈ ਸੁਬੇਗ ਸਿੰਘ ਦਾ ਪੁੱਤਰ ਸ਼ਾਹਬਾਜ਼ ਸਿੰਘ ਲਾਹੌਰ ਵਿਖੇ ਕਾਜ਼ੀ ਪਾਸੋਂ ਵਿਦਿਆ ਪ੍ਰਾਪਤ ਕਰ ਰਿਹਾ ਸੀ। ਕਾਜ਼ੀ ਉਸ ਦੀ ਸੂਝ ਸਮਝ, ਸ਼ਕਲ ਸੂਰਤ ਤੇ ਕੱਦ ਕਾਠ ਤੋਂ ਬਹੁਤ ਪ੍ਰਭਾਵਤ ਸੀ। ਜਿਸ ਕਾਰਣ ਉਹ ਚਾਹੁੰਦਾ ਸੀ ਕਿ ਉਹ ਉਸ ਨੂੰ ਮੁਸਲਮਾਨ ਬਣਾ, ਆਪਣੀ ਧੀ ਦਾ ਨਿਕਾਹ ਉਸ ਨਾਲ ਕਰ ਦੇਵੇ। ਉਸ ਨੇ ਆਪਣੀ ਇੱਛਾ ਦੀ ਪੂਰਤੀ ਲਈ ਸ਼ਾਹਬਾਜ਼ ਸਿੰਘ ਨਾਲ ਗੱਲ ਕੀਤੀ ਤੇ ਉਸ ਨੂੰ ਪ੍ਰੇਰਿਆ ਅਤੇ ਲਾਲਚ ਵੀ ਦਿੱਤੇ ਪਰ ਸ਼ਾਹਬਾਜ਼ ਸਿੰਘ ਨੇ ਦ੍ਰਿੜਤਾ ਨਾਲ ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿੱਤਾ। ਸ਼ਾਹਬਾਜ਼ ਸਿੰਘ ਵਲੋਂ ਆਪਣੀ ਪੇਸ਼ਕਸ਼ ਠੁਕਰਾ ਦਿੱਤੇ ਜਾਣ ’ਤੇ ਕਾਜ਼ੀ ਗੁੱਸੇ ਨਾਲ ਭਰ ਗਿਆ ਅਤੇ ਉਸ ਨੇ ਸ਼ਾਹਬਾਜ਼ ਸਿੰਘ ਪੁਰ ਦੋਸ਼ ਲਗਾ ਦਿੱਤਾ ਕਿ ਉਸਨੇ ਹਜ਼ਰਤ ਮੁਹੰਮਦ ਸਾਹਿਬ ਵਿਰੁੱਧ ਅਪਮਾਨ ਜਨਕ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿਸ ਕਰਕੇ ਉਸ ਨੂੰ ਚਰਖੜੀ ’ਤੇ ਚਾੜ੍ਹ (ਸ਼ਹੀਦ) ਕਰ ਦਿੱਤਾ ਜਾਵੇ।

ਜਦੋਂ ਭਾਈ ਸੁਬੇਗ ਸਿੰਘ ਨੂੰ ਇਸ ਗੱਲ ਦਾ ਪਤਾ ਲਗਿਆ ਤਾਂ ਉਸ ਨੇ ਆਪਣੇ ਪ੍ਰਭਾਵ ਦੀ ਵਰਤੋਂ ਕਰ ਆਪਣੇ ਪੁੱਤਰ ਨੂੰ ਬਚਾਉਣ ਲਈ ਬਹੁਤ ਹੱਥ ਪੈਰ ਮਾਰੇ ਅਤੇ ਹਰ ਕੋਸ਼ਿਸ਼ ਕੀਤੀ ਪਰ ਇਕ ਪਾਸੇ ਕਾਜ਼ੀ ਦਾ ਫ਼ਤਵਾ ਤੇ ਦੂਜੇ ਪਾਸੇ ਜਕਰੀਆ ਖ਼ਾਨ, ਜੋ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਮਰ ਚੁੱਕਾ ਹੋਇਆ ਸੀ, ਦੇ ਪੁੱਤਰ ਯਾਹੀਆ ਖ਼ਾਨ ਦੀ ਆਪਣੇ ਪਿਓ ਵਾਂਗ ਸਿੰਘਾਂ ਦਾ ਖੁਰਾ ਖੋਜ ਮਿਟਾ ਦੇਣ ਦੀ ਜ਼ਿੱਦ ਨੇ, ਉਸ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਉਧਰ ਕਾਜ਼ੀ ਨੇ ਭਾਈ ਸੁਬੇਗ ਸਿੰਘ ਨੂੰ ਆਪਣੇ ਪੁੱਤਰ ਦੇ ਨਾਲ ਚਰਖੜੀ ’ਤੇ ਚਾੜ੍ਹ, ਸ਼ਹੀਦ ਕਰ ਦੇਣ ਦਾ ਫਤਵਾ ਸੁਣਾ ਦਿੱਤਾ। ਦੋਹਾਂ ਨੂੰ ਚਰਖੜੀ ’ਤੇ ਚਾੜ੍ਹਣ ਤੋਂ ਪਹਿਲਾਂ ਕਾਜ਼ੀ ਨੇ ਇਕ ਵਾਰ ਫੇਰ ਆਪਣਾ ਦਾਅ ਖੇਡਣ ਲਈ ਉਨ੍ਹਾਂ ਨੂੰ ਕਿਹਾ ਕਿ ਉਹ ਇਸਲਾਮ ਕਬੂਲ ਕਰ ਲੈਣ ਤਾਂ ਉਨ੍ਹਾਂ ਦੀ ਜਾਨ ਬਖਸ਼ੀ ਹੋ ਸਕਦੀ ਹੈ। ਉਸਦੀ ਇਸ ਪੇਸ਼ਕਸ਼ ਦੇ ਜਵਾਬ ਵਿਚ ਪਿਓ-ਪੁੱਤਰ ਦੋਹਾਂ ਨੇ ਇਸ ਤੋਂ, ਪ੍ਰਚੀਨ ਪੰਥ ਪ੍ਰਕਾਸ਼ ਦੇ ਰਚਨਾਕਾਰ ਅਨੁਸਾਰ ਪੁੱਛਿਆ ‘‘ਮਰਨੇ ਡਰ ਹਮ ਕੀਨ ਮੈਂ ਕਰੋਂ। ਹੋਏ ਦੀਨ ਫਿਰ ਨਹਿ ਮਰੋਂ।

ਉਨ੍ਹਾਂ ਦੇ ਇਹ ਪੁੱਛਣ ’ਤੇ ਕਾਜ਼ੀ ਹੋਰ ਭੜਕ ਪਿਆ ਤੇ ਉਸਨੇ ਉਨ੍ਹਾਂ ਦੋਹਾਂ ਨੂੰ ਚਰਖੜੀ ’ਤੇ ਚਾੜ੍ਹ, ਚਰਖੜੀ ਨੂੰ ਤੇਜੀ ਨਾਲ ਚਲਾਉਣ ਦਾ ਹੁਕਮ ਦੇ ਦਿੱਤਾ। ਇਤਿਹਾਸ ਅਨੁਸਾਰ ਥੋੜੀ-ਥੋੜੀ ਦੇਰ ਬਾਅਦ ਚਰਖੜੀ ਰੋਕ ਕੇ ਬਾਰ-ਬਾਰ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਜਾਂਦਾ ਪਰ ਹਰ ਵਾਰ ਉਨ੍ਹਾਂ ਦਾ ਇਕੋ ਜਵਾਬ ਹੁੰਦਾ ਕਿ ਕੀ ਇਸਲਾਮ ਕਬੂਲ ਕਰਨ ਨਾਲ ਉਨ੍ਹਾਂ ਨੂੰ ਮੌਤ ਨਹੀਂ ਆਏਗੀ? ਇਸ ਤਰ੍ਹਾਂ ਦੋਵੇਂ ਪਿਉ-ਪੁੱਤਰ ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਸਿੱਖੀ ਸਿਦਕ ਨਿਭਾਉਂਦਿਆਂ ਤੇ ਵਾਹਿਗੁਰੂ ਵਾਹਿਗੁਰੂ ਜਪਦੇ ਸ਼ਹੀਦੀ ਜਾਮ ਪੀ ਗਏ।

– ਹਰਮੀਤ ਸਿੰਘ ਕਾਲਕਾ
ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

# ਬਹਾਰ ਆਮਦ ਵਾ ਯਾਰ ਵਾ ਕਰਾਰ ਆਮਦ




ਦਸਮੇਸ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜਣ ਤੋਂ ਬਾਅਦ ਵੱਡਾ ਐਲਾਨ ਕੀਤਾ ਕਿ ਹੁਣ ਸਿੱਖ ਹੋਲੀ ਨਹੀਂ ਹੋਲਾ ਮਹੱਲਾ ਖੇਡਿਆ ਕਰਨਗੇ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਿੱਤਾ ਹੋਇਆ ਬੋਲਾ ਹੈ।

ਹਿੰਦੂ ਤਿਉਹਾਰ ਹੋਲੀ ਦਾ ਇਸਤਰੀ ਲਿੰਗ ਤੋਂ ਪੁਲਿੰਗ ਰੂਪ ਹੋਲਾ ਹੈ। ਮਹੱਲਾ ਲਫ਼ਜ ਅਰਬੀ ਦਾ ਹੈ ਜਿਸ ਦਾ ਅਰਥ ਹਮਲਾ ਕਰਨਾ ਜਾਂ ਉਤਰਨਾ ਹੈ ਭਾਵ ਫੌਜਾਂ ਦਾ ਉਤਰਨਾ। ਗੁਰੂ ਜੀ ਨੇ ਹੋਲਾ ਮਹੱਲਾ ਨੂੰ ਸਿੱਖਾਂ ਲਈ ਨਕਲੀ ਲੜਾਈ ਰੂਪ ਦੇ ਕੇ ਆਪਣੇ ਜੰਗੀ ਹੁਨਰ ਦੀ ਪ੍ਰਦਰਸ਼ਨੀ ਕਰਨ ਦਾ ਮੌਕਾ ਬਣਾਇਆ। ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਦੋ ਵੱਖਰੇ-ਵੱਖਰੇ ਜੱਥਿਆਂ ਵਿੱਚ ਵੰਡ, ਆਪਸ ਵਿੱਚ ਜੰਗਨੁਮਾ ਅਭਿਆਸ ਕਰਨ ਲਈ ਇੱਕ ਦੂਜੇ ਉਪਰ ਹੱਲਾ ਕਰਨ ਅਤੇ ਨਕਲੀ ਜੰਗ ਕਰਵਾ ਜਿੱਤੇ ਹੋਏ ਜਥੇ ਨੂੰ ਇਨਾਮ ਤੇ ਅਸੀਸਾਂ ਬਖਸ਼ਦੇ ਅਤੇ ਸੰਤ ਨਾਲ ਸਿਪਾਹੀ ਦੇ ਗੁਣ ਭਰਨ ਲਈ ਹੋਲਾ ਮਹੱਲਾ ਬਖਸ਼ਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਚ ਹੋਲੀ ਖੇਡਣ ਦਾ ਜ਼ਿਕਰ ਮਿਲਦਾ ਹੈ। ਪਰ ਉਹ ਕੱਚੇ ਰੰਗਾਂ ਦੀ ਹੋਲੀ ਨਹੀਂ, ਨਸ਼ਿਆਂ ਦੀ ਆੜ ਵਿੱਚ ਹੋਲੀ ਤਿਉਹਾਰ ਦੇ ਨਾਮ ਹੇਠ ਪਰ-ਤਨ ਅਤੇ ਵਾਸ਼ਨਾਵਾਂ ਦੀ ਪੂਰਤੀ ਲਈ ਰੰਗ ਲਾਉਣਾ ਅਤੇ ਨਸ਼ਿਆਂ ਦੀ ਵਰਤੋਂ ਕਰਕੇ ਮਨੁੱਖੀ ਕਦਰਾਂ-ਕੀਮਤਾਂ ਦੀ ਹੇਠੀ ਕਰਨੀ। ਗੁਰੂ ਜੀ ਫੁਰਮਾਉਂਦੇ ਹਨ ਗੁਰਮਤਿ ਦੀ ਹੋਲੀ ਇਸ ਪ੍ਰਕਾਰ ਖੇਡੋ ਕਿ ਸੱਚੇ ਸਤਿਗੁਰੂ ਜੀ ਨੂੰ ਨਮਸਕਾਰ ਕਰੋ ਅਤੇ ਸੇਵਾ ਵਿੱਚ ਜੀਵਨ ਅਰਪਿਤ ਕਰੋ। ਗੁਰੂ ਨੂੰ ਸਮਰਪਿਤ ਮਨ ਹੀ ਅਨੰਦ ਦੀ ਪ੍ਰਾਪਤੀ ਕਰ ਸਕਦਾ ਹੈ ਅਤੇ ਮਹਾ ਖੁਸ਼ੀਆਂ ਉਸ ਹਿਰਦੇ ਅੰਦਰ ਪ੍ਰਗਟ ਹੁੰਦੀਆਂ ਹਨ। ਪ੍ਰਭੂ ਦੀ ਇਬਾਦਤ ਹੀ ਮੇਰੇ ਹਿਰਦੇ ਘਰ ਦਾ ਬਸੰਤ ਰੂਪੀ ਅਨੰਦ ਹੈ ਅਤੇ ਫਲਗੁਣ ਦੀ ਪ੍ਰਾਪਤੀ ਹੀ ਸਿਫਤ ਸਾਲਾਹ ਨਾਲ ਹੁੰਦੀ ਹੈ। ਸੰਗਤਿ ਵਿੱਚ ਪ੍ਰਭੂ ਦੇ ਸੰਤ ਜਨ ਮਿਲ ਕੇ ਇਹ ਨਾਮ ਰੰਗ ਦੀ ਹੋਲੀ ਖੇਡਦੇ ਹਨ। ਸੰਤ ਜਨਾ ਦੀ ਸੰਗਤ ਨੂੰ ਹੀ ਸੱਚੀ ਹੋਲੀ ਸਮਝੋ ਅਤੇ ਸੰਗਤ ਦੀ ਬਰਕਤ ਨਾਲ ਵਾਹਿਗੁਰੂ ਦੇ ਪਿਆਰ ਦਾ ਗੂੜਾ ਰੰਗ ਚੜ੍ਹਦਾ ਹੈ।

**ਗੁਰ ਸੇਵਉ ਕਰਿ ਨਮਸਕਾਰ॥**
**ਆਜੁ ਹਮਾਰੈ ਮੰਗਲਚਾਰ॥**
**ਆਜੁ ਹਮਾਰੈ ਮਹਾ ਅਨੰਦ॥**
**ਚਿੰਤ ਲਥੀ ਭੇਟੇ ਗੋਬਿੰਦ॥**
**ਆਜੁ ਹਮਾਰੈ ਗ੍ਰਿਹਿ ਬਸੰਤ॥**
**ਗੁਨ ਗਾਏ ਪ੍ਰਭ ਤੁਮ ਬੇਅੰਤ॥**
**..... ..... ..... .....**
**ਹੋਲੀ ਕੀਨੀ ਸੰਤ ਸੇਵ॥**
**ਰੰਗੁ ਲਾਗਾ ਅਤਿ ਲਾਲ ਦੇਵ॥**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਆਂ ਦੀ ਗੁਲਾਮੀ ਦੀਆਂ ਜੰਜੀਰਾਂ ਨੂੰ ਵੱਢਣ ਲਈ ਸੰਤ ਸਿਪਾਹੀ ਦੀ ਘਾੜਤ ਨਾਲ ਸੰਪੂਰਨ ਮਨੁੱਖ ਬਣਾਉਣ ਦੀ ਕਲਾ ਵਰਤਾਈ ਅਤੇ ਹੋਲਾ ਮਹੱਲਾ ਖੇਡਣ ਦਾ ਹੁਕਮ ਕੀਤਾ। ਭਾਈ ਨੰਦ ਲਾਲ ਜੀ ਕਹਿੰਦੇ ਮੈਂ ਗੁਰੂ ਜੀ ਦੇ ਹਥ ਨਾਮ ਦੀ ਪਿਚਕਾਰੀ ਵੇਖੀ, ਜਿਸ ਵਿੱਚ ਵਾਹਿਗੁਰੂ ਜੀ ਦੇ ਨਾਮ ਦਾ ਮਜੀਠ ਦਾ ਜ਼ਾਫਰਾਨੀ ਰੰਗ ਭਰਿਆ ਹੈ। ਜਿਸ ਉੱਤੇ ਇਹ ਰੰਗ ਗੁਰੂ ਜੀ ਨੇ ਛਿੜਕਿਆ ਉਹ ਬੇਰੰਗੀ ਰੂਹ





ਵੀ ਨਾਮ ਦੀ ਰੰਗਤ ਵਿੱਚ ਰੰਗੀਚੀ ਜਾ ਰਹੀ ਹੈ। ਗੁਰੂ ਜੀ ਦੇ ਹੱਥ ਵਿੱਚ ਨਾਮ ਦਾ ਸੂਹਾ ਗੁਲਾਲ ਦੋਨੋ ਜਹਾਨ ਤੇ ਜਮੀਨੋਂ ਆਸਮਾਂ ਰੰਗ ਰਿਹਾ ਹੈ।

**ਜ਼ਹੇ ਪਿਚਕਾਰੀਏ ਪੁਰ ਜ਼ਾਫਰਾਨੀ।**
**ਕਿ ਹਰ ਬੇਰੰਗ ਰਾ ਖ਼ੁਸ਼ਰੰਗੋ ਬੂ ਕਰਦ॥**
**ਗੁਲਾਲ ਅਫ਼ਸ਼ਾਨੀਏ ਦਸਤੇ ਮੁਬਾਰਿਕ।**
**ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ॥**

ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਯੁੱਧ ਵਿਦਿਆ ਵਿੱਚ ਨਿਪੁੰਣ ਕਰਨ ਲਈ ਇਹ ਤਿੰਨ ਦਿਨਾਂ ਦਾ ਮਹੱਲਾ ਜੰਗ ਦੇ ਅਭਿਆਸ ਲਈ ਹੁਕਮ ਕੀਤਾ। ਭਾਈ ਨੰਦ ਲਾਲ ਜੀ ਦਾ ਬਚਨ ਹੈ ਕਿ ਲੋਕੋ ਹੋਸ਼ ਵਿੱਚ ਆਉ, ਜਾਗ ਜਾਉ, ਇਹ ਸਮਾਂ ਬਹਾਰ ਦਾ ਆਜ਼ਾਦ ਫਿਜ਼ਾ ਦਾ ਆ ਗਿਆ ਹੈ, ਕਿਉਂਕਿ ਮੇਰਾ ਪਾਤਿਸ਼ਾਹ ਬੇ ਕਸਾਰਾਂ ਯਾਰ ਗੁਰੂ ਗੋਬਿੰਦ ਸਿੰਘ ਆ ਗਿਆ ਹੈ।

**ਬਹੋਸ਼ ਬਾਸ਼ ਕਿ ਹੰਗਾਮਿ ਨੋਬਹਾਰ ਆਮਦ।**
**ਬਹਾਰ ਆਮਦ ਵਾ ਯਾਰ ਵਾ ਕਰਾਰ ਆਮਦ।**

ਕਵੀ ਨਿਹਾਲ ਸਿੰਘ ਜੀ ਦਾ ਲਿਖਿਆ ਬੋਲਾ ਜੋ ਹੋਲੀ ਨੂੰ ਹੋਲਾ ਕਹਿਣ ਦੀ ਗਵਾਹੀ ਭਰਦਾ ਹੈ।

ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ
ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੋਨਾ ਟੋਲਾ ਹੈ।
ਸੁਭਟ ਸੁਚਾਲਾ ਅਰੁ ਲਖਬਾਹਾਂ ਕਲਗਾ ਸਿੰਘ ਸੁਚੋਲਾ ਹੈ।
ਅਪਰ ਮੁਛਹਿਰਾ ਦਾੜਾ ਜੈਸੇ ਤੈਸੇ ਬੋਲਾ ਹੋਲਾ ਹੈ।

– ਡਾ. ਮਨਪ੍ਰੀਤ ਸਿੰਘ
ਸਹਿ-ਸੰਪਾਦਕ ਸੀਸ ਗੰਜ ਮੈਗਜ਼ੀਨ

ੴ ਵਾਹਿਗੁਰੂ ਜੀ ਕੀ ਫ਼ਤਹਿ॥

## ਜ਼ਫ਼ਰਨਾਮਾ

**ਸ਼ਹਿਨਸ਼ਾਹ ਰਾ ਬੰਦਾਹਏ ਚਾਕਰੇਮ**
**ਅਗਰ ਹੁਕਮ ਆਯਦ ਬਜਾਂ ਹਾਜ਼ਰੇਮ ।੬੨।**

: ਅਰਥ :

ਅਸੀਂ ਤਾਂ ਆਪਣੇ ਸ਼ਾਹਾਂ ਦੇ ਸ਼ਾਹ (ਰੱਬ) ਦੇ ਚਾਕਰ ਹਾਂ,
ਜੇ ਹੁਕਮ ਆਵੇ ਤਾਂ ਦਿਲੋ ਜਾਨ ਤੋਂ ਹਾਜ਼ਰ ਹਾਂ।

**ਗਰਚਿ ਬਿਆਯਦ ਬ ਫ਼ੁਰਮਾਨਿ* ਮਨ**
**ਹਜ਼ੂਰਤੁ ਬਿਆਯਮ ਹਮਹ ਜਾਨੋ ਤਨ ।੬੩।**

: ਅਰਥ :

ਹੁਣ ਵੀ ਜੇਕਰ ਸ਼ਾਹੀ ਫ਼ੁਰਮਾਨ ਲੈ ਕੇ ਕੋਈ ਆਵੇ
ਤਾਂ ਮੈਂ ਤੁਹਾਡੇ ਪਾਸ ਆਉਣ ਲਈ ਤਿਆਰ ਹਾਂ।

**ਅਗਰ ਤੂ ਬਯਜ਼ਦਾਂ-ਪ੍ਰਸਤੀ ਕੁਨੀ**
**ਬ ਕਾਰੇ ਮਰਾ ਈਂ ਨ ਸੁਸਤੀ ਕੁਨੀ ।੬੪।**

: ਅਰਥ :

ਜੇ ਤੂੰ ਸੱਚਾ ਖ਼ੁਦਾ-ਪ੍ਰਸਤ ਹੈਂ ਤਾਂ ਸਾਡੀ ਇਸ ਗੱਲ
ਵਿੱਚ ਰਤਾ ਢਿਲ ਮੱਠ ਨਹੀਂ ਕਰੇਂਗਾ।

**ਬਬਾਯਦ ਕਿ ਯਜ਼ਦਾਂ ਸ਼ਨਾਸੀ ਕੁਨੀ**
**ਨ ਗੁਫ਼ਤਹ ਕਸੇ ਕਸ ਖ਼ਰਾਸ਼ੀ ਕੁਨੀ ।੬੫।**
**ਖ਼ਰਾਸ਼ਨ** – ਦੁਖਾਉਣਾ

: ਅਰਥ :

ਚਾਹੀਦਾ ਹੈ ਕਿ ਤੂੰ ਸੱਚੇ ਰੱਬ ਦੀ ਪਛਾਣ ਕਰੇਂ ਤੇ ਕਿਸੇ
ਦੇ ਕਹੇ ਕਹਾਏ ਕਿਸੇ ਉੱਤੇ ਜ਼ੁਲਮ ਨਾ ਢਾਏਂ।

**ਤੂ ਮਸਨਦ-ਨਸ਼ੀਂ ਸਰਵਰਿ ਕਾਯਨਾਤ**
**ਕਿ ਅਜਬਸਤ ਇਨਸਾਫ਼ ਈਂ ਹਮ ਸਿਫ਼ਾਤ ।੬੬।**
**ਸਰਵਰ** – ਸਰਦਾਰ, ਮੁਖੀਆ

: ਅਰਥ :

ਤੂੰ ਪਾਤਸ਼ਾਹੀ ਗੱਦੀ ਉੱਤੇ ਬੈਠਾ ਏਂ ਤੇ ਸਭ ਦਾ ਸਿਰਮੌਰ
ਕਹਾਉਂਦਾ ਹੈਂ, ਤੇਰੀਆਂ ਇਹ ਸਿਫ਼ਤਾਂ! ਤੇ ਨਿਆਂ!!
ਅਜੀਬ ਜਿਹੀ ਗੱਲ ਹੈ।

ਟੀਕਾਕਾਰ – ਪਿਆਰਾ ਸਿੰਘ ਪਦਮ

* ਕੇਸਰੀ ਪੰਜੇ ਵਾਲਾ ਸ਼ਾਹੀ ਫ਼ੁਰਮਾਨ ਕਿਸੇ-ਕਿਸੇ ਖ਼ਾਸ ਪ੍ਰਤਿਸ਼ਠਤ ਵਿਅਕਤੀ ਲਈ ਹੀ ਜਾਰੀ ਹੁੰਦਾ ਸੀ। ਵਰਨਾ, ਨਵਾਬ ਜਾਂ ਸੂਬੇ ਆਪ ਹੀ ਇਲਾਕਾਈ ਮਾਮਲੇ ਨਜਿੱਠ ਲੈਂਦੇ ਸਨ।



# ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਨਾਮ ਭਾਈ ਲਹਿਣਾ ਜੀ ਸੀ। ਇਨ੍ਹਾਂ ਦੇ ਪਿਤਾ ਦਾ ਨਾਮ ਬਾਬਾ ਫ਼ੇਰੂ ਮੱਲ ਤੇ ਮਾਤਾ ਦਾ ਨਾਮ ਦਇਆ ਕੌਰ ਸੀ। ਮਾਰਚ ਮਹੀਨੇ ਦੀ 31 ਤਾਰੀਖ ਸੰਨ 1504 ਈਸਵੀ ਨੂੰ ਮਾਤਾ ਦਇਆ ਕੌਰ ਦੀ ਕੁੱਖ ਤੋਂ ਇਨ੍ਹਾਂ ਦਾ ਜਨਮ ਹੋਇਆ। ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਸ੍ਰੀ ਮੁਕਤਸਰ ਦੇ ਨੇੜੇ ਉੱਤਰ ਪੂਰਬ ਵੱਲ ਮਤੇ ਦੀ ਸਰਾਂ ਨਾਂਅ ਦਾ ਇਕ ਪਿੰਡ ਪੈਂਦਾ ਸੀ। ਜਦੋਂ ਬਾਬਰ ਨੇ ਹਮਲਾ ਕੀਤਾ, ਤਾਂ ਇਹ ਪਿੰਡ ਬਾਬਰ ਦੇ ਜ਼ੁਲਮ ਦਾ ਸ਼ਿਕਾਰ ਬਣ ਕੇ ਉੱਜੜ-ਪੁੱਜੜ ਗਿਆ। ਬਾਅਦ ਵਿਚ ਇਕ ਉਦਾਸੀ ਨਾਂਗੇ ਸਾਧੂ ਨੇ ਇਸ ਪਿੰਡ ਨੂੰ ਫ਼ਿਰ ਵਸਾ ਲਿਆ ਅਤੇ ਇਸ ਥਾਂ ਦਾ ਨਾਂਅ ਨਾਂਗੇ ਦੀ ਸਰਾਂ ਪੈ ਗਿਆ। ਓਥੇ ਨਾਲ ਹੀ ਮਤੇ ਦੀ ਸਰਾਂ ਤੇ ਗੁਰੂ ਅੰਗਦ ਦੇਵ ਜੀ ਦਾ ਜਨਮ-ਅਸਥਾਨ ਹੈ, ਜੋ ਹੁਣ ਵੀ ਗੁਰਦੁਆਰੇ ਦੇ ਰੂਪ ਵਿਚ ਮੌਜੂਦ ਹੈ। ਇਨ੍ਹਾਂ ਦੇ ਪਿਤਾ ਬਾਬਾ ਫ਼ੇਰੂ ਮੱਲ ਜੀ ਦੁਕਾਨਦਾਰੀ ਕਰਦੇ ਸਨ। ਆਪ ਆਪਣੇ ਕਾਰ-ਵਿਹਾਰ ਵਿਚ ਸੱਚੇ, ਸੁੱਚੇ ਅਤੇ ਬੜੇ ਹੀ ਨੇਕ ਪੁਰਸ਼ ਸਨ। ਜਦ ਸ੍ਰੀ ਲਹਿਣਾ ਜੀ 15 ਕੁ ਵਰ੍ਹਿਆਂ ਦੇ ਹੋਏ ਤਾਂ ਇਹਨਾਂ ਦਾ ਵਿਆਹ ਸੰਘਰ ਪਿੰਡ, ਜੋ ਕਿ ਖਡੂਰ ਲਾਗੇ ਸੀ, ਦੇ ਨਿਵਾਸੀ ਸ੍ਰੀ ਦੇਵੀ ਚੰਦ ਦੀ ਸਪੁੱਤਰੀ ਖੀਵੀ ਜੀ ਨਾਲ ਹੋ ਗਿਆ। ਇਨ੍ਹਾਂ ਦੇ ਘਰ ਦੋ ਸਾਹਿਬਜ਼ਾਦੇ ਸ੍ਰੀ ਦਾਤੂ ਜੀ ਅਤੇ ਸ੍ਰੀ ਦਾਸੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਨੇ ਜਨਮ ਲਿਆ।

ਬਾਬਾ ਫ਼ੇਰੂ ਮਲ ਜੀ ਦੇਵੀ ਦੇ ਉਪਾਸਕ ਅਤੇ ਵੈਸ਼ਨੋ ਸਨ। ਉਹ ਹਰ ਸਾਲ ਦੇਵੀ ਦੇ ਦਰਸ਼ਨਾਂ ਲਈ ਜਵਾਲਾਮੁਖੀ ਜਾਂਦੇ ਸਨ। ਲਹਿਣਾ ਜੀ ਵੀ ਆਪਣੇ ਪਿਤਾ ਦੀ ਤਰ੍ਹਾਂ ਦੇਵੀ ਦੇ ਦਰਸ਼ਨ ਕਰਨ ਲਈ ਦੇਵੀ ਦੇ ਭਗਤਾਂ ਦੇ ਟੋਲੇ ਨਾਲ ਹਰ ਸਾਲ ਜਾਣ ਲੱਗ ਪਏ। ਇਕ ਵਾਰ ਰਸਤੇ ਵਿਚ ਕਰਤਾਰਪੁਰ ਪੁੱਜੇ। ਇਨ੍ਹਾਂ ਨੇ ਸੁਣਿਆ ਹੋਇਆ ਸੀ, ਏਥੇ ਇਕ ਨਾਨਕ ਨਾਂਅ ਦਾ ਦਰਵੇਸ਼ ਰਹਿੰਦਾ ਹੈ। ਇਨ੍ਹਾਂ ਨੂੰ ਮਿਲਣ ਦੀ ਤਾਂਘ ਉਪਜੀ। ਸਾਥੀਆਂ ਦਾ ਡੇਰਾ ਨਗਰ ਤੋਂ ਬਾਹਰ ਲਗਵਾ ਕੇ ਕਹਿਣ ਲੱਗੇ,'ਮੈਂ ਨਾਨਕ ਦੇ

ਦਰਬਾਰ ਦਰਸ਼ਨ ਕਰਨ ਲਈ ਜਾਣਾ ਹੈ।'

ਆਪ ਜੀ ਘੋੜੀ ਤੇ ਸਵਾਰ ਹੋ ਕੇ ਨਿਕਲ ਪਏ। ਅੱਗੇ ਗਏ ਤਾਂ ਗੁਰੂ ਨਾਨਕ ਦੇਵ ਜੀ ਰਸਤੇ ਵਿਚ ਹੀ ਮਿਲ ਗਏ। ਭਾਈ ਲਹਿਣਾ ਜੀ ਨੇ ਪੁੱਛਿਆ, 'ਮੈਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨੇ ਹਨ, ਮੈਨੂੰ ਰਸਤਾ ਦੱਸੋ।' ਅੱਗੋਂ ਗੁਰੂ ਨਾਨਕ ਜੀ ਬੜੇ ਸਤਿਕਾਰ ਨਾਲ ਬੋਲੇ, 'ਆ ਪੁਰਖਾ, ਮੈਂ ਵੀ ਓਥੇ ਹੀ ਜਾਣਾ ਹੈ।' ਭਾਈ ਲਹਿਣਾ ਜੀ ਘੋੜੀ ਤੇ ਚੜ੍ਹੇ ਰਹੇ ਅਤੇ ਗੁਰੂ ਨਾਨਕ ਦੇਵ ਜੀ ਅੱਗੇ-ਅੱਗੇ ਪੈਦਲ ਤੁਰਦੇ ਗਏ। ਡੇਰੇ ਪਾਸ ਪੁੱਜ ਕੇ ਗੁਰੂ ਜੀ ਨੇ ਫ਼ੁਰਮਾਇਆ,'ਘੋੜੀ ਕਿੱਲੇ ਨਾਲ ਬੰਨ੍ਹ ਕੇ ਇਸ ਦਰਵਾਜ਼ੇ ਤੋਂ ਅੰਦਰ ਚਲੇ ਜਾਓ।' ਗੁਰੂ ਜੀ ਦੂਜੇ ਦਰਵਾਜ਼ੇ ਤੋਂ ਲੰਘ ਕੇ ਆਪਣੇ ਆਸਨ ਤੇ ਬਿਰਾਜਮਾਨ ਹੋ ਗਏ। ਜਦੋਂ ਸ੍ਰੀ ਲਹਿਣਾ ਜੀ ਅੰਦਰ ਪਹੁੰਚੇ ਤਾਂ ਹੈਰਾਨ ਰਹਿ ਗਏ। ਚਰਨਾਂ ਤੇ ਮੱਥਾ ਟੇਕਿਆ ਤੇ ਮਨ ਵਿਚ ਇਹੀ ਸੋਚਿਆ, ਇਹ ਤਾਂ ਉਹੀ ਹਨ ਜੋ ਘੋੜੀ ਦੇ ਅੱਗੇ-ਅੱਗੇ ਪੈਦਲ ਚੱਲ ਕੇ ਆਏ ਹਨ। ਲੱਗੇ ਆਪਣੀ ਭੁੱਲ ਬਖ਼ਸ਼ਾਉਣ ਤੇ ਕਹਿਣ ਲੱਗੇ, 'ਮਹਾਰਾਜ ਮੇਰੇ ਤੋਂ ਭਾਰੀ ਭੁੱਲ ਹੋ ਗਈ ਹੈ, ਮੈਂ ਘੋੜੀ ਤੇ ਬੈਠਾ ਰਿਹਾ ਤੇ ਆਪ ਜੀ ਪੈਦਲ ਤੁਰਦੇ ਰਹੇ।' ਗੁਰੂ ਜੀ ਬੋਲੇ, 'ਭੁੱਲ ਕੋਈ ਨਹੀਂ ਹੋਈ।' ਫਿਰ ਗੁਰੂ ਨਾਨਕ ਜੀ ਨੇ ਪੁੱਛਿਆ, 'ਪੁਰਖਾ, ਕਿੱਥੋਂ ਆਇਆ ਹੈਂ ਤੇ ਨਾਮ ਕੀ ਹੈ?' ਸ੍ਰੀ ਲਹਿਣਾ ਜੀ ਬੋਲੇ, 'ਖਡੂਰ ਸੰਘਰ ਤੋਂ ਆਇਆ ਹਾਂ, ਤੇ ਨਾਮ ਲਹਿਣਾ ਹੈ।' ਗੁਰੂ ਜੀ ਹੱਸ ਪਏ ਤੇ ਫ਼ੁਰਮਾਇਆ,'ਭਾਈ ਤੂੰ ਲਹਿਣਾ ਹੈਂ, ਅਸਾਂ ਤੇਰਾ ਦੇਣਾ ਹੈ। ਲਹਿਣੇਦਾਰ ਹਮੇਸ਼ਾ ਦੇਣਦਾਰ ਦੇ ਘਰ ਘੋੜੀ ਤੇ ਚੜ੍ਹ ਕੇ ਹੀ ਆਉਂਦੇ ਹਨ।'

ਸ੍ਰੀ ਲਹਿਣਾ ਜੀ ਰਾਤ ਗੁਰ-ਦਰਬਾਰ ਵਿਚ ਠਹਿਰੇ ਅਤੇ ਰਾਤ ਨੂੰ ਬੂਹੇ ਬੰਦ ਕਰ ਕੇ ਸੌਂ ਗਏ। ਅੱਧੀ ਰਾਤ ਕੀ ਨਜ਼ਾਰਾ ਦੇਖਿਆ, ਇਕ ਇਸਤ੍ਰੀ ਸੋਹਣੇ ਕੱਪੜੇ, ਗਹਿਣੇ ਪਾ ਕੇ ਗੁਰ-ਦਰਬਾਰ ਵਿਚ ਆਪਣੇ ਕੇਸਾਂ ਨਾਲ ਝਾੜੂ ਦੇ ਰਹੀ ਹੈ। ਸ੍ਰੀ ਲਹਿਣਾ ਜੀ ਬੜੇ ਅਸਚਰਜ ਹੋਏ, ਕਿ ਮੈਂ ਆਪਣੇ ਹੱਥਾਂ ਨਾਲ ਸਾਰੇ ਬੂਹੇ ਬੰਦ ਕੀਤੇ ਸਨ। ਇਹ ਇਸਤ੍ਰੀ ਕਿਹੜੇ ਰਸਤਿਓਂ ਝਾੜੂ ਦੇਣ ਆਈ ਹੈ। ਪਾਸ ਜਾ ਕੇ ਪੁੱਛਿਆ, 'ਤੁਸੀਂ ਕੌਣ ਹੋ?' ਤਾਂ ਉਹ ਇਸਤ੍ਰੀ ਅੱਗਿਓਂ ਬੋਲੀ, 'ਤੁਸੀਂ ਮੈਨੂੰ ਪਛਾਤਾ ਨਹੀਂ, ਮੈਂ ਉਹੀ ਦੇਵੀ ਹਾਂ ਜਿਸ ਦੇ ਦਰਸ਼ਨ ਕਰਨ ਤੁਸੀਂ ਹਰ ਵਰ੍ਹੇ ਜਾਂਦੇ ਹੋ। ਮੈਂ ਤਾਂ ਕੀ 33 ਕਰੋੜ ਦੇਵਤੇ ਗੁਰ ਨਾਨਕ ਦੇ ਦਰ ਦੀ ਧੂੜੀ ਨੂੰ ਤਰਸ ਰਹੇ ਹਨ। ਮੈਂ ਤਾਂ ਗੁਰੂ ਨਾਨਕ ਦੇ ਦਰ ਦੀ ਝਾੜੂ-ਬਰਦਾਰ ਹਾਂ।'

ਇਹ ਬਚਨ ਸੁਣ ਕੇ ਸ੍ਰੀ ਲਹਿਣਾ ਜੀ ਗਦ-ਗਦ ਹੋ ਗਏ। ਉਨ੍ਹਾਂ ਨੂੰ ਗੁਰ-ਚਰਨਾਂ ਤੇ ਪੱਕਾ ਨਿਸ਼ਚਾ ਹੋ ਗਿਆ, ਸਭ ਕੁਝ ਇਸ ਦਰ ਤੋਂ ਪ੍ਰਾਪਤ ਹੋ ਸਕਦਾ ਹੈ। ਹੁਣ ਕਿਧਰੇ ਵੀ ਜਾਣ ਦੀ ਲੋੜ ਨਹੀਂ ਰਹੀ। ਜਦ ਸਵੇਰ ਹੋਈ ਤਾਂ ਕੁੱਝ ਸੰਗੀ ਆਪ ਜੀ ਨੂੰ ਸੱਦਣ ਲਈ ਆਏ। ਆਪ ਜੀ ਨੇ ਇਹ ਕਹਿ ਕੇ ਸੰਗੀਆਂ ਨੂੰ ਵਾਪਸ ਭੇਜ ਦਿੱਤਾ,'ਮੈਨੂੰ ਜਿਸਦੀ ਭਾਲ ਸੀ ਉਹ ਮਿਲ ਗਿਆ ਹੈ। ਹੁਣ ਕਿਧਰੇ ਵੀ ਭਟੱਕਣ ਦੀ ਜ਼ਰੂਰਤ ਨਹੀਂ ਰਹੀ। ਮੈਂ ਤਾਂ ਗੁਰੂ ਨਾਨਕ ਦੇ ਦਰ ਤੇ ਹੀ ਸੀਸ ਝੁਕਾਵਾਂਗਾ।' ਆਪ ਜੀ ਦਾ ਨਿਸ਼ਚਾ ਦੇਖ ਕੇ ਸੰਗੀ-ਸਾਥੀ ਤੁਰ ਪਏ। ਸ੍ਰੀ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਪਾਸ ਕਰਤਾਰਪੁਰ ਹੀ ਟਿਕ ਗਏ।

ਸ੍ਰੀ ਲਹਿਣਾ ਜੀ ਗੁਰ-ਦਰਬਾਰ ਦੀ ਸੇਵਾ ਕਰਦੇ, ਨਾਮ ਜਪਦੇ ਤੇ ਆਪ ਗੁਰੂ ਨਾਨਕ ਦੇਵ ਜੀ ਦੇ ਨਿਕਟਵਰਤੀ ਬਣ ਗਏ। ਇਕ ਵਾਰ ਗੁਰੂ ਨਾਨਕ ਦੇਵ ਜੀ ਖੇਤ ਵਿਚ ਗਏ, ਪਿਛੋਂ ਭਾਈ ਲਹਿਣਾ ਜੀ ਵੀ ਪਹੁੰਚ ਗਏ। ਗੁਰੂ ਜੀ ਨੇ ਘਾਹ ਦੀ ਪੰਡ ਬੰਨ੍ਹ ਕੇ ਸ੍ਰੀ ਲਹਿਣਾ ਜੀ ਨੂੰ ਚੁਕਵਾ ਦਿੱਤੀ। ਘਾਹ ਗਿੱਲਾ ਹੋਣ ਕਰ ਕੇ ਉਨ੍ਹਾਂ ਦੇ ਰੇਸ਼ਮੀ ਕੱਪੜਿਆਂ ਤੇ ਚਿੱਕੜ ਦੀਆਂ ਛਿੱਟਾਂ ਪੈ ਗਈਆਂ, ਪਰ ਉਨ੍ਹਾਂ ਨੇ ਕੋਈ ਪਰਵਾਹ ਨਾ ਕੀਤੀ। ਜਦ ਘਰ ਪਹੁੰਚੇ ਤਾਂ ਮਾਤਾ ਜੀ ਨੇ ਦੇਖਿਆ ਕਿ ਉਨ੍ਹਾਂ ਦੇ ਕੱਪੜੇ ਚਿੱਕੜ ਦੀਆਂ ਛਿੱਟਾਂ ਪੈ ਕੇ ਖਰਾਬ ਹੋ ਗਏ ਹਨ। ਉਹ ਬੋਲੇ, 'ਉਥੋਂ ਕੋਈ ਕਾਮਾ ਲੱਭ ਲੈਂਦੇ। ਇਸ ਵਿਚਾਰੇ ਦੇ ਕੱਪੜੇ ਕਿਉਂ ਖਰਾਬ ਕੀਤੇ ਨੇ, ਨਾਲ ਹੀ ਇਤਨੀ ਭਾਰੀ ਪੰਡ ਚੁਕਾਈ ਨੇ।' ਅੱਗੋਂ ਝੱਟ ਗੁਰੂ ਜੀ ਬੋਲੇ, 'ਇਸ ਦੇ ਕੱਪੜਿਆਂ ਤੇ ਇਹ ਚਿੱਕੜ ਦੀਆਂ ਛਿੱਟਾਂ ਨਹੀਂ , ਇਹ ਤਾਂ ਕੇਸਰ ਦੀਆਂ ਤਰੌਂਕੀਆਂ ਛਿੱਟਾਂ ਨੇ। ਇਹ ਜੋ ਘਾਹ ਦੀ ਪੰਡ ਤੁਹਾਨੂੰ ਦਿਸ ਰਹੀ ਹੈ, ਇਹ ਇਸ ਦੇ ਸਿਰ ਤੇ ਛਤਰ ਹੈ । ਇਸ ਨੇ ਤਾਂ ਦੀਨ-ਦੁਨੀਆਂ ਦਾ ਭਾਰ ਸਿਰ ਤੇ ਉਠਾਉਣਾ ਹੈ।'

ਸੋ ਇਸ ਤਰ੍ਹਾਂ ਸ੍ਰੀ ਲਹਿਣਾ ਜੀ ਨੇ ਆਪਣਾ ਤਨ ਤੇ ਮਨ ਗੁਰੂ-ਅਰਪਣ ਕਰ ਦਿੱਤੇ। ਹਰ ਵੇਲੇ ਹੁਕਮ ਮੰਨਣ ਦੀ ਤਾਂਘ ਵਿਚ ਰਹਿੰਦੇ, ਨਾ ਕੋਈ ਉਜਰ ਕਰਦੇ ਨਾ ਹੀ ਸਵਾਲ-ਜਵਾਬ ਕਰਦੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਦੋਹਾਂ ਸਪੁੱਤਰਾਂ ਬਾਬਾ ਸਿਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਦੀ ਕਈ ਵਾਰ ਪ੍ਰੀਖਿਆ ਕੀਤੀ, ਪਰ ਉਹ ਪ੍ਰੀਖਿਆ ਵਿਚ ਪੂਰੇ ਨਾ ਉਤਰੇ। ਪਰ ਸ੍ਰੀ ਲਹਿਣਾ ਜੀ ਹਰ ਪ੍ਰੀਖਿਆ ਵਿਚ ਪੂਰੇ ਸਾਬਤ ਹੋਏ। ਇਸੇ ਤਰ੍ਹਾਂ ਸੇਵਾ ਕਰਦਿਆਂ ਕੁਝ ਸਮਾਂ ਬਤੀਤ ਕਰ ਕੇ, ਗੁਰੂ

ਨਾਨਕ ਦੇਵ ਜੀ ਦੀ ਆਗਿਆ ਲੈ ਕੇ ਸ੍ਰੀ ਲਹਿਣਾ ਜੀ ਆਪਣੇ ਪਰਿਵਾਰ ਪਾਸ ਸੰਘਰ ਆ ਗਏ। ਕੁਝ ਸਮੇਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਸੰਘਰ ਆਏ ਅਤੇ ਸ੍ਰੀ ਲਹਿਣਾ ਜੀ ਨੂੰ ਆਪਣੇ ਨਾਲ ਕਰਤਾਰਪੁਰ ਲੈ ਆਏ।

ਸ੍ਰੀ ਲਹਿਣਾ ਜੀ ਦੀ ਬੜੀ ਕਰੜੀ ਪ੍ਰੀਖਿਆ ਹੋਣ ਲੱਗੀ ਤੇ ਕਿਤਨਾ ਚਿਰ ਹੁੰਦੀ ਰਹੀ। ਇਕ ਵਾਰ ਅੱਧੀ ਰਾਤ ਵੇਲੇ ਗੁਰੂ ਜੀ ਨੇ ਬਾਬਾ ਸ੍ਰੀ ਚੰਦ ਜੀ ਨੂੰ ਕਿਹਾ, 'ਸਾਡੇ ਬਿਸਤਰ ਧੋ ਲਿਆਓ।' ਉਨ੍ਹਾਂ ਨੇ ਨਾਂਹ ਕਰ ਦਿੱਤੀ। ਫ਼ਿਰ ਬਾਬਾ ਲਖਮੀ ਦਾਸ ਜੀ ਵੱਲ ਵੇਖਿਆ, ਉਨ੍ਹਾਂ ਵੀ ਹਾਮੀ ਨਾ ਭਰੀ। ਦੋਨੋਂ ਸਪੁੱਤਰਾਂ ਨੇ ਕਿਹਾ, 'ਅੱਧੀ ਰਾਤ ਵੇਲੇ ਕੱਪੜੇ ਨਹੀਂ ਧੁਲਦੇ, ਸਵੇਰੇ ਕਿਸੇ ਸੇਵਾਦਾਰ ਤੋਂ ਧੁਆ ਲੈਣੇ।' ਗੁਰੂ ਜੀ ਨੇ ਲਹਿਣਾ ਜੀ ਵੱਲ ਤੱਕਿਆ ਤੇ ਫ਼ੁਰਮਾਇਆ, 'ਤੁਸੀਂ ਨਦੀ ਤੇ ਜਾ ਕੇ ਸਾਡੇ ਕੱਪੜੇ ਧੋ ਲਿਆਓ।' ਸ੍ਰੀ ਲਹਿਣਾ ਜੀ ਸਤਿ ਬਚਨ ਆਖ ਕੇ ਕੱਪੜੇ ਲੈ ਕੇ ਨਦੀ ਵੱਲ ਤੁਰ ਪਏ। ਸ੍ਰੀ ਲਹਿਣਾ ਜੀ ਰਾਵੀ ਨਦੀ ਤੇ ਜਾ ਕੇ ਕੱਪੜੇ ਧੋ ਲਿਆਏ।

ਫ਼ਿਰ ਇਕ ਵਾਰੀ ਗੁਰੂ ਜੀ ਕਿਤਿਓਂ ਆ ਰਹੇ ਸਨ। ਆਪ ਜੀ ਦੇ ਹੱਥਾਂ ਵਿਚ ਕਾਂਸੇ ਦਾ ਇਕ ਕਟੋਰਾ ਸੀ ਜੋ ਉਨ੍ਹਾਂ ਨੇ ਇਕ ਟੋਏ ਵਿਚ ਸੁੱਟ ਦਿੱਤਾ। ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ ਜੀ ਨੂੰ ਵਾਰੀ-ਵਾਰੀ ਟੋਏ ਵਿਚੋਂ ਕਟੋਰਾ ਕੱਢਣ ਲਈ ਕਿਹਾ। ਉਨ੍ਹਾਂ ਦੋਹਾਂ ਨੇ ਇਨਕਾਰ ਕਰ ਦਿੱਤਾ ਤੇ ਆਖਿਆ, 'ਇਹ ਕੰਮ ਸਾਡਾ ਨਹੀਂ, ਕੋਈ ਕਾਮਾ ਆਏਗਾ ਤਾਂ ਗੰਦੇ ਟੋਏ ਵਿਚੋਂ ਕਟੋਰਾ ਕੱਢ ਲਿਆਏਗਾ। ਗੁਰੂ ਜੀ ਨੇ ਸ੍ਰੀ ਲਹਿਣਾ ਜੀ ਵੱਲ ਨਜ਼ਰ ਕੀਤੀ। ਉਹ ਜਿਵੇਂ ਪਹਿਲਾਂ ਹੀ ਤਿਆਰ ਸਨ। ਝੱਟ ਕਪੜਿਆਂ ਸਮੇਤ ਟੋਏ ਵਿਚ ਛਾਲ ਮਾਰ ਕੇ ਕਟੋਰਾ ਕੱਢ ਲਿਆਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਹੋਰ ਕੌਤਕ ਰਚਿਆ। ਇਕ ਕੁੱਤਾ ਅਤੇ ਦੋ ਕੁੱਤੀਆਂ ਨਾਲ ਲੈ ਕੇ, ਇਕ ਹੱਥ ਛੁਰਾ ਤੇ ਇਕ ਹੱਥ ਸੋਟਾ, ਯਾਚਕ ਰੂਪ ਬਣਾ ਕੇ ਜੰਗਲ ਵੱਲ ਤੁਰ ਪਏ। ਜੋ ਵੀ ਅੱਗੇ ਆਉਂਦਾ, ਉਸ ਵੱਲ ਸੋਟਾ ਉਲਾਰ ਦੇਂਦੇ। ਸੇਵਕ-ਸਿਖ ਸਭ ਡਰ ਗਏ। ਉਸ ਵੇਲੇ ਦੋ ਜਹਾਨ ਦੇ ਵਾਲੀ ਨੂੰ ਕਈਆਂ ਨੇ ਭੂਤਨਾ ਆਖਿਆ ਤੇ ਕਈਆਂ ਨੇ ਬੇਤਾਲਾ।

**ਮਾਰੂ ਮਹਲਾ ੧॥**
**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ**
**ਕੋਈ ਆਖੈ ਆਦਮੀ ਨਾਨਕੁ ਵੇਚਾਰਾ॥੧॥**

**(ਅੰਗ ੯੯੧)**

ਬੜੀ ਔਖੀ ਕਸਵੱਟੀ ਸੀ। ਸਭ ਨੱਸ ਗਏ। ਪਰ ਭਾਈ ਲਹਿਣਾ ਜੀ ਨੇ ਸਿਦਕ ਨਾ ਛਡਿਆ। ਸਿਰਫ਼ ਭਾਈ ਲਹਿਣਾ ਜੀ ਹੀ ਹਰ ਪ੍ਰੀਖਿਆ ਵਿਚ ਪੂਰੇ ਉਤਰਦੇ ਰਹੇ।

ਸੋ ਇਸ ਤਰ੍ਹਾਂ ਹੋਰ ਵੀ ਅਨੇਕਾਂ ਇਮਤਿਹਾਨਾਂ 'ਚੋਂ ਤਲੰਘਦੇ ਹੋਏ ਸ੍ਰੀ ਲਹਿਣਾ ਜੀ ਗੁਰੂ ਨਾਨਕ ਜੀ ਦੇ ਅਨਿੰਨ ਸੇਵਕ ਬਣੇ ਰਹੇ। ਸਿੱਖ ਸੰਗਤਾਂ ਵਿਚ ਵੀ ਇਹ ਪੱਕਾ ਨਿਸ਼ਚਾ ਹੋ ਗਿਆ ਕਿ ਸ੍ਰੀ ਲਹਿਣਾ ਜੀ ਨਿਸ਼ਕਾਮ ਸੇਵਾ ਤੇ ਘਾਲ ਕਮਾਈ ਵਿਚ ਸਭ ਤੋਂ ਅੱਗੇ ਹਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੇਵਕ ਆਗਿਆ ਪਾਲਣ ਵਾਲੇ, ਹੁਕਮ ਨੂੰ ਸਿਰ-ਮੱਥੇ ਤੇ ਸਵੀਕਾਰ ਕਰਨ ਵਾਲੇ ਹੀ ਗੁਰ-ਗੱਦੀ ਦੀ ਜ਼ਿੰਮੇਦਾਰੀ ਨੂੰ ਨਿਭਾ ਸਕਣਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਲਹਿਣਾ ਜੀ ਨੂੰ ਅੰਗ ਨਾਲ ਲਗਾ ਕੇ (ਗੁਰੂ) ਅੰਗਦ ਬਣਾ ਦਿੱਤਾ। ਜਿਨ੍ਹਾਂ ਬਾਰੇ ਭਾਈ ਸ਼ਾਹਿਬ ਭਾਈ ਗੁਰਦਾਸ ਜੀ ਵਾਰ 24 ਪਉੜੀ 8ਵੀਂ ਵਿਚ ਲਿਖਦੇ ਹਨ :

**ਗੁਰ ਅੰਗਦੁ ਗੁਰੁ ਅੰਗੁ ਤੇ**
**ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।**
**ਜੋਤੀ ਜੋਤਿ ਜਗਾਈਅਨੁ**
**ਦੀਵੇ ਤੋਂ ਜਿਉ ਦੀਵਾ ਬਲਿਆ।**
**ਹੀਰੈ ਹੀਰਾ ਬੇਧਿਆ ਛਲ ਕਰਿ**
**ਅਛਲੀ ਅਛਲੁ ਛਲਿਆ।**
**ਕੋਈ ਬੁਝਿ ਨ ਹੰਘਈ**
**ਪਾਣੀ ਅੰਦਰਿ ਪਾਣੀ ਰਲਿਆ।**
**ਸਚਾ ਸਚੁ ਸੁਹਾਵੜਾ**
**ਸਚੁ ਅੰਦਰਿ ਸਚੁ ਸਚਹੁ ਢਲਿਆ।**
**ਨਿਹਚਲੁ ਸਚਾ ਤਖਤੁ ਹੈ**
**ਅਬਿਚਲ ਰਾਜ ਨ ਹਲੈ ਹਲਿਆ।**
**ਸਚ ਸਬਦੁ ਗੁਰਿ ਸਉਪਿਆ**
**ਸਚ ਟਕਸਾਲਹੁ ਸਿਕਾ ਚਲਿਆ।**
**ਸਿਧ ਨਾਥ ਅਵਤਾਰ ਸਭ**
**ਹਥ ਜੋੜਿਕੈ ਹੋਏ ਖਲਿਆ।**
**ਸਚਾ ਹੁਕਮੁ ਸੁ ਅਟਲੁ ਨ ਟਲਿਆ॥੮॥**

ਇਸ ਤਰ੍ਹਾਂ ਜੋਤ ਵੀ ਉਹੀ, ਜੁਗਤ ਵੀ ਉਹੀ, ਬੱਸ ਕਾਇਆ ਹੀ ਪਲਟ ਗਈ।

ਸ੍ਰੀ ਗੁਰੂ ਨਾਨਕ ਦੇਵ ਨੇ ਆਪਣੇ ਦੋਹਾਂ ਸਪੁੱਤਰਾਂ ਨੂੰ

ਛੱਡ ਨਿਰੰਜਨੀ ਛਤ੍ਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਿਰ ਤੇ ਰੱਖ ਦਿੱਤਾ। ਸੰਮਤ 1596 ਮੁਤਾਬਕ 17 ਸਿਤੰਬਰ ਸੰਨ 1539 ਈਸਵੀ ਨੂੰ ਸਾਰੀ ਸੰਗਤ ਦੀ ਹਾਜਰੀ ਵਿਚ ਸ੍ਰੀ ਲਹਿਣਾ ਜੀ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਮੱਥਾ ਟੇਕਿਆ। ਬਾਬਾ ਬੁੱਢਾ ਜੀ ਨੇ ਤਿਲਕ ਦੀ ਰਸਮ ਪੂਰੀ ਕਰਵਾਈ । ਸੰਗਤਾਂ ਪ੍ਰਤੀ ਹੁਕਮ ਕੀਤਾ,'ਹੁਣ ਗੁਰੂ ਅੰਗਦ ਜੀ ਨੂੰ ਗੁਰੂ ਜਾਣਨਾ, ਮੇਰੇ ਵਿਚ ਤੇ ਅੰਗਦ ਵਿਚ ਭੇਦ ਨਹੀਂ ਸਮਝਣਾ।' ਸਾਰੀ ਸੰਗਤ ਨੇ ਗੁਰੂ ਅੰਗਦ ਦੇਵ ਜੀ ਨੂੰ ਸੀਸ ਝੁਕਾਇਆ।

ਜਦ ਮਾਤਾ ਜੀ (ਮਾਤਾ ਸੁਲੱਖਣੀ ਜੀ) ਨੂੰ ਪਤਾ ਲੱਗਾ ਗੁਰਿਆਈ ਦੀ ਗੱਦੀ ਤੋਂ ਮੇਰੇ ਸਪੁੱਤਰ ਵਾਂਝੇ ਰਹਿ ਗਏ ਹਨ ਤਾਂ ਹੱਥ ਜੋੜ ਕੇ ਬੇਨਤੀ ਕੀਤੀ,'ਸੱਚੇ ਪਾਤਸ਼ਾਹ। ਇਹ ਕੀ ਖੇਡ ਵਰਤਾਈ ਹੈ ਤੁਸੀਂ।' ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ,'ਇਹ ਗੁਰਤਾ ਦੀ ਗੱਦੀ ਤਾਂ ਸ੍ਰਿਸ਼ਟੀ ਦਾ ਭਾਰ ਹੈ। ਇਹ ਤਾਂ ਸੇਵਾ ਅਤੇ ਨਿਮ੍ਰਤਾ ਦੀ ਵਸਤੂ ਹੈ। ਤੁਹਾਡੇ ਸਪੁੱਤਰਾਂ ਨੂੰ ਘਾਟਾ ਕਿਸੇ ਗੱਲ ਦਾ ਨਹੀਂ ਹੋਣ ਲੱਗਾ। ਦੌਲਤ ਇਨ੍ਹਾਂ ਦੇ ਪਿਛੇ ਫ਼ਿਰੇਗੀ।' ਪਰ ਬਾਬਾ ਸਿਰੀ ਚੰਦ ਤੇ ਲਖਮੀ ਦਾਸ ਗੁਰੂ ਅੰਗਦ ਜੀ ਨਾਲ ਵਿਰੋਧ ਕਰਨ ਲੱਗ ਪਏ। ਤਦ ਗੁਰੂ ਨਾਨਕ ਦੇਵ ਜੀ ਦਾ ਹੁਕਮ ਮੰਨ ਕੇ ਆਪ (ਗੁਰੂ ਅੰਗਦ ਦੇਵ ਜੀ) ਖਡੂਰ ਚਲੇ ਗਏ। ਸ਼ਰਧਾਵਾਨ ਸਿੱਖ-ਸੰਗਤਾਂ ਖਡੂਰ ਸਾਹਿਬ ਗੁਰੂ ਦੇ ਦਰਸ਼ਨਾਂ ਨੂੰ ਆਉਣ ਲੱਗ ਪਈਆਂ। ਇੱਥੇ ਰਹਿੰਦਿਆਂ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰਾਂ ਦੀ ਸਿਖਲਾਈ ਲਈ ਪਾਠਸ਼ਾਲਾ ਦਾ ਪ੍ਰਬੰਧ ਕੀਤਾ।

ਗੁਰੂ ਅੰਗਦ ਦੇਵ ਜੀ ਸੇਵਾ, ਸਿਮਰਨ, ਖਿਮਾਂ ਤੇ ਸਹਿਣਸ਼ੀਲਤਾ ਦੇ ਪੁੰਜ ਸਨ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਚਲਾਈ ਪਰੰਪਰਾ ਨੂੰ ਕਾਇਮ ਰੱਖਿਆ। ਆਪ ਸਭ ਨੂੰ ਪਿਆਰਦੇ ਅਤੇ ਸਤਿਕਾਰਦੇ ਰਹੇ। ਆਪ ਜੀ ਦੇ ਸਿਧਾਂਤ ਸਾਰੀ ਮਨੁੱਖਤਾ ਅਤੇ ਮਾਨਵਤਾ ਲਈ ਰੋਸ਼ਨ ਮੁਨਾਰੇ ਬਣੇ। ਜਿਨ੍ਹਾਂ ਦੇ ਬਾਰੇ ਰਾਇ ਬਲਵੰਡ ਤਥਾ ਸਤੈ ਡੂਮ ਨੇ ਇੰਜ ਲਿਖਿਆ ਹੈ।

**ਰਾਮਕਲੀ ਕੀ ਵਾਰ**
**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥**
**ਜੋਤਿ ਓਹਾ ਜੁਗਤਿ ਸਾਇ**
**ਸਹਿ ਕਾਇਆ ਫੇਰਿ ਪਲਟੀਐ॥**
**ਝੁਲੈ ਸੁ ਛਤੁ ਨਿਰੰਜਨੀ**
**ਮਲਿ ਤਖਤੁ ਬੈਠਾ ਗੁਰ ਹਟੀਐ॥**
**ਕਰਹਿ ਜਿ ਗੁਰ ਫੁਰਮਾਇਆ**
**ਸਿਲ ਜੋਗੁ ਅਲੂਣੀ ਚਟੀਐ॥**
**ਲੰਗਰ ਚਲੈ ਗੁਰ ਸਬਦਿ**
**ਹਰਿ ਤੋਟਿ ਨ ਆਵੀ ਖਟੀਐ॥**
**ਖਰਚੇ ਦਿਤਿ ਖਸੰਮ ਦੀ**
**ਆਪ ਖਹਦੀ ਖੈਰਿ ਦਬਟੀਐ॥**
**ਹੋਵੈ ਸਿਫ਼ਤ ਖਸੰਮ ਦੀ**
**ਨੂਰੁ ਅਰਸਹੁ ਕੁਰਸਹੁ ਝਟੀਐ॥**
**ਤੁਧੁ ਡਿਠੇ ਸਚੇ ਪਾਤਿਸਾਹ**
**ਮਲੁ ਜਨਮ ਜਨਮ ਦੀ ਕਟੀਐ॥**

ਆਪ ਜੀ 1 ਮਾਰਚ 1552 ਈਸਵੀ ਨੂੰ ਖਡੂਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ।

***


- ਬੀਬਾ ਮਨਪ੍ਰੀਤ ਕੌਰ
ਜੇ-7/14, ਰਾਜੌਰੀ ਗਾਰਡਨ, ਨਵੀਂ ਦਿੱਲੀ-110027
ਮੋਬਾਈਲ : 8929201405






# ਭਾਈ ਗੁਰਦਾਸ ਜੀ

ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਿੱਖ ਜਗਤ ਦੇ ਦੋ ਅਜਿਹੇ ਆਦਰਯੋਗ ਨਾਮ ਹਨ, ਜਿਨ੍ਹਾਂ ਨੇ ਬਚਪਨ ਤੋਂ ਹੀ ਸਾਰੀ ਉਮਰ ਖ਼ੁਦ ਨੂੰ ਗੁਰੂ ਘਰ ਨਾਲ ਸਿਰਫ ਜੋੜੀ ਹੀ ਨਹੀਂ ਰੱਖਿਆ, ਸਗੋਂ ਜੀਵਨ ਹੀ, ਗੁਰੂ ਘਰ ਦੀ ਨਿਸ਼ਕਾਮ ਸੇਵਾ ਨੂੰ ਅਰਪਿਤ ਕਰ ਦਿੱਤਾ। ਭਾਈ ਗੁਰਦਾਸ ਜੀ ਨੂੰ ਤੀਸਰੀ ਪਾਤਿਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਤੋਂ ਲੈ ਕੇ ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਤਕ, ਚਾਰ ਗੁਰੂ ਸਾਹਿਬਾਨ ਦੀ ਨੇੜਤਾ ਵਿਚ ਵਿਚਰਣ ਅਤੇ ਸੰਗਤ ਮਾਣ ਕੇ ਜੀਵਨ-ਜਾਚ ਅਤੇ ਸਿੱਖੀ ਫਲਸਫਾ ਸਿੱਖਣ ਦਾ ਸੁਭਾਗ ਪ੍ਰਾਪਤ ਹੋਇਆ।

15ਵੀਂ ਅਤੇ ਸੋਲ੍ਹਵੀਂ ਸਦੀ ਵਿਚ, ਸਿੱਖ ਇਤਿਹਾਸਕਾਰਾਂ ਦੀ ਘਾਟ ਕਾਰਨ, ਹੋਰ ਅਨੇਕਾਂ ਸਿੱਖ ਸ਼ਹੀਦਾਂ, ਸੂਰਮਿਆਂ ਅਤੇ ਵਿਦਵਾਨਾਂ ਵਾਂਗ ਭਾਈ ਗੁਰਦਾਸ ਜੀ ਦੇ ਜੀਵਨ ਬਿਉਰੇ ਨਾਲ ਵੀ ਅਨੇਕਾਂ ਕਿੰਤੂ-ਪ੍ਰੰਤੂ ਜੁੜੇ ਹੋਏ ਹਨ। ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਭਾਈ ਗੁਰਦਾਸ ਜੀ ਦਾ ਜਨਮ ਸਾਲ ਬਿਕ੍ਰਮੀ ਸੰਮਤ 1603 (ਸੰਨ 1546 ਈਸਵੀ) ਵਿਚ, ਸ੍ਰੀ ਗੁਰੂ ਅਮਰਦਾਸ ਜੀ ਦੇ ਛੋਟੇ ਭਰਾ ਭਾਈ ਦਾਤਾਰ ਚੰਦ ਜੀ ਦੇ ਘਰ, ਬਾਸਰਕੇ ਪਿੰਡ ਵਿਖੇ ਹੋਇਆ, ਜਦਕਿ ਪ੍ਰੋਫੈਸਰ ਸੰਤ ਸਿੰਘ ਸੇਖੋਂ ਭਾਈ ਗੁਰਦਾਸ ਜੀ ਦਾ ਜਨਮ ਪਿੰਡ ਗਿਲਵਾਲੀ ਮੰਨਦੇ ਹਨ। (ਪੁਸਤਕ ਭਾਈ ਗੁਰਦਾਸ-ਪੰਨਾ 9-ਲੇਖਕ ਮਹਿੰਦਰ ਸਿੰਘ ਜੋਸ਼ੀ)

ਭਾਈ ਰਣਧੀਰ ਸਿੰਘ ਜੀ ਅਤੇ ਹੋਰ ਕਈ ਵਿਦਵਾਨ ਆਪ ਜੀ ਦਾ ਜਨਮ ਗੋਇੰਦਵਾਲ ਸਾਹਿਬ ਵਿਖੇ ਹੋਇਆ ਮੰਨਦੇ ਹਨ। ਭਾਈ ਗੁਰਦਾਸ ਜੀ ਦੀ, ਜਨਮ ਤਾਰੀਖ ਅਤੇ ਬਚਪਨ ਦੇ ਹਾਲਾਤ ਕਿਸੇ ਲਿਖਤ ਚੋਂ ਪ੍ਰਾਪਤ ਨਹੀਂ ਹੁੰਦੇ ਸਿਵਾਏ ਇਸ ਤੱਥ ਦੇ ਕਿ ਛੋਟੀ ਉਮਰ ਵਿਚ, ਮਾਤਾ-ਪਿਤਾ ਦੇ ਸਵਰਗਵਾਸ ਹੋ ਜਾਣ ਕਾਰਨ ਭਾਈ ਗੁਰਦਾਸ ਜੀ ਦੀ ਪਾਲਣਾ ਸ੍ਰੀ ਗੁਰੂ

ਅਮਰਦਾਸ ਜੀ ਦੀ ਦੇਖ-ਰੇਖ ਅਤੇ ਪ੍ਰਭਾਵ ਹੇਠ, ਜ਼ਾਹਿਰ ਹੈ ਗੋਇੰਦਵਾਲ ਸਾਹਿਬ ਵਿਖੇ ਹੋਈ।

ਸ਼ੇਰਸ਼ਾਹ ਸੂਰੀ ਦੁਆਰਾ ਪੱਕੇ ਕੀਤੇ ਸ਼ਾਹਰਾਹ ਦੀ ਪਤੱਣ ਤੇ ਗੋਂਦੇ ਮਰਵਾਹੇ ਦੀ ਜ਼ਮੀਨ ਸੀ। ਇਸ ਜ਼ਮੀਨ ਦੇ ਇੱਕ ਨਗਰ ਵਸਾਉਣ ਦੀ ਮਨਸ਼ਾ ਨਾਲ ਗੋਂਦਾ, ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ ਸੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਆਦੇਸ਼ ਤੇ, ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਸੰਮਤ 1606 ਬਿ: ਵਿਚ ਵਸਾਇਆ ਅਤੇ ਆਪਣੇ ਪਰਿਵਾਰ ਸਮੇਤ ਇੱਥੇ ਹੀ ਆ ਵੱਸੇ ਸਨ। ਛੋਟੀ ਉਮਰ ਵਿਚ ਮਾਤਾ-ਪਿਤਾ ਦਾ ਸਾਇਆ ਸਿਰ ਤੋਂ ਉਠ ਜਾਣ ਕਾਰਨ, ਗੁਰਦਾਸ ਜੀ ਦੀ ਪਾਲਣਾ ਸ੍ਰੀ ਗੁਰੂ ਅਮਰਦਾਸ ਜੀ ਦੀ ਦੇਖ-ਰੇਖ ਵਿਚ ਹੋਈ, ਭਾਈ ਗੁਰਦਾਸ ਜੀ ਨੇ ਗੁਰਸਿੱਖੀ ਜੀਵਨ ਦੇ ਗੁਣਾਂ ਦੇ ਨਾਲ, ਪੰਜਾਬੀ, ਹਿੰਦੀ, ਅਤੇ ਉਨ੍ਹਾਂ ਸਮਿਆਂ ਦੀ ਸਰਕਾਰੀ ਭਾਸ਼ਾ ਪਰਸ਼ੀਅਨ ਦਾ ਗਿਆਨ ਗੋਇੰਦਵਾਲ ਸਾਹਿਬ ਵਿਖੇ ਹੀ ਪ੍ਰਾਪਤ ਕੀਤਾ। ਕਿਹਾ ਜਾਂਦਾ ਹੈ ਕਿ ਗੋਇੰਦਵਾਲ ਸਾਹਿਬ ਸ਼ਾਹਰਾਹ ਤੇ ਆਬਾਦ ਹੋਣ ਕਾਰਨ, ਹੋਰ ਮੱਤਾਂ ਦੇ ਗੁਣਵਾਨਾਂ ਦੀ ਦਿਲਚਸਪੀ ਦਾ ਕੇਂਦਰ ਵੀ ਬਣ ਗਿਆ ਸੀ। ਸੁਭਾਵਕ ਹੈ ਕਿ ਭਾਈ ਗੁਰਦਾਸ ਜੀ ਨੇ ਵੀ ਆਪਣੀ ਜਿਗਿਆਸਾ ਕਾਰਨ, ਹੋਰ ਅਨੇਕਾਂ ਮੱਤਾਂ ਦੇ ਗੁਣਵਾਨਾਂ ਦੇ ਵਿਚਾਰਾਂ ਨੂੰ ਧਿਆਨ ਨਾਲ ਸੁਣਿਆ ਤੇ ਆਪਣੇ ਲੂੰ ਲੂੰ ਵਿਚ ਵਸਾ ਲਿਆ। ਫਿਰ, ਆਪਣੇ ਜੀਵਨ ਵਿਚ ਹੰਢਾ ਕੇ, ਆਪਣੀਆਂ ਰਚਨਾਵਾਂ ਕਰਨ ਸਮੇਂ ਅਲੰਕਾਰਾਂ ਅਤੇ ਉਪਮਾਂਵਾਂ ਨਾਲ ਵਧੇਰੇ ਪ੍ਰਭਾਵਸ਼ਾਲੀ ਬਣਾਇਆ।

ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ, ਛੋਟੀ ਉਮਰ ਵਿਚ ਹੀ ਗੁਰੂ ਘਰ ਨਾਲ ਜੁੜਨ ਕਾਰਨ, ਭਾਈ ਗੁਰਦਾਸ ਜੀ ਦੇ ਵਿਚਾਰਾਂ ਵਿਚ ਗੁਰੂ ਘਰਾਂ ਨਾਲ ਜੁੜੀ ਮਰਿਯਾਦਾ ਅਤੇ ਸਿੱਖੀ ਦੇ ੁਵਿਚਾਰਾਂ ਦੀ ਪਾਹ ਮੁਢਲੀ ਉਮਰ ਵਿਚ ਹੀ ਲੱਗ ਜਾਣੀ ਕੁਦਰਤੀ ਸੰਜੋਗ ਕਿਹਾ ਜਾ ਸਕਦਾ ਹੈ। ਸੰਸਕ੍ਰਿਤ ਅਤੇ ਹਿੰਦੂ ਧਰਮ ਗ੍ਰੰਥਾਂ ਦੀ ਮੁਢਲੀ ਵਿਦਿਆ ਆਪ ਨੇ ਗੋਇੰਦਵਾਲ ਵਿਰਾਜਨ ਤੇ ਠਹਿਰਣ ਵਾਲੇ ਗੁਣਵਾਨਾਂ ਤੋਂ ਗ੍ਰਿਹਣ ਕੀਤੀ। ਸੰਸਕ੍ਰਿਤ ਦੇ ਵਿਆਕਰਣ ਅਤੇ ਵਧੇਰੇ ਜਾਣਕਾਰੀ ਆਪ ਜੀ ਨੇ ਬਨਾਰਸ ਵਿਖੇ ਗ੍ਰਿਹਣ ਕੀਤੀ। ਭਾਈ ਗੁਰਦਾਸ ਜੀ ਦਾ ਛੋਟੀ ਉਮਰ ਤੋਂ ਹੀ ਕਵਿਤਾ ਲਿਖਣ ਵੱਲ ਝੁਕਾ ਹੋ ਜਾਣਾ ਵੀ ਕੁਦਰਤੀ ਸੰਜੋਗ ਸੀ। ਕੁਦਰਤ ਦੀ ਇਸ ਅਮੁੱਲੀ ਦੇਣ ਕਾਰਨ ਹੀ ਭਾਈ ਗੁਰਦਾਸ ਜੀ ਦੀ ਅਲੰਕਾਰਾਂ ਅਤੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ 'ਵਾਰਾਂ' ਦੀ ਰਚਨਾ ਆਤਮ-ਮਾਰਗੀਆਂ ਦੀ ਅਗਵਾਈ ਕਰਦੀ ਆ ਰਹੀ ਹੈ।

ਗੁਰਮਤਿ ਵਿਦਿਆ ਦੇ ਜਾਣਕਾਰ ਹੋਣ ਕਾਰਨ, ਪ੍ਰਚਾਰ ਦੇ ਯੋਗ ਜਾਣ ਕੇ, ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਗੁਰਦਾਸ ਜੀ ਨੂੰ ਚੰਬੇ ਅਤੇ ਜੰਮੂ ਦੇ ਪਹਾੜੀ ਇਲਾਕਿਆਂ ਵਿਚ ਸਿੱਖੀ ਦੇ ਪ੍ਰਚਾਰ ਲਈ ਘੱਲਿਆ ਸੀ। ਜਦੋਂ ਤਕ ਭਾਈ ਗੁਰਦਾਸ ਜੀ ਪਰਚਾਰ ਦੌਰੇ ਤੋਂ ਗੋਇੰਦਵਾਲ ਸਾਹਿਬ ਵਾਪਿਸ ਆਏ ਤਦ ਤਕ, ਸ੍ਰੀ ਗੁਰੂ ਅਮਰਦਾਸ ਜੀ ਜੋਤੀ-ਜੋਤ ਸਮਾ ਚੁੱਕੇ ਸਨ। ਸ੍ਰੀ ਗੁਰੂ ਰਾਮਦਾਸ ਜੀ ਦੇ ਸੁਭਾ ਅਤੇ ਸੇਵਾ ਭਾਵਨਾ ਦੇ ਅਸਰ ਹੇਠ, ਭਾਈ ਗੁਰਦਾਸ ਜੀ ਤੇ ਸਿੱਖੀ ਦੀ ਪਾਣ ਹੋਰ ਵੀ ਚੜਦੀ ਗਈ। ਸ੍ਰੀ ਗੁਰੂ ਰਾਮਦਾਸ ਜੀ ਦੇ ਆਦੇਸ਼ ਤੇ ਭਾਈ ਗੁਰਦਾਸ ਜੀ, ਇੱਕ ਵਾਰ ਫਿਰ ਆਗਰਾ ਅਤੇ ਆਸ ਪਾਸ ਦੇ ਸ਼ਹਿਰਾਂ ਵਿਚ, ਸਿੱਖੀ ਦਾ ਪ੍ਰਚਾਰ ਕਰਨ ਦੀ ਜ਼ੁੰਮੇਵਾਰੀ ਨਿਭਾਉਣ ਲਈ ਰਾਜ਼ੀ ਹੋ ਗਏ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਦੇ ਸਮੇਂ ਆਪ ਆਗਰਾ ਵਿਖੇ ਹੀ ਸਨ।

ਸ੍ਰੀ ਗੁਰੂ ਅਰਜਨ ਸਾਹਿਬ ਦੀ ਗੁਰਿਆਈ ਦੇ ਮੁਢਲਿਆਂ ਸਮਿਆਂ ਵਿਚ, ਅੰਮ੍ਰਿਤਸਰ ਸਾਹਿਬ ਦੀ ਆਮਦਨ, ਜ਼ਮੀਨ ਤੇ ਖੂਹਾਂ ਦੀ ਪੈਦਾਵਾਰ ਦੇ ਨਾਲ ਸੰਗਤਾਂ ਵੱਲੋਂ ਆਣ ਵਾਲਾ ਚੜ੍ਹਾਵਾ, ਲੰਗਰ ਵਾਸਤੇ ਆਈ ਵਸਤ ਵੀ ਮਸੰਦਾਂ ਦੀ ਮਦਦ ਨਾਲ ਪ੍ਰਿਥੀ ਚੰਦ ਕਬਜ਼ਾ ਕਰ ਕੇ ਸੰਗਤਾਂ ਨੂੰ ਲੰਗਰ-ਪਾਣੀ ਲਈ ਗੁਰੂ ਦੇ ਲੰਗਰ ਵਿਚ ਭੇਜ ਦਿੰਦਾ ਸੀ। ਇਸ ਦੇ ਸਿੱਟੇ ਵੱਜੋਂ, ਗੁਰੂ ਅਰਜਨ ਸਾਹਿਬ ਦੇ ਸਾਹਮਣੇ ਵੱਡਾ ਸੰਕਟ ਆ ਖੜਾ ਹੋਇਆ। ਮਾਇਆ ਅਤੇ ਰਸਦ ਦੀ ਥੁੜ੍ਹ ਕਾਰਨ, ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਸਾਹਿਬ ਅਤੇ ਮਾਤਾ ਜੀ ਅਨੇਕਾਂ ਵਾਰ ਛੋਲੇ ਚੱਬ ਕੇ ਅਤੇ ਕਈ ਵੇਰਾਂ ਤਾਂ ਭੁੱਖਿਆਂ ਹੀ ਦਿਨ ਗੁਜ਼ਾਰ ਕੇ ਵੀ ਅਡੋਲ ਰਹਿੰਦੇ ਪਰ ਆਪਣੇ ਵੱਡੇ ਭਰਾ ਬਾਰੇ ਇੱਕ ਸ਼ਬਦ ਵੀ ਮੂਹੋਂ ਨਾ ਕਹਿੰਦੇ।

ਅੰਮ੍ਰਿਤਸਰ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਦੁਆਰਾ ਗੁਰਗੱਦੀ ਹੱਥਿਆਣ ਦੇ ਜਤਨਾਂ ਵਿਚ ਵਾਧਾ ਅਤੇ ਖੁਦ ਨੂੰ ਗੁਰੂ ਕਹਾਉਣ ਦੇ ਭੁਲੇਖੇ ਪਾਉਣ ਵਰਗੇ ਜਤਨਾਂ ਦੀ ਜਾਣਕਾਰੀ ਪ੍ਰਾਪਤ ਹੁੰਦਿਆਂ ਭਾਈ ਗੁਰਦਾਸ ਜੀ ਆਗਰਾ ਤੋਂ ਅੰਮ੍ਰਿਤਸਰ ਪਰਤ ਆਏ। ਅੰਮ੍ਰਿਤਸਰ ਵਿਖੇ, ਗੁਰੂ ਕੇ ਲੰਗਰ ਦੀ ਹਾਲਤ ਨੂੰ ਦੇਖ ਕੇ ਭਾਈ ਗੁਰਦਾਸ ਜੀ ਦਾ ਹਿਰਦਾ ਦੁਖੀ ਹੋ ਉਠਿਆ। ਪ੍ਰਿਥੀ ਚੰਦ ਦੀਆਂ ਕੋਸ਼ਿਸ਼ਾਂ ਨੂੰ ਨਾਕਾਮਿਆਬ ਕਰਨ ਲਈ ਭਾਈ ਗੁਰਦਾਸ ਜੀ ਨੇ ਬਾਬਾ ਬੁੱਢਾ ਜੀ, ਭਾਈ ਸਾਹਲੋਂ ਜੀ, ਭਾਈ ਪੈੜਾ ਜੀ ਆਦਿ ਸਿੱਖਾਂ ਨਾਲ ਸਲਾਹ ਕਰ ਕੇ, ਵਿਗੜਦੀ ਹਾਲਤ ਨੂੰ ਸੁਧਾਰਨ ਅਤੇ ਸੰਗਤਾਂ ਨੂੰ ਗੁਮਰਾਹ ਹੋਣ ਤੋਂ ਬਚਾਉਣ ਲਈ, ਪ੍ਰਿਥੀ ਚੰਦ ਅਤੇ ਮਸੰਦਾਂ

ਦੇ ਕੁਜਤਨਾਂ ਨੂੰ ਨਿਸ਼ਫ਼ਲ ਕਰਨ ਦਾ ਬੀੜਾ ਉਠਾ ਲਿਆ।

ਭਾਈ ਗੁਰਦਾਸ ਜੀ ਨੇ ਗੁਰਦਵਾਰਾ ਪਿਪਲੀ ਸਾਹਿਬ ਅਤੇ ਬਾਬਾ ਬੁੱਢਾ ਜੀ, ਭਾਈ ਸਾਹਲੋਂ ਜੀ, ਅਤੇ ਭਾਈ ਪੈੜਾ ਜੀ ਨੇ ਵੀ ਅੰਮ੍ਰਿਤਸਰ ਨੂੰ ਆਉਣ ਵਾਲੇ ਰਾਹਾਂ ਤੇ ਪ੍ਰਿਥੀ ਚੰਦ ਦਿਆਂ ਮਸੰਦਾਂ ਦੇ ਸਾਹਮਣੇ ਡੇਰੇ ਲਗਾ ਲਏ। ਇਹ ਸਿਦਕੀ ਸਿੱਖ, ਗੁਰੂ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਦੀ ਦਸਾਂ ਨੌਹਾਂ ਦੀ ਕਮਾਈ ਨੂੰ ਗਲਤ-ਪਾਸੇ ਜਾਣ ਤੋਂ ਰੋਕਣ ਲਈ, ਪ੍ਰਿਥੀ ਚੰਦ ਦੁਆਰਾ ਕੀਤੀਆਂ ਜਾਣ ਵਾਲੀਆਂ ਧਾਂਦਲੀਆਂ ਤੋਂ ਜਾਣੂ ਕਰਵਾਉਣ ਅਤੇ ਸਚਾਈ ਦਸਣ ਲਈ ਇਕ ਮਜ਼ਬੂਤ ਕੰਧ ਬਣ ਕੇ ਖੜੇ ਹੋ ਗਏ। ਸੰਗਤਾਂ ਨੂੰ ਸਚਾਈ ਪਤਾ ਚਲਣ ਤੇ ਨਾ ਸਿਰਫ ਪ੍ਰਿਥੀ ਚੰਦ ਦਾ ਪ੍ਰਭਾਵ ਘਟਣ ਲੱਗਾ ਤੇ ਗੁਰੂ ਅਰਜਨ ਸਾਹਿਬ ਦਾ ਪਰਤਾਪ ਦਿਨੋ-ਦਿਨ ਵਧਦਾ ਗਿਆ। ਫਿਰ ਉਹ ਸਮਾਂ ਵੀ ਆਇਆ ਜਦੋਂ, ਨਵੀਂ ਉਸਾਰੀ ਦਿਆਂ ਕੰਮਾ ਲਈ ਮਾਇਆ ਦੀ ਥੋੜ੍ਹ ਵੀ ਨਾ ਰਹੀ। ਮਾਇਆ ਦੇ ਚੱਕਰ ਵਿਚ ਫਸੇ ਪ੍ਰਿਥੀਚੰਦ ਨੇ ਜਦੋਂ, ਸ੍ਰੀ ਗੁਰੂ ਅਰਜਨ ਸਾਹਿਬ ਦੇ ਮੁਕਾਬਲੇ ਵਿਚ ਵਖਰੀ ਗੱਦੀ ਕਾਇਮ ਕਰ ਲਈ, ਉਸ ਨੇ ਹਿਮਾਇਤੀਆਂ ਅਤੇ ਸਿੱਖ ਸੰਗਤਾਂ ਨੂੰ ਗੁਮਰਾਹ ਅਤੇ ਆਪਣੇ ਵਸ ਵਿਚ ਕਰਨ ਲਈ, ਪਹਿਲਾਂ ਤੋਂ ਹੀ ਕੁਝ ਬਾਣੀ ਦੇ ਉਲੱਥੇ ਕਰਵਾ ਰੱਖੇ ਸਨ। ਆਪਣੇ ਪੁੱਤਰ ਮਿਹਰਬਾਨ ਰਾਹੀਂ 'ਨਾਨਕ' ਨਾਮ ਹੇਠਾਂ ਕੁਝ ਕਵਿਤਾਵਾਂ ਲਿਖਵਾ ਕੇ ਆਪਣੇ ਗੁਰੂ ਹੋਣ ਦਾ ਪ੍ਰਭਾਵ ਪਾਣਾ ਆਰੰਭ ਕਰ ਦਿੱਤਾ।

ਇਤਿਹਾਸਕਾਰਾਂ ਦਾ ਖ਼ਿਆਲ ਹੈ ਅਜਿਹੇ ਸਮੇਂ ਸ੍ਰੀ ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਗੁਰੂ ਨਾਨਕ ਸਾਹਿਬ ਦੀਆਂ ਬਦਲਦੀਆਂ ਜੋਤਾਂ ਦੀ ਬਾਣੀ ਨੂੰ ਪ੍ਰਿਥੀ ਚੰਦ ਅਤੇ ਉਸ ਦੇ ਪੁੱਤਰ ਮਿਹਰਬਾਨ ਦੁਆਰਾ ਅਪਵਿੱਤਰ ਕਰਨ ਤੋਂ ਬਚਾਉਣ ਲਈ ਧਰਮ ਗ੍ਰੰਥ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਸਾਹਿਬ) ਦੇ ਸੰਕਲਨ ਕਰਨ ਦਾ ਸਹੀ ਸਮਾਂ ਜਾਣਿਆ। ਭਾਈ ਗੁਰਦਾਸ ਜੀ ਦੀ ਵਿਦਵਤਾ ਅਤੇ ਗੁਰਸਿੱਖੀ ਵਾਲੀ ਬਿਰਤੀ ਨੂੰ ਜਾਣਦਿਆਂ, ਸ੍ਰੀ ਗੁਰੂ ਅਰਜਨ ਸਾਹਿਬ ਨੇ ਪੋਥੀ ਸਾਹਿਬ ਦੇ ਸੰਕਲਨ ਦਾ ਕੰਮ ਭਾਈ ਸਾਹਿਬ ਨੂੰ ਸੌਂਪਣ ਦਾ ਫੈਸਲਾ ਕਰ ਲਿਆ। ਪੋਥੀ ਸਾਹਿਬ ਦੀ ਲਿਖਾਈ ਦਾ ਕੰਮ ਆਰੰਭ ਕਰਨ ਤੋਂ ਪਹਿਲਾਂ, ਸ੍ਰੀ ਗੁਰੂ ਅਰਜਨ ਸਾਹਿਬ ਨੇ ਭਾਈ ਗੁਰਦਾਸ ਜੀ ਨੂੰ ਸੰਸਕ੍ਰਿਤ ਭਾਸ਼ਾ ਅਤੇ ਵਿਆਕਰਨ ਦਾ ਗਿਆਨ ਪ੍ਰਾਪਤ ਕਰਨ ਲਈ ਬਨਾਰਸ ਭੇਜਣ ਦਾ ਫ਼ੈਸਲਾ ਲਿਆ। ਭਾਈ ਗੁਰਦਾਸ ਜੀ ਕਾਸ਼ੀ ਵਿਖੇ ਜਿੱਥੇ ਸੰਸਕ੍ਰਿਤ ਭਾਸ਼ਾ ਅਤੇ ਵਿਆਕਰਨ ਦਾ ਗਿਆਨ ਪ੍ਰਾਪਤ ਕਰਦੇ, ਵਾਧੂ ਸਮੇਂ ਵਿਚ ਸਿੱਖੀ ਦਾ ਪ੍ਰਚਾਰ ਵੀ ਕਰਦੇ।

ਬਨਾਰਸ ਤੋਂ ਵਾਪਿਸ ਆ ਕੇ ਭਾਈ ਗੁਰਦਾਸ ਜੀ, ਅੰਮ੍ਰਿਤਸਰ ਵਿਚ ਰਾਮਸਰ ਵਾਲੇ ਰਮਣੀਕ ਹਰਿਆਲੀ ਵਿਚ ਬੈਠ ਕੇ, ਗੁਰੂ ਅਰਜਨ ਸਾਹਿਬ ਦੀ ਵਿਉਂਤ ਅਨੁਸਾਰ ਬਾਣੀ ਨੂੰ ਤਰਤੀਬ ਦੇਣ ਵਿਚ ਜੁੜ ਗਏ। ਬਾਣੀ ਨੂੰ ਤਰਤੀਬ ਦੇਣ ਦਾ ਕੰਮ ਸੰਪੂਰਨ ਹੋਣ ਤੋਂ ਬਾਅਦ, ਸੰਨ 1601 ਈਸਵੀ ਵਿੱਚ 'ਆਦਿ ਗ੍ਰੰਥ'(ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਪਹਿਲੀ ਪੋਥੀ ਦਾ ਸੰਕਲਨ ਕਰਨਾ ਆਰੰਭ ਕੀਤਾ। ਗੁਰੂ ਅਰਜਨ ਸਾਹਿਬ ਦੀ ਨਿਗਰਾਨੀ ਤੇ ਮੌਜੂਦਗੀ ਵਿਚ ਪੋਥੀ ਸਾਹਿਬ ਦੀ ਲਿਖਾਈ ਭਾਈ ਗੁਰਦਾਸ ਜੀ ਨੇ ਪੂਰਨ ਲਗਨ ਨਾਲ ਆਪਣੀ ਕਲਮ ਨਾਲ ਕੀਤੀ।

ਭਾਈ ਗੁਰਦਾਸ ਜੀ ਦੀ ਹਸਤ ਲਿਖਤ ਆਦਿ ਗ੍ਰੰਥ/ਪੋਥੀ ਸਾਹਿਬ ਦਾ ਸੰਪਾਦਨ ਸੰਨ 1604 ਈਸਵੀ ਵਿਚ ਸੰਪੂਰਨ ਰੂਪ ਵਿਚ ਸੰਪੰਨ ਹੋਇਆ, ਜੋ ਭਾਈ ਗੁਰਦਾਸ ਜੀ ਦੁਆਰਾ ਪੰਥ ਦੀ ਮਹਾਨ ਸੇਵਾ ਦੀ ਪ੍ਰਤੀਕ ਹੈ। ਆਦਿ ਗ੍ਰੰਥ/ਪੋਥੀ ਸਾਹਿਬ ਦੇ ਰੂਪ ਵਿਚ, ਸਿੱਖ ਧਰਮ ਦੇ ਮੁੱਢਲੇ ਸਿਧਾਂਤ 'ਸ਼ਬਦ ਗੁਰੂ' ਨੂੰ **"ਪੋਥੀ ਪਰਮੇਸਰ ਕਾ ਥਾਨੁ॥"** ਸ਼ਬਦਾਂ ਵਿਚ ਪ੍ਰਮੇਸ਼ਵਰ ਦਾ ਸਥਾਨ ਦਿੱਤਾ। ਅਜਿਹੇ ਪ੍ਰਮੇਸ਼ਵਰ ਦੇ ਵਿਰਾਜਨ(ਪ੍ਰਕਾਸ਼)ਲਈ, ਹਰਿਮੰਦਰ ਸਾਹਿਬ ਦੀ ਸਾਜਨਾ ਕੀਤੀ ਗਈ। ਭਾਦਰੋਂ ਵਦੀ 1, 1661 ਬਿ: ਨੂੰ ਪੋਥੀ ਸਾਹਿਬ ਦਾ ਸੰਕਲਨ ਸੰਪੂਰਨ ਹੋਣ ਤੇ, ਰਾਮਸਰ ਤੋਂ ਨਗਰ ਕੀਰਤਨ ਦੀ ਸ਼ਕਲ ਵਿਚ ਹਰਿਮੰਦਰ ਸਾਹਿਬ ਲਿਆ ਕੇ ਪੋਥੀ ਸਾਹਿਬ ਦੇ ਰੂਪ ਵਿਚ ਪ੍ਰਮੇਸ਼ਵਰ ਦਾ ਸ੍ਰੀ ਹਰਿਮੰਦਰ ਸਾਹਿਬ ਵਿਚ ਪਹਿਲਾ ਪ੍ਰਕਾਸ਼ ਪਹਿਲੀ ਸਤੰਬਰ ਸੰਨ 1604 ਈਸਵੀ ਨੂੰ ਕੀਤਾ ਗਿਆ।

ਸ੍ਰੀ ਗੁਰੂ ਅਰਜਨ ਸਾਹਿਬ ਨੇ ਪੋਥੀ ਸਾਹਿਬ ਵਿਚ ਸ਼ਾਮਿਲ ਕਰਨ ਲਈ 15 ਭਗਤਾਂ, 11 ਭੱਟਾਂ ਅਤੇ ਤਿੰਨ ਗੁਰਸਿੱਖਾਂ ਦੀ ਰਚੀ ਬਾਣੀ ਵਿਚ, ਹਿੰਦੂ, ਸਿੱਖ, ਮੁਸਲਮਾਨ ਭਗਤਾਂ ਵਿੱਚ ਕੋਈ ਵਿਤਕਰਾ ਨਹੀਂ ਕੀਤਾ। ਪੋਥੀ ਸਾਹਿਬ ਵਿਚ ਸ਼ਾਮਿਲ ਕਰਨ ਲਈ ਕੇਵਲ ਉਹ ਸ਼ਬਦ ਹੀ ਪਰਵਾਨ ਕੀਤੇ, ਜੋ ਆਤਮਿਕ ਅਨੁਭਵ, ਹਕੀਕੀ ਭਗਤੀ ਅਤੇ ਸੱਚ ਦੀ ਰਾਹ ਦਾ ਗਿਆਨ ਦਿੰਦੇ ਹਨ। (ਭਗਤ ਕਬੀਰ ਜੀ) ਦਿਆਂ ਸ਼ਬਦਾਂ ਵਿਚ ਬ੍ਰਹਮ ਵਿਚਾਰ (ਅਕਾਲਪੁਰੱਖ ਦਾ ਗਿਆਨ) ਦੀ ਸੋਝੀ ਦਿੰਦੇ ਹਨ। ਜਿਨ੍ਹਾਂ ਸ਼ਬਦਾਂ ਵਿਚ ਪ੍ਰਭੂ (ਅਕਾਲ ਪੁਰੱਖ) ਦੇ ਭਾਣੇ ਅੱਗੇ ਸਮਰਪਣ ਹੈ। ਇਸ ਤਰ੍ਹਾਂ ਪੋਥੀ ਸਾਹਿਬ ਵਿਚਲੀ ਬਾਣੀ, ਵਿਚਾਰਾਂ ਦੀ ਅਨੇਕਤਾ ਦੇ ਬਾਵਜੂਦ **"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ"** ਉਦੇਸ਼ ਜਾਂ ਮੰਤਵ ਦੀ ਏਕਤਾ ਦਾ ਸੰਦੇਸ਼ ਦਿੰਦੀ ਹੈ। ਸੱਚ ਦੇ ਪਾਂਧੀ ਨੂੰ, ਇੱਕ ਦੋਸਤ ਵਾਂਗ ਉਂਗਲੀ ਪਕੜ ਕੇ ਮੰਜ਼ਲ ਦਿਖਾਂਦੀ ਹੈ।

ਭਾਈ ਗੁਰਦਾਸ ਜੀ ਦੀ ਗੁਰੂ ਘਰ ਵਿਚ ਅਹਿਮੀਅਤ

ਇਸੇ ਤੱਥ ਤੋਂ ਜਾਣੀ ਜਾ ਸਕਦੀ ਹੈ ਕਿ ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਲਹੌਰ ਜਾਣ ਲਈ ਤਿਆਰ ਹੋਏ ਤਾਂ, ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਉਮਰ 11 ਸਾਲ ਸੀ। ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਅਰਜਨ ਸਾਹਿਬ ਨੇ, ਬੇਮੁੱਖਾਂ ਦੇ ਸਾਹਮਣੇ ਓਹਲਾ ਬਣਾਏ ਰੱਖਣ ਲਈ, ਸ੍ਰੀ (ਗੁਰੂ) ਹਰਿਗੋਬਿੰਦ ਜੀ ਦੀ ਬਾਂਹ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦਿਆਂ ਹੱਥਾਂ ਵਿਚ ਪਕੜਾ ਕੇ ਧਿਆਨ ਰੱਖਣ ਦੀ ਤਾਕੀਦ ਕੀਤੀ ਸੀ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦੋਹਾਂ ਵਿਦਵਾਨਾਂ ਦੇ ਸੁਝਾ ਕਾਰਨ ਹੀ ਉਸ ਸਮੇਂ, ਮੁਗ਼ਲ ਦਰਬਾਰ ਨਾਲ ਸਿੱਧੀ ਟੱਕਰ ਲੈਣ ਦੀ ਥਾਂ, ਗੁਰੂ ਹਰਿਗੋਬਿੰਦ ਜੀ ਨੇ ਵਡਾਲੀ ਪਿੰਡ ਜਾਣ ਦਾ ਨਿਰਣਾ ਲਿਆ ਸੀ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਗੁਰੂ ਘਰ ਪ੍ਰਤੀ ਵਿਸ਼ਵਾਸ ਅਤੇ ਅਨੁਭਵ ਨੂੰ ਜਾਣਨ ਕਾਰਨ, ਵਡਾਲੀ ਤੋਂ ਵਾਪਿਸ ਆਉਂਦਿਆਂ ਹੀ ਅਕਾਲ ਬੁੰਗਾ ਦੀ ਉਸਾਰੀ ਦਾ ਕੰਮ ਕੇਵਲ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੇ ਹੱਥੀਂ ਸੰਪੰਨ ਕਰਵਾਇਆ। ਭਾਈ ਗੁਰਦਾਸ ਜੀ ਨੇ ਅਕਾਲਬੁੰਗਾ ਦੀ ਉਸਾਰੀ ਸਮੇਂ ਗਾਰਾ ਬਣਾਉਣ ਤੇ ਗਾਰੇ ਦਾ ਤਸਲਾ ਸਿਰ ਤੇ ਚੁਕ ਕੇ ਲਿਆਉਣ ਦੀ ਸੇਵਾ ਨਿਭਾਈ। ਅਕਾਲਬੁੰਗਾ (ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਉਸਾਰੀ ਸੰਪੰਨ ਹੋਣ ਮਗਰੋਂ, ਸ੍ਰੀ ਗੁਰੂ ਹਰਿਗੋਬਿੰਦ ਜੀ ਤਖ਼ਤ ਤੇ ਵਿਰਾਜਮਾਨ ਹੋ ਕੇ ਆਪਣੇ ਸ਼ਰਧਾਲੂਆਂ ਦੀ ਫ਼ਰਿਆਦਾਂ ਸੁਣਦੇ ਤੇ ਫ਼ੈਸਲੇ ਸੁਣਾਉਂਦੇ ਸਨ।

ਭਾਈ ਗੁਰਦਾਸ ਜੀ ਨੂੰ ਨਿਤ-ਪ੍ਰਤੀ ਦੇ ਕੰਮ ਕਰਦਿਆਂ ਦੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਭਾਈ ਗੁਰਦਾਸ ਜੀ ਦੀਆਂ ਸਿਆਣਪਾਂ ਦਾ ਭਲੀ ਪ੍ਰਕਾਰ ਅੰਦਾਜ਼ਾ ਲਗਾ ਲਿਆ ਸੀ, ਇਸੇ ਲਈ, ਜਹਾਂਗੀਰ ਦੇ ਬੁਲਾਵੇ ਤੇ ਗਵਾਲੀਅਰ ਨੂੰ ਜਾਣ ਲਗਿਆਂ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਭਾਈ ਗੁਰਦਾਸ ਜੀ ਨੂੰ ਅਕਾਲਬੁੰਗਾ (ਸ੍ਰੀ ਅਕਾਲ ਤਖ਼ਤ ਸਾਹਿਬ) ਦਾ ਨਿਗਰਾਨ ਜੱਥੇਦਾਰ/"ਕਾਰਜ-ਭਾਰੀ ਮੁੱਖ ਸੇਵਕ" ਦੇ ਕਰਤਵ ਨਿਭਾਉਣ ਦੀ ਸੇਵਾ ਸੌਂਪੀ ਸੀ। ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਗਵਾਲੀਅਰ ਤੋਂ ਵਾਪਸੀ ਤੇ, ਗੁਰੂ ਜੀ ਦੇ ਆਦੇਸ਼ ਅਨੁਸਾਰ, ਭਾਈ ਗੁਰਦਾਸ ਜੀ ਨੇ ਵੱਖ ਵੱਖ ਥਾਵਾਂ ਤੇ ਕਾਫ਼ੀ ਸਮਾਂ ਸਿੱਖੀ ਦਾ ਪ੍ਰਚਾਰ ਕੀਤਾ।

ਭਾਈ ਗੁਰਦਾਸ ਜੀ ਆਪ ਉੱਚ ਕੋਟੀ ਦੇ ਕਵੀ ਸਨ। ਭਾਈ ਸਾਹਿਬ ਦੀ ਕਾਵਿ ਰਚਨਾਵਾਂ 'ਵਾਰਾਂ' ਅਤੇ 'ਕਬਿਤ ਸਵਯੇ' ਦੇ ਨਾਮ ਨਾਲ ਜਾਣੀਆਂ ਜਾਂਦੀਆਂ ਹਨ। ਜਿਨ੍ਹਾਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਹਾਉਣ ਦਾ ਮਾਣ ਪ੍ਰਾਪਤ ਹੈ। ਭਾਈ ਗੁਰਦਾਸ ਜੀ ਨੇ ਬ੍ਰਿਜ ਭਾਸ਼ਾ ਵਿਚ 556 ਕਬਿੱਤ ਸਵਈਏ ਰਚਨ ਕੀਤੇ। ਪੰਜਾਬੀ ਵਿਚ 40 ਵਾਰਾਂ (ਵਾਰਾਂ ਗਿਆਨ ਰਤਨਾਵਲੀ) ਦਾ ਸੰਗ੍ਰਹਿ ਤਿਆਰ ਕਰਵਾਇਆ। ਇਨ੍ਹਾਂ ਵਾਰਾਂ ਵਿਚ 913 ਪਉੜੀਆਂ ਅਤੇ 3444 ਪੰਕਤੀਆਂ ਹਨ। ਕੁੱਲ ਸ਼ਬਦ 46166 ਆਏ ਹਨ।" ਲੇਖ ਭਾਈ ਗੁਰਦਾਸ ਜੀ-ਲੇਖਕ ਜਤਿੰਦਰਪਾਲ ਸਿੰਘ ਨਰੂਲਾ-ਮਾਸਿਕ ਸੀਸਗੰਜ ਅਗਸਤ 2021 ਈਸਵੀ)

ਭਾਈ ਗੁਰਦਾਸ ਜੀ ਨੇ ਤੀਜੀ ਪਾਤਸ਼ਾਹੀ ਤੋਂ ਛੇਵੀਂ ਪਾਤਸ਼ਾਹੀ ਤੀਕ ਦੇ ਸਮਿਆਂ ਵਿਚ ਸਤਿਗੁਰਾਂ ਦੀ ਹਜ਼ੂਰੀ ਦਾ ਰਸ ਮਾਣਿਆ। ਵਡੇਰੀ ਉਮਰ ਵਿਚ ਭਾਈ ਗੁਰਦਾਸ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ ਪਾਸੋਂ ਇਜਾਜ਼ਤ ਲੈ ਕੇ ਗੋਇੰਦਵਾਲ ਸਾਹਿਬ ਨਿਵਾਸ ਕਰ ਕੇ ਭਜਨ ਬੰਦਗੀ ਵਿਚ ਸਮਾਂ ਗੁਜ਼ਾਰਨ ਲੱਗੇ। ਭਾਦਰੋਂ ਸੁਦੀ 8, ਸੰਮਤ 1694 (9 ਸਤੰਬਰ ਸੰਨ 1637 ਈਸਵੀ ਨੂੰ, ਮਾਸਿਕ ਸੀਸਗੰਜ, 2021) 90 ਸਾਲ ਦੀ ਉਮਰ ਭੋਗ ਕੇ ਭਾਈ ਗੁਰਦਾਸ ਜੀ ਦਾ ਦਿਹਾਂਤ ਹੋਇਆ। (ਮਾਸਿਕ ਸੀਸ ਗੰਜ ਅਗਸਤ ਸੰਨ 2021 ਈਸਵੀ) ਗੁਰੂ ਘਰ ਪ੍ਰਤੀ ਭਾਈ ਗੁਰਦਾਸ ਜੀ ਦੀਆਂ ਸੇਵਾਵਾਂ ਦੇ ਸਤਿਕਾਰ ਵਿਚ, ਭਾਈ ਗੁਰਦਾਸ ਜੀ ਦੇ ਅੰਤਿਮ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਗੋਇੰਦਵਾਲ ਵਿਰਾਜੇ ਅਤੇ ਭਾਈ ਗੁਰਦਾਸ ਜੀ ਦੇ ਸਸਕਾਰ ਦੀ ਰਸਮ ਆਪਣੇ ਕਰ-ਕਮਲਾਂ ਨਾਲ ਨਿਭਾਈ।

❋❋❋

– ਰਜਿੰਦਰ ਸਿੰਘ ਜੌਲੀ

ਫ਼ੋਨ : 703-327-1528

**: ਚੰਦੇ ਦਾ ਵੇਰਵਾ :**

| | |
|---|---|
| ਭੇਟਾ ਇੱਕ ਕਾਪੀ | 5/- ਰੁਪਏ |
| ਸਾਲਾਨਾ ਚੰਦਾ ਦੇਸ਼ | 50/- ਰੁਪਏ |
| ਲਾਈਫ਼ ਮੈਂਬਰ ਦੇਸ਼ | 500/- ਰੁਪਏ |
| ਸਾਲਾਨਾ ਚੰਦਾ ਵਿਦੇਸ਼ | 500/- ਰੁਪਏ |
| ਲਾਈਫ਼ ਮੈਂਬਰ ਵਿਦੇਸ਼ | 5000/- ਰੁਪਏ |

**: ਚੰਦੇ ਭੇਜਣ ਦਾ ਪਤਾ :**

**ਜਨਰਲ ਮੈਨੇਜਰ**
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-110001.

ਨੋਟ : ਚੈਕ 'Delhi Sikh Gurdwara Management Committee' ਦੇ ਨਾਮ 'ਤੇ ਬਣਾਏ ਜਾਣ।



# ਸਿੱਖ ਧਰਮ ਵਿੱਚ ਸ਼ਸਤਰਾਂ ਦੀ ਮਹਾਨਤਾ

ਸਿੱਖ ਧਰਮ ਦਾ ਪਿਛੋਕੜ ਭਾਵੇਂ ਬਹੁਤ ਲੰਮੇ ਸਮੇਂ ਦਾ ਨਹੀਂ ਪਰੰਤੂ ਫਿਰ ਵੀ ਇਸ ਦੇ ਇਤਿਹਾਸ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਨੂੰ ਆਪਣੇ ਧਰਮ ਅਸਥਾਨਾਂ, ਧਰਮ ਗ੍ਰੰਥਾਂ ਅਤੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਸਿਰਫ਼ ਜਦੋ-ਜਹਿਦ ਹੀ ਨਹੀਂ ਕਰਨੀ ਪਈ ਸਗੋਂ ਕੁਰਬਾਨੀਆਂ ਭੀ ਦੇਣੀਆਂ ਪਈਆਂ। ਸਿੱਖ ਧਰਮ ਦੀ ਨਵੀਂ ਜੀਵਨ ਜਾਂਚ ਅਤੇ ਕਲਿਆਣਕਾਰੀ ਅਸੂਲ ਆਪਣੇ ਸਮੇਂ ਲਈ ਇਕ ਕ੍ਰਾਂਤੀ ਸੀ, ਨਵੀਂ ਸੇਧ ਸੀ। ਜਿਸ ਨੂੰ ਸਮਕਾਲੀ ਬੋਦੀਆਂ ਧਾਰਮਕ ਪਰੰਪਰਾਵਾਂ ਸਹਾਰ ਨਾ ਸਕੀਆਂ। ਕੱਟੜ ਜਾਬਰ ਅਤੇ ਜ਼ੁਲਮ ਕਰਨ ਵਾਲੀ ਮੁਗ਼ਲ ਹਕੂਮਤ ਵੀ ਇਸ ਨੂੰ ਆਪਣੇ ਰਾਹ ਵਿੱਚ ਇਕ ਵੱਡੀ ਰੁਕਾਵਟ ਸਮਝਦੀ ਸੀ। ਨਤੀਜੇ ਵਜੋਂ ਇਸ ਨੂੰ ਅੰਦਰੂਨੀ ਅਤੇ ਬਾਹਰੀ ਸਾਰੀਆਂ ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨਾ ਪਿਆ।

ਸਮਕਾਲੀ, ਧਾਰਮਕ ਅਤੇ ਰਾਜਨੀਤਕ ਵਿਰੋਧੀ ਤਾਕਤਾਂ ਨੇ ਇਸ ਨੂੰ ਖ਼ਤਮ ਕਰਨ ਲਈ ਸਾਰੇ ਹਥਿਆਰ ਵਰਤੇ। ਇਹ ਸਾਰੀ ਜਦੋ-ਜਹਿਦ ਇਸ ਨਵ-ਜਨਮੇਂ ਧਰਮ ਨੂੰ ਖ਼ਤਮ ਕਰਨੋਂ ਅਸਫਲ ਰਹੀ। ਇਸ ਟੱਕਰ ਨਾਲ ਸਿੱਖ ਧਰਮ ਵਿੱਚ ਹੋਰ ਮਜ਼ਬੂਤੀ ਆਈ ਤੇ ਇਸ ਨੂੰ ਹਥਿਆਰ ਚੁੱਕਣ ਲਈ ਮਜ਼ਬੂਰ ਕਰ ਦਿੱਤਾ। "ਸ਼ਾਂਤਮਈ ਭਗਤੀ ਭਾਵਨਾ ਦੀ ਲਹਿਰ ਦੇ ਨਾਲ ਨਾਲ ਸ਼ਕਤੀ ਦਾ ਸੰਚਾਰ ਹੋਇਆ। ਸੰਤ ਦੇ ਨਾਲ ਸਿਪਾਹੀ ਬਣਨਾ ਪਿਆ ਅਤੇ ਮਾਲਾ ਦੇ ਨਾਲ ਤਲਵਾਰ ਫੜਨੀ ਪਈ। ਇਸ ਮੀਰੀ ਤੇ ਪੀਰੀ ਦੇ ਸਿੱਧਾਂਤ ਨੇ ਕਈ ਇਤਿਹਾਸਕਾਰਾਂ ਨੂੰ ਭੁਲੇਖੇ ਵਿੱਚ ਭੀ ਪਾ ਦਿੱਤਾ। ਨਤੀਜੇ ਵਜੋਂ ਇਨ੍ਹਾਂ ਇਤਿਹਾਸਕਾਰਾਂ ਨੇ ਇਸ ਨੂੰ ਰਾਜਸੀ ਸਤਾ ਪ੍ਰਾਪਤੀ ਲਹਿਰ ਦਾ ਨਾਂ ਦਿੱਤਾ।

ਹਰ ਇਕ ਕੌਮ ਦੇ ਮੁੱਖ ਤੌਰ ਤੇ ਦੋ ਪਹਿਲੂ ਹੁੰਦੇ ਹਨ। ਇਕ ਤਾਂ ਇਸ ਦਾ ਵਿਰਸਾ ਦੂਸਰਾ ਸਮਕਾਲੀ ਵਾਤਾਵਰਨ। ਸਿੱਖ ਧਰਮ ਦਾ ਮੁੱਢ ਗੁਰੂ ਨਾਨਕ (1469-1539) ਨਾਲ ਬੱਝਾ। ਗੁਰੂ ਨਾਨਕ ਮਿਸ਼ਨ ਦੇ ਮੂਲਕ ਸਿਧਾਂਤ ਸਮਕਾਲੀ ਧਾਰਮਕ ਅਤੇ ਰਾਜਨੀਤਕ ਗ਼ਲਤ ਕੀਮਤਾਂ ਲਈ ਚੈਲੰਜ ਸੀ, ਇਕ ਕ੍ਰਾਂਤੀ ਸੀ, ਇਕ ਪਰਿਵਰਤਨ ਸੀ। ਗੁਰੂ ਨਾਨਕ ਦਾ ਧਰਮ ਇਕ ਜੀਵਨ-ਜਾਂਚ ਹੈ। ਜੀਉ ਅਤੇ ਜੀਉਣ ਦਿਉ ਦੇ ਸਿੱਧਾਂਤ ਨੂੰ ਦ੍ਰਿੜ ਕਰਾਉਂਦਾ ਹੈ।

ਸਿੱਖ ਇਕ ਬਹਾਦਰ ਕੌਮ ਹੈ। ਬੀਰਤਾ, ਚੜ੍ਹਦੀ ਕਲਾ ਅਤੇ ਅਣਖ ਨਾਲ ਜ਼ਿੰਦਗੀ ਜੀਉਣਾ ਇਸ ਦਾ ਬੁਨਿਆਦੀ ਗੁਣ ਹੀ ਨਹੀਂ ਸਗੋਂ ਜਨਮ-ਸਿੱਧ ਅਧਿਕਾਰ ਭੀ ਹੈ। ਸ਼ਸਤ੍ਰ ਦੀ ਮਹਾਨਤਾ ਨੂੰ ਬਹਾਦਰ ਕੌਮਾਂ ਹੀ ਸਮਝ ਸਕਦੀਆਂ ਹਨ। ਸਿੱਖ ਅਤੇ ਸ਼ਸਤ੍ਰ ਦਾ ਅਨਿਖੜਵਾਂ ਸੰਬੰਧ ਹੈ। ਸ਼ਸਤ੍ਰ ਤੋਂ ਬਿਨਾਂ ਸਿੱਖ ਅਧੂਰਾ ਹੈ, ਸ਼ਸਤ੍ਰ ਸੋਭਦਾ ਭੀ ਸਿੰਘ ਦੇ ਹੱਥ ਵਿੱਚ ਹੈ । ਸ਼ਸਤ੍ਰ ਇਸ ਦਾ ਸ਼ਿੰਗਾਰ ਹੈ। ਬਚਪਨ ਤੋਂ ਹੀ ਜੰਗ ਯੁੱਧ ਇਸ ਦੇ ਹਿੱਸੇ ਆਏ, ਕੁਰਬਾਨੀਆਂ ਇਸ ਦੇ ਇਤਿਹਾਸ ਦਾ ਇਕ ਮਹੱਤਵਪੂਰਨ ਅੰਗ ਬਣ ਗਈਆਂ। ਇਸ ਜਦੋ-ਜਹਿਦ ਨੇ ਕੌਮ ਨੂੰ ਕਮਜ਼ੋਰ ਤਾਂ ਕੀ ਕਰਨਾ ਸੀ ਸਗੋਂ ਹੋਰ ਮਜ਼ਬੂਤੀ ਬਖਸ਼ੀ। ਇਸ ਦੇ ਬਹਾਦਰੀ ਭਰੇ ਕਾਰਨਾਮਿਆਂ ਨੂੰ ਸਿਰਫ਼ ਭਾਰਤੀ ਹੀ ਨਹੀਂ ਸਗੋਂ ਬਿਦੇਸ਼ੀ ਇਤਿਹਾਸਕਾਰਾਂ ਨੇ ਭੀ ਸਲਾਹਿਆ। ਇਸ ਕੌਮ ਦੀ ਬੀਰਤਾ ਸਿਰਫ਼ ਆਪਣੀ ਹੋਂਦ ਨੂੰ ਬਚਾਉਣ ਵਿੱਚ ਹੀ ਸਫ਼ਲ ਨਹੀਂ ਹੋਈ ਸਗੋਂ ਭਾਰਤੀ ਸਭਿਅਤਾ ਦੀ ਰਖਵਾਲੀ ਕਰਨ ਵਿੱਚ ਇੱਕ ਵੱਡਾ ਹਿੱਸਾ ਪਾਇਆ । ਇਹ ਯੋਗਦਾਨ ਸਿੱਖ ਕੌਮ ਲਈ ਇਕ ਬੜੇ ਗੌਰਵ ਦੀ ਗੱਲ ਹੈ।

ਇਸ ਸਿੱਧਾਂਤ ਦਾ ਅਸੀਂ ਪਹਿਲਾਂ ਸੰਕੇਤ ਮਾਤਰ ਜ਼ਿਕਰ ਕਰ ਆਏ ਹਾਂ ਕਿ ਸਿੱਖ ਕੌਮ ਨੇ ਸ਼ਸਤ੍ਰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਡੀਫੈਂਸ ਵਿੱਚ ਉਠਾਇਆ। ਦੂਸਰਾ ਇਸ ਦੇ ਸ਼ਸਤ੍ਰ ਉਠਾਉਣ ਦਾ ਮੰਤਵ ਕੋਈ ਰਾਜ-ਭਾਗ, ਤਾਜ-ਤਖਤ ਅਤੇ ਧਨ-ਦੌਲਤ ਪ੍ਰਾਪਤ ਕਰਨਾ ਨਹੀਂ ਸੀ ਅਤੇ ਨਾ ਹੀ ਕਿਸੇ ਹੋਰ ਲਾਲਚ ਨੂੰ ਸਾਹਮਣੇ ਰੱਖਿਆ ਸੀ। ਸ਼ਸਤ੍ਰ ਉਠਾਉਣ ਦਾ ਮੰਤਵ ਨਿਰੋਲ ਸੱਚ ਧਰਮ ਦੀ ਸਥਾਪਨਾ, ਗ਼ਰੀਬ ਅਤੇ ਮਜਲੂਮ ਦੀ ਰਖਸ਼ਾ ਅਤੇ ਜਾਬਰ ਅਤੇ ਜ਼ੁਲਮ ਦਾ ਨਾਸ਼ ਕਰਨਾ ਸੀ। ਇਹ ਪਰਉਪਕਾਰੀ ਕਦਮ ਅਤੇ ਨਿਸ਼ਾਨਾ ਬੜਾ ਉੱਚਾ ਤੇ ਸੁੱਚਾ ਸੀ ਇਸੇ ਲਈ ਇਸ ਵਿੱਚ ਸਫਲਤਾ ਯਕੀਨੀ ਅਤੇ ਸੁਭਾਵਕ ਸੀ।

ਸੂਰਬੀਰ ਦਾ ਕਰਤੱਵ ਹੈ ਕਿ ਮਜ਼ਲੂਮ ਦੀ ਰਖਸ਼ਾ ਕਰੋ। ਦੇਸ਼, ਕੌਮ ਦੀ ਰਾਜਨੀਤਕ, ਧਾਰਮਕ ਅਤੇ ਸਮਾਜਕ ਆਜ਼ਾਦੀ ਲਈ ਲੜੋ। ਮਨੂ ਸਿਮਰਤੀ ਵਿੱਚ ਜ਼ਿਕਰ ਆਇਆ ਹੈ ਕਿ ਕਸ਼ੱਤਰੀ ਦੇਸ਼ ਅਤੇ ਦੇਸ਼ ਵਾਸੀਆਂ ਦੀ ਰਖਸ਼ਾ ਕਰੋ। ਭਾਰਤੀ ਇਤਿਹਾਸ ਵਲ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇ ਸਮੇਂ ਇਹ ਬਹਾਦਰ ਕੌਮ ਆਪਣਾ ਕਰਤੱਵ ਭੁੱਲ ਗਈ ਸੀ। ਦੇਸ਼ ਰਸਾਤਲ ਵਲ ਜਾਣ ਲੱਗਾ। ਨਤੀਜੇ ਵਜੋਂ ਬਿਦੇਸ਼ੀ ਹਮਲਾਵਰ ਇਸ ਤੇ ਕਾਬਜ ਹੋ ਗਏ। ਮਹਾਂਭਾਰਤ ਵਿੱਚ ਆਇਆ ਹੈ :

"ਸੰਸਾਰ ਦੇ ਜੀਵ ਨਿਰਾਸ ਹੋ ਜਾਂਦੇ ਹਨ ਜਦੋਂ ਖੱਤਰੀ ਆਪਣਾ ਧਰਮ ਛੱਡ ਦਿੰਦੇ ਹਨ।" (ਮਹਾਂਭਾਰਤ ਸ਼ਾਂਤੀ ਪਰਵ)

ਭਾਰਤੀ ਸਭਿਅਤਾ ਦੀ ਇਸ ਨਿਘਰੀ ਹੋਈ ਹਾਲਤ ਦਾ ਜ਼ਿਕਰ ਗੁਰੂ ਨਾਨਕ ਨੇ ਆਪਣੀ ਬਾਣੀ ਅੰਦਰ ਭੀ ਕੀਤਾ ਹੈ। ਉਸ ਸਮੇਂ ਇਸ ਕਥਿਤ ਬਹਾਦਰ ਕੌਮ ਦੀ ਹਾਲਤ ਬੜੀ ਤਰਸਯੋਗ ਸੀ। ਗੁਰੂ ਜੀ ਨੇ ਅਜਿਹੇ ਡਰਪੋਕ ਲੋਕਾਂ ਨੂੰ ਲਾਹਨਤ ਪਾਈ ਅਤੇ ਕਿਹਾ :

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥**
**ਸ੍ਰਿਸਟ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥**
**(ਅੰਗ ੬੬੩)**

ਅਜਿਹੀ ਗੁਲਾਮੀ ਦੀ ਜ਼ਿੰਦਗੀ ਨੂੰ ਗੁਰੂ ਜੀ ਨੇ ਖਾਣਾ ਪੀਣਾ ਅਤੇ ਜੀਉਣਾ ਵਿਅੱਰਥ ਦੱਸਿਆ ਹੈ। ਹੇਠ ਲਿਖੇ ਸ਼ਬਦਾਂ ਅਨੁਸਾਰ :

**ਜੇ ਜੀਵੈ ਪਤਿ ਲਥੀ ਜਾਇ॥**
**ਸਭੁ ਹਰਾਮੁ ਜੇਤਾ ਕਿਛੁ ਖਾਇ॥**
**(ਅੰਗ ੧੪੨)**

ਭਾਰਤੀ ਇਤਿਹਾਸ ਦੇ ਪਿਛੋਕੜ ਵਲ ਜਾਈਏ ਤਾਂ ਇਨ੍ਹਾਂ ਤੱਤਾਂ ਦੀ ਪੁਸ਼ਟੀ ਤਾਂ ਹੋ ਜਾਂਦੀ ਹੈ ਕਿ ਧਾਰਮਕ ਪੱਖ ਤੋਂ ਜਾਤੀਆਂ ਦੇ ਵਿਭਾਜਨ ਅਨੁਸਾਰ ਕਸ਼ੱਤਰੀ ਦਾ ਧਰਮ ਦੇਸ਼ ਵਾਸੀਆਂ ਦੀ ਰਖਸ਼ਾ ਕਰਨਾ ਸੀ। ਇਸੇ ਸੰਦਰਭ ਵਿੱਚ ਸ਼ਸਤ੍ਰ ਅਤੇ ਸੂਰਬੀਰ ਦੇ ਕਾਰਨਾਮਿਆਂ ਦਾ ਉਲੇਖ ਤਾਂ ਮਿਲਦਾ ਹੈ ਪਰੰਤੂ ਜਦੋਂ ਇਹ ਲੋਕ ਆਪਣੇ ਕਰਤੱਵ ਨੂੰ ਭੁੱਲ ਗਏ ਤਾਂ ਹਰ ਪਾਸੇ ਗਿਲਾਨੀ ਆਉਣੀ ਸ਼ੁਰੂ ਹੋ ਗਈ। ਮਹਾਂਭਾਰਤ ਵਿੱਚ ਇਕ ਹੋਰ ਜਗ੍ਹਾ ਇਸ ਦਾ ਜ਼ਿਕਰ ਆਉਂਦਾ ਹੈ :

"ਜੋ ਪੁਰਸ਼ ਸ਼ਕਤੀ ਅਤੇ ਪ੍ਰਯੋਗ ਦੇ ਹੁੰਦਿਆਂ ਆਪਣੀਆਂ ਅੱਖਾਂ ਦੇ ਸਾਹਮਣੇ ਹੋ ਰਹੇ ਅਤਿਆਚਾਰ, ਜ਼ੁਲਮ ਅਤੇ ਜਬਰ ਨੂੰ ਦੂਰ ਕਰਨ ਦਾ ਯਤਨ ਨਹੀਂ ਕਰਦਾ ਉਹ ਪਾਪ ਦਾ ਭਾਗੀ ਹੈ।"

ਸੂਰਬੀਰ ਦਾ ਸ਼ਸਤ੍ਰ ਨਾਲ ਸੰਬੰਧ ਹੀ ਨਹੀਂ ਸਗੋਂ ਪਿਆਰ ਭੀ ਹੁੰਦਾ ਹੈ। ਸ਼ਸਤ੍ਰ ਅਤੇ ਸੂਰਬੀਰ ਇਕ ਦੂਸਰੇ ਦੇ ਸਹਾਇਕ ਹੀ ਨਹੀਂ ਸਗੋਂ ਪੂਰਕ ਭੀ ਹਨ, ਭਾਵ ਸ਼ਸਤ੍ਰ ਸੂਰਬੀਰ ਤੋਂ ਬਗ਼ੈਰ ਅਧੂਰਾ ਹੈ ਅਤੇ ਸੂਰਬੀਰ ਸ਼ਸਤ੍ਰ ਤੋਂ ਬਿਨਾਂ ਅਧੂਰਾ ਹੈ। ਇਸੇ ਲਈ ਸੂਰਬੀਰ ਸ਼ਸਤ੍ਰ ਨੂੰ ਪਿਆਰ ਕਰਦਾ ਹੈ। ਡਰਪੋਕ ਆਦਮੀ ਸ਼ਸਤ੍ਰ ਦੀ ਗ਼ਲਤ ਵਰਤੋਂ ਭੀ ਕਰ ਸਕਦਾ ਹੈ।

ਬੁਜ਼ਦਿਲ ਅਤੇ ਡਰਪੋਕ ਵਿਅਕਤੀ ਹੱਥ ਨਾ ਤਾਂ ਸ਼ਸਤ੍ਰ ਹੀ ਸ਼ੋਭਦਾ ਹੈ ਅਤੇ ਨਾ ਹੀ ਉਹ ਸ਼ਸਤ੍ਰ ਨਾਲ ਇਨਸਾਫ ਕਰ ਸਕਦਾ ਹੈ। ਡਰਪੋਕ ਆਦਮੀ ਦੇ ਹੱਥ ਸ਼ਸਤ੍ਰ ਫੜਾ ਭੀ ਦਿੱਤਾ ਜਾਏ ਤਾਂ ਉਹ ਸਰਾਸਰ ਧੋਖਾ ਹੈ। ਅਜਿਹਾ ਆਦਮੀ ਨਾ ਤਾਂ ਆਪਣੇ ਆਪ ਨਾਲ ਅਤੇ ਨਾ ਹੀ ਆਪਣੇ ਸ਼ਸਤ੍ਰ ਨਾਲ ਇਨਸਾਫ਼ ਕਰ ਸਕਦਾ ਹੈ। ਆਪਣੇ ਦੇਸ਼, ਧਰਮ ਅਤੇ ਕੌਮ ਨਾਲ ਤਾਂ ਉਸ ਨੇ ਇਨਸਾਫ ਕਰਨਾ ਹੀ ਕੀ ਹੈ। ਬੁਜ਼ਦਿਲ ਲੋਕ ਜੋ ਮੈਦਾਨੇ ਜੰਗ ਅੰਦਰੋਂ ਭੱਜ ਜਾਂਦੇ ਹਨ ਉਹ ਸਿਰਫ਼ ਗਦਾਰ ਹੀ ਨਹੀਂ ਹੁੰਦੇ ਸਗੋਂ ਅਜਿਹੇ ਲੋਕ ਕੌਮ ਤੇ ਵਾਧੂ ਭਾਰ ਹੀ ਹੁੰਦੇ ਹਨ।

ਸੂਰਬੀਰ ਦਾ ਗੁਣ ਹੈ ਕਿ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ। ਮਾਨਸਿਕ ਤੌਰ ਤੇ ਆਸ਼ਾਵਾਦੀ ਨਜ਼ਰੀਆ ਅਤੇ ਚੜ੍ਹਦੀ ਕਲਾ ਸੂਰਬੀਰ ਦਾ ਇਕ ਬੁਨਿਆਦੀ ਗੁਣ ਹੈ ਜੋ ਸ਼ਸਤ੍ਰ ਦੀ ਸਹੀ ਵਰਤੋਂ ਕਰਨ ਵਿੱਚ ਸਹਾਇਕ ਹੁੰਦਾ ਹੈ। ਸ਼ਸਤ੍ਰ ਦੇ ਹੋਰ ਭੀ ਗੁਣ ਅੱਗੇ ਜਾ ਕੇ ਸੰਬੰਧਤ ਥਾਵਾਂ ਤੇ ਵਰਣਨ ਕਰਾਂਗੇ। ਸਿੱਖ ਇਤਿਹਾਸ ਦਾ ਕਥਨ ਹੈ :

ਸੂਰਮਾ ਸੋ ਜੋ ਲੜੇ ਹੋਏ ਆਗੇ॥
ਸੂਰਮਾ ਸੋ ਜੋ ਰਣ ਤੇ ਨਾ ਭਾਗੇ॥

ਪਹਿਲੇ ਪੰਜ ਗੁਰੂ ਸਾਹਿਬਾਨ ਨੇ ਸਿੱਖ ਨੂੰ ਇਕ ਆਦਰਸ਼ ਮਨੁੱਖ ਦੇ ਰੂਪ ਵਿੱਚ ਚਿਤਰਿਆ ਹੀ ਨਹੀਂ ਸਗੋਂ ਮਾਨਸਿਕ ਤੌਰ ਤੇ ਉਸ ਨੂੰ ਇਤਨਾ ਮਜ਼ਬੂਤ ਬਣਾ ਦਿੱਤਾ ਕਿ ਉਹ ਆਪਣੇ ਅਮਲੀ ਜੀਵਨ ਵਿੱਚ ਇਕ ਸੁਚੱਜੇ ਮਨੁੱਖ ਦੇ ਰੂਪ ਵਿੱਚ ਸਾਡੇ ਸਾਹਮਣੇ ਆਇਆ। ਅਜਿਹਾ ਜੀਵਨ ਸੱਚੇ ਅਤੇ ਸੁੱਚੇ ਪਿਆਰ ਦਾ ਲਖਾਇਕ ਹੈ। ਪਿਆਰ ਕੁਰਬਾਨੀ ਮੰਗਦਾ ਹੈ ਇਸ ਪੱਥ ਦੇ ਪਾਂਧੀ ਲਈ ਜ਼ਰੂਰੀ ਹੈ ਕਿ ਸਿਰ ਤਲੀ ਤੇ ਧਰ ਕੇ ਚੱਲੇ, ਤਦ ਹੀ ਰੱਬੀ ਪ੍ਰੇਮ ਪੁਗਦਾ ਹੈ। ਇਸ ਪਾਸੇ ਵਲ ਕਦਮ ਪੁੱਟਣ ਤੇ ਫਿਰ ਪਿੱਛੇ ਹੱਟਣ ਵਾਲੀ ਗੱਲ ਨਹੀਂ ਹੈ। ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥**

**(ਅੰਗ ੧੪੧੨)**

ਸਿੱਖ, ਧਾਰਮਕ ਪੱਖ ਤੋਂ ਜਿੱਥੇ ਇਕ ਆਦਰਸ਼ ਜੀਵਨ ਜੀਉਣਾ ਚਾਹੁੰਦਾ ਹੈ ਉੱਥੇ ਸਾਥ ਸਾਥ ਰਾਜਨੀਤਕ ਸੁਤੰਤਰਤਾ ਅਤੇ ਆਰਥਕ ਬਰਾਬਰੀ ਦਾ ਵੀ ਹਾਮੀ ਹੈ। ਗੁਰੂ ਨਾਨਕ ਦੇਵ ਜੀ ਦੇ ਥਾਪੇ ਹੋਏ 'ਸਿੱਖ' ਨੂੰ ਗੁਰੂ ਗੋਬਿੰਦ ਸਿੰਘ ਨੇ 'ਸਿੰਘ' ਦਾ ਰੂਪ ਦੇ ਕੇ 'ਖਾਲਸਾ' ਨਾਮ ਦਿੱਤਾ। ਢਾਈ ਸੌ ਸਾਲਾਂ (1469 ਈਸਵੀ ਤੋਂ 1699 ਈਸਵੀ) ਦੇ ਇਸ ਅਧਿਆਤਮਿਕ ਸਫ਼ਰ ਨਾਲ ਸਿੱਖ ਦੀ ਹਰ ਪੱਖੀ ਉਸਾਰੀ ਤੋਂ ਉਪਰੰਤ ਜੋ ਆਦਰਸ਼ ਮਨੁੱਖ ਸਾਹਮਣੇ ਆਇਆ ਉਹ ਸਿਰਫ਼ ਆਪਣੇ ਜੀਵਨ ਤਕ ਹੀ ਮਹਿਦੂਦ ਨਹੀਂ ਸੀ ਸਗੋਂ ਦੂਸਰਿਆਂ ਲਈ ਭੀ ਦਰਦਮੰਦ ਅਤੇ ਸਹਾਈ ਹੋ ਨਿਬੜਿਆ। ਗੁਰੂ ਨਾਨਕ ਨੇ ਬਾਬਰ ਨੂੰ ਜਾਬਰ ਆਖਿਆ। ਉਸ ਦੀ ਜ਼ਾਲਮ ਨੀਤੀ ਨੂੰ ਹੀ ਵੰਗਾਰਿਆ ਨਹੀਂ ਸਗੋਂ ਉਸ ਵਕਤ ਦੇ ਬਾਕੀ ਸਮਾਜਕ ਅਤੇ ਧਾਰਮਿਕ ਕਥਿਤ ਠੇਕੇਦਾਰਾਂ ਨੂੰ ਭੀ ਝੰਜੋੜਿਆ। ਅਜਿਹਾ ਪ੍ਰੀਵਰਤਣ ਇਕ ਕ੍ਰਾਂਤੀ ਦਾ ਮੁੱਢ ਸੀ।

ਗੁਰੂ ਅੰਗਦ ਦੇਵ ਜੀ ਦੇ ਸਮੇਂ ਹਮਾਯੂੰ ਸੰਨ 1540 ਈਸਵੀ ਨੂੰ ਸ਼ੇਰਸ਼ਾਹ ਸੂਰੀ ਤੋਂ ਹਾਰ ਖਾਕੇ ਜਦੋਂ ਵਾਪਸ ਲਾਹੌਰ ਆ ਰਿਹਾ ਸੀ ਤਾਂ ਰਸਤੇ ਵਿੱਚ ਖਡੂਰ ਸਾਹਿਬ ਗੁਰੂ ਘਰ ਤੋਂ ਅਸ਼ੀਰਵਾਦ ਲੈਣ ਸਮੇਂ ਜਦੋਂ ਗੁਰੂ ਘਰ ਵਿੱਚ ਆਉਣ ਤੇ ਉਸ ਨੂੰ ਕੋਈ ਵੱਖਰਾ ਅਤੇ ਉਚੇਰਾ ਸਤਿਕਾਰ ਨਾ ਮਿਲਿਆ ਤਾਂ ਗੁੱਸੇ ਵਿੱਚ ਆ ਕੇ ਉਸ ਨੇ ਗੁਰੂ ਅੰਗਦ ਦੇਵ ਜੀ 'ਤੇ ਤਲਵਾਰ ਖਿੱਚ ਲਈ। ਗੁਰੂ ਜੀ ਨੇ ਬੜੀ ਦਲੇਰੀ ਨਾਲ ਜਵਾਬ ਦਿੱਤਾ :

"ਬਾਦਸ਼ਾਹ! ਜਿਹੜੀ ਤਲਵਾਰ ਤੂੰ ਫ਼ਕੀਰਾਂ ਤੇ ਖਿੱਚਣ ਲੱਗਾ ਹੈਂ, ਇਹ ਸ਼ੇਰ ਸ਼ਾਹ ਸੂਰੀ ਦੇ ਟਾਕਰੇ ਵੇਲੇ ਕਿੱਥੇ ਸੀ।"[1]

ਗੁਰੂ ਅਰਜਨ ਦੇਵ ਜੀ ਨੇ ਗ਼ਰੀਬੀ ਨੂੰ ਆਪਣਾ ਹਥਿਆਰ ਬਣਾਇਆ। ਗ਼ਰੀਬੀ ਤੋਂ ਇੱਥੇ ਭਾਵ ਨਿਮਰਤਾ ਹੈ। ਨਿਮਰਤਾ ਜਿੱਥੇ ਇਕ ਨੈਤਿਕ ਗੁਣ ਹੈ ਉੱਥੇ ਸੂਰਬੀਰ ਦੀ ਅਨੋਖੀ ਅਧਿਆਤਮਕ ਸ਼ਕਤੀ ਭੀ ਹੈ। ਜਿਹੜਾ ਸੂਰਬੀਰ ਨਿਮਰਤਾ ਦਾ ਧਾਰਨੀ ਨਹੀਂ ਉਹ ਆਪਣੇ ਨਿਸ਼ਾਨੇ ਤੋਂ ਉਖੜ ਕੇ ਆਪਣੇ ਸ਼ਸਤ੍ਰ ਦੀ ਕਦੀ ਗਲਤ ਵਰਤੋਂ ਭੀ ਕਰ ਸਕਦਾ ਹੈ। ਨਿਮਰਤਾ ਇਕ ਕਰਤਾਰੀ ਗੁਣ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਆਪਣਾ ਹਥਿਆਰ ਬਣਾ ਕੇ ਵਰਤਿਆ ਜੋ ਬੜਾ ਕਾਮਯਾਬ ਸਾਬਤ ਹੋਇਆ। ਇਸ ਅੱਗੇ ਕੋਈ ਵਿਕਾਰੀ ਪੁਰਸ਼ ਠਹਿਰ ਨਾ ਸਕਿਆ। ਗੁਰੂ ਕਥਨ ਹੈ :

**ਗਰੀਬੀ ਗਦਾ ਹਮਾਰੀ ॥**
**ਖੰਨਾ ਸਗਲ ਰੇਨੁ ਛਾਰੀ ॥**
**ਇਸੁ ਆਗੈ ਕੋ ਨ ਟਿਕੈ ਵੇਕਾਰੀ ॥**
**ਗੁਰ ਪੂਰੇ ਏਹ ਗਲ ਸਾਰੀ ॥**

**(ਅੰਗ ੬੨੮)**



ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਇਤਿਹਾਸ ਅੰਦਰ ਇਕ ਬੜਾ ਵੱਡਾ ਮੋੜ ਆਇਆ। ਭਗਤੀ ਨਾਲ ਸ਼ਕਤੀ ਦਾ ਸੰਚਾਰ ਹੋਇਆ। ਮੀਰੀ ਨਾਲ ਪੀਰੀ ਹੋਂਦ ਵਿਚ ਆਈ। ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾਣ ਸਮੇਂ (ਗੁਰੂ) ਹਰਗੋਬਿੰਦ ਪਾਤਸ਼ਾਹ ਨੂੰ ਉਪਦੇਸ਼ ਦਿਤਾ ਜਿਸ ਨੂੰ ਇਤਿਹਾਸਕਾਰਾਂ ਨੇ ਹੇਠ ਲਿਖੇ ਅਨੁਸਾਰ ਅੰਕਤ ਕੀਤਾ ਹੈ :

"ਬੇਟਾ । ਕਰੜੇ ਸਮੇਂ ਆ ਰਹੇ ਹਨ ਬਦੀ ਦੀਆਂ ਤਾਕਤਾਂ ਮੁੱਢਲੇ ਮਨੁੱਖੀ ਹੱਕਾਂ ਦੀਆਂ ਜੜ੍ਹਾਂ, ਵੱਢਣ ਦੇ ਆਹਰ ਵਿੱਚ ਲੱਗੀਆਂ ਹੋਈਆਂ ਹਨ। ਗੁਰੂ ਨਾਨਕ ਦਾ ਘਰ ਮੁੱਢ ਤੋਂ ਹੀ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦਾ ਰਾਖਾ ਰਿਹਾ ਹੈ...... ਸਮਾਂ ਆ ਰਿਹਾ ਹੈ ਕਿ ਭਲਾਈ ਤੇ ਬਦੀ ਦੀਆਂ ਤਾਕਤਾਂ ਦੀ ਭੰਨ ਤੋੜ ਹੋਵੇਗੀ। ਇਸ ਲਈ ਤਿਆਰ ਹੋ ਜਾਉ। ਆਪ ਸ਼ਸਤਰ ਪਹਿਨੋ ਅਤੇ ਸਿੱਖਾਂ ਨੂੰ ਭੀ ਐਸਾ ਕਰਨ ਦੀ ਪ੍ਰੇਰਨਾ ਕਰੋ। ਜ਼ਾਲਮ ਨਾਲ ਡੱਟ ਕੇ ਲੜੋ ਅਤੇ ਤਦ ਤੀਕ ਲੜੋ ਜਦ ਤੀਕ ਸੁਧਰ ਨਾ ਜਾਣ ਜਾਂ ਮੁੱਕ ਨਾ ਜਾਣ।"[2]

ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਸਮਕਾਲੀ ਜ਼ਾਲਮ ਹਕੂਮਤ ਨੇ ਮਜ਼ਬੂਰ ਕਰ ਦਿੱਤਾ ਕਿ ਉਹ ਆਪਣੇ ਅਧਿਆਤਮਕ ਅਸਤਿਤਵ, ਨਵ ਜਨਮੇ ਧਰਮ ਅਤੇ ਧਰਮ ਗ੍ਰੰਥਾਂ ਨੂੰ ਬਚਾਉਣ ਲਈ ਡੀਫੈਂਸ ਵਿੱਚ ਸ਼ਸਤ੍ਰ ਦੀ ਵਰਤੋਂ ਕਰਨ। ਗੁਰੂ ਜੀ ਲਈ ਜਦੋਂ ਗੱਦੀ ਨਸ਼ੀਨੀ ਦੀ ਰਸਮ ਅਦਾ ਕੀਤੀ ਗਈ ਤਾਂ ਪਰੰਪਰਾਗਤ ਰੀਤੀ ਅਨੁਸਾਰ ਸੇਲੀ, ਟੋਪੀ ਜਦੋਂ ਬਾਬਾ ਬੁੱਢਾ ਜੀ ਨੇ ਭੇਟ ਕੀਤੀ ਤਾਂ ਗੁਰੂ ਜੀ ਨੇ ਕਿਹਾ :

"ਇਹ ਸ਼ੈਆਂ ਹੁਣ ਤੋਸ਼ੇਖਾਨੇ ਵਿੱਚ ਰੱਖਵਾ ਦਿਉ। ਇਨ੍ਹਾਂ ਵਾਲਾ ਸਮਾਂ ਲੰਘ ਚੁੱਕਿਆ ਹੈ। ਸਾਨੂੰ ਦਸਤਾਰ, ਕਲਗੀ ਅਤੇ ਤਲਵਾਰ ਦਿਉ।"[3]

ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਪਹਿਨਾਈਆਂ। ਪੀਰੀ ਆਤਮਿਕ ਅਗਵਾਈ ਲਈ ਅਤੇ ਮੀਰੀ ਸੰਸਾਰਕ ਮਸਲਿਆਂ ਦੇ ਹੱਲ ਲਈ ਸੀ। ਗੁਰੂ ਜੀ ਨੇ ਗੁਰਗੱਦੀ 'ਤੇ ਬੈਠਦਿਆਂ ਹੀ ਮਸੰਦਾਂ ਤਾਈ ਹੁਕਮਨਾਮਾ ਜਾਰੀ ਕੀਤਾ, ਜਿਸ ਵਿੱਚ ਆਦੇਸ਼ ਦਿੱਤਾ :

"ਅਗਾਂਹ ਨੂੰ ਹਰ ਪ੍ਰਕਾਰ ਦੀ ਭੇਟਾ ਦੇ ਨਾਲ ਚੰਗੇ ਘੋੜੇ ਅਤੇ ਸ਼ਸਤਰ ਵੀ ਲਿਆਇਆ ਕਰੋ।[4]

ਗੁਰੂ ਜੀ ਨੂੰ ਹੁਣ ਚੰਗੇ ਸ਼ਸਤ੍ਰ ਅਤੇ ਘੋੜੇ ਭੇਟਾ ਹੋਣੇ ਸ਼ੁਰੂ ਹੋਏ। ਸਡੌਲ ਸਰੀਰ ਜੁਆਨਾਂ ਦੀ ਭਰਤੀ ਸ਼ੁਰੂ ਹੋਈ। ਇਨ੍ਹਾਂ ਜੁਆਨਾਂ ਨੇ ਆਪਣਾ ਆਪ ਸਤਿਗੁਰੂ ਨੂੰ ਸਮਰਪਣ ਕਰ ਦਿੱਤਾ। ਗੁਰੂ ਨਾਨਕ ਦੀ ਸ਼ਾਂਤਮਈ ਵਿਚਾਰਧਾਰਾ ਅੰਦਰ ਜਿਸ ਵਕਤ ਇਕ ਨਵਾਂ ਮੋੜ ਆਇਆ ਤਾਂ ਇਸ ਤਬਦੀਲੀ ਨੇ ਹਰ ਇਕ ਵਿਚਾਰਵਾਨ ਵਿਅਕਤੀ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ। ਗੁਰੂ ਘਰ ਦੇ ਵਿਦਵਾਨ ਭਾਈ ਗੁਰਦਾਸ ਵਰਗੇ ਲਿਖਾਰੀਆਂ ਨੇ ਇਸ ਨੂੰ ਇਕ ਵੱਡੀ ਤਬਦੀਲੀ ਵਰਣਨ ਕਰਦਿਆਂ ਕਿਹਾ :

"ਪਹਿਲੇ ਗੁਰੂ ਇਕ ਥਾਂ ਬੈਠਦੇ ਸਨ, ਦਰਸ਼ਨ ਦਿੰਦੇ ਸਨ ਅਤੇ ਬਾਦਸ਼ਾਹ ਇਨ੍ਹਾਂ (ਪਾਤਸ਼ਾਹਾਂ) ਦੇ ਘਰ ਆਉਂਦੇ ਸਨ ਪਰੰਤੂ ਗੁਰੂ ਹਰਿਗੋਬਿੰਦ ਇਕ ਥਾਂ ਟਿਕ ਕੇ ਨਹੀਂ ਬੈਠਦੇ। ਉਲਟਾ ਬਾਦਸ਼ਾਹ ਇਨ੍ਹਾਂ ਨੂੰ ਫੜਨ ਨੂੰ ਫਿਰਦੇ ਹਨ।[5]

ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਕਸ਼ਮੀਰ ਦੇ ਦੌਰੇ ਸਮੇਂ, ਸ਼ਿਵਾ ਜੀ ਮਰਹੱਟੇ ਦੇ ਧਾਰਮਕ ਆਗੂ ਸ੍ਰੀ ਸਮੱਰਥ ਰਾਮਦਾਸ ਜੀ ਮਿਲੇ। ਗੁਰੂ ਜੀ ਸ਼ਿਕਾਰ ਖੇਡ ਕੇ ਆਏ ਸਨ, ਘੋੜੇ ਤੇ ਚੜ੍ਹੇ

ਹੋਏ ਸਨ, ਸ਼ਸਤ੍ਰ ਪਹਿਨੇ ਹੋਏ ਸਨ। ਸਮਰਥ ਰਾਮਦਾਸ ਨੇ ਕਿਹਾ :

"ਅਸਾਂ ਸੁਣਿਆਂ ਸੀ ਕਿ ਤੁਸੀਂ ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਹੋ, ਪਰ ਗੁਰੂ ਨਾਨਕ ਦੇਵ ਜੀ ਤਾਂ ਤਿਆਗੀ ਸਾਧੂ ਸਨ, ਤੁਸੀਂ ਸ਼ਸਤ੍ਰ ਪਹਿਨਦੇ ਹੋ, ਤੁਸਾਂ ਫ਼ੌਜ ਤੇ ਘੋੜੇ ਰੱਖੇ ਹੋਏ ਹਨ; ਤੁਸੀਂ ਸੱਚਾ ਪਾਤਸ਼ਾਹ ਅਖਵਾਉਂਦੇ ਹੋ, ਤੁਸੀਂ ਕਿਹੋ ਜਿਹੇ ਸਾਧੂ ਹੋ? [6]

ਗੁਰੂ ਜੀ ਨੇ ਉੱਤਰ ਦਿੱਤਾ :

"ਬਾਤਨ ਫ਼ਕੀਰੀ, ਜ਼ਾਹਿਰਾ ਅਮੀਰੀ, ਸ਼ਸਤਰ ਗ਼ਰੀਬ ਦੀ ਰੱਖਿਆ ਜਰਵਾਣੇ ਦੀ ਭੱਖਿਆ, ਬਾਬਾ ਨਾਨਕ ਸੰਸਾਰ ਨਹੀਂ, ਤਿਆਗਿਆ ਥਾ ਮਾਇਆ ਤਿਆਗੀ ਥੀ।"[7]

ਇਸ ਉੱਤਰ ਤੇ ਸਮਰੱਥ ਰਾਮਦਾਸ ਸੰਤੁਸ਼ਟ ਹੋਇਆ ਤੇ ਜਵਾਬ ਦਿੱਤਾ :

"ਯਹ ਹਮਾਰੇ ਮਨ ਭਾਵਤੀ ਹੈ।"[8]

ਨਿਰਭਉ ਅਤੇ ਨਿਰਵੈਰ, ਦੋ ਕਰਤਾਰੀ ਗੁਣ, ਸਿੱਖੀ ਦੇ ਮੂਲਕ ਸਿਧਾਂਤਾਂ ਵਿੱਚੋਂ ਹਨ। ਗੁਰੂ ਨਾਨਕ ਦੇ ਸਥਾਪਤ ਨਿਰਮਲ ਪੰਥ 'ਖਾਲਸਾ ਪੰਥ' ਦੇ ਵਿਕਾਸ ਤਕ, ਸਿੱਖ ਦੀ ਜਿੱਥੇ ਅਧਿਆਤਮਕ ਉੱਨਤੀ ਹੋਈ ਉੱਥੇ ਨਾਲ- ਨਾਲ ਸਵੈ-ਰੱਖਿਆ, ਸਵੈਮਾਨ ਅਤੇ ਸਵੈ ਸਤਿਕਾਰ ਲਈ ਸ਼ਸਤਰ ਦੀ ਸਹੀ ਵਰਤੋਂ ਵੀ ਇਕ ਖਾਸ ਮਹੱਤਵਪੂਰਨ ਅੰਗ ਸੀ। ਗੁਰੂ ਤੇਗ ਬਹਾਦਰ ਸਾਹਿਬ ਵਲੋਂ ਅਪਨਾਏ ਨਿਰਭਉ ਅਤੇ ਨਿਰਵੈਰ ਸਿੱਧਾਂਤ ਨੇ ਜ਼ੁਲਮ ਦੀ ਤਲਵਾਰ ਹਮੇਸ਼ਾ ਲਈ ਖੁੰਡੀ ਕਰ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਦੋ ਧਾਰੀ ਖੰਡੇ ਨਾਲ ਅੰਮ੍ਰਿਤ ਪਾਨ ਕਰਾਇਆ। ਇਸ ਖੰਡੇ ਦੇ ਅੰਮ੍ਰਿਤ ਨੇ ਸਿੰਘਾਂ ਅੰਦਰ ਫੋਲਾਦੀ ਸ਼ਕਤੀ ਪੈਦਾ ਕੀਤੀ ਦੋ ਧਾਰੀ ਖੰਡਾ ਪ੍ਰਭੂ ਦੀ ਸ਼ਕਤੀ ਦਾ ਪ੍ਰਤੀਕ ਹੈ। ਗੁਰੂ ਜੀ ਨੇ ਇਸੇ ਸ਼ਕਤੀ ਤੋਂ ਸਾਰੇ ਸੰਸਾਰ ਦੀ ਉਤਪਤੀ ਮੰਨੀ ਹੈ। ਇਸੇ ਸ਼ਕਤੀ ਨਾਲ ਜ਼ੁਲਮ ਦਾ ਨਾਸ਼ ਕਰਕੇ ਸੱਚ-ਧਰਮ ਦੀ ਸਥਾਪਨਾ ਕੀਤੀ। ਦਸਮ ਪਾਤਸ਼ਾਹ ਲਿਖਦੇ ਹਨ :

**ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੰਸਾਰ ਉਪਾਇਆ॥**
**ਬ੍ਰਹਮਾ ਬਿਸਨ ਮਹੇਸ ਸਾਜਿ**
**ਕੁਦਰਤ ਦਾ ਖੇਲੁ ਰਚਾਇ ਬਣਾਇਆ॥**[9]

ਦਸਮ ਪਾਤਸ਼ਾਹ ਵਲੋਂ ਰਚਿਤ ਬਾਣੀ ਦਾ ਪ੍ਰਾਰੰਭ ਜ਼ਿਆਦਾਤਰ 'ਸ੍ਰੀ ਭਗਉਤੀ ਜੀ ਸਹਾਇ' ਸ਼ਬਦਾਂ ਨਾਲ ਮਿਲਦਾ ਹੈ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਪ੍ਰਭੂ ਨੂੰ ਸ਼ਸਤ੍ਰ ਦੇ ਰੂਪ ਵਿੱਚ ਹਮੇਸ਼ਾ ਨਮਸਕਾਰ ਕਰਕੇ ਰਚਨਾ ਪ੍ਰਾਰੰਭ ਕਰਦੇ ਸਨ।

**ਨਮਸਕਾਰ ਸ੍ਰੀ ਖੜਗ ਕੋ ਕਰੌ ਸੁ ਹਿਤੁ ਚਿਤੁ ਲਾਇ॥**
**ਪੂਰਨ ਕਰੌ ਗਿਰੰਥ ਇਹੁ ਤੁਮ ਮੁਹਿ ਕਰਹੁ ਸਹਾਇ॥**[10]

ਸ਼ਸਤ੍ਰ ਇਕ ਸ਼ਕਤੀ ਹੈ। ਪ੍ਰਭੂ ਦੀ ਸਰਬ ਵਿਆਪਕ ਸ਼ਕਤੀ ਦਾ ਪ੍ਰਤੀਕ ਹੈ। ਸੱਚੇ ਮਨੋਰਥ ਨਾਲ਼ ਵਰਤਿਆ ਸ਼ਸਤ੍ਰ ਹਮੇਸ਼ਾ ਕਲਿਆਣਕਾਰੀ ਸਾਬਤ ਹੋਇਆ ਹੈ ਅਤੇ ਹੁੰਦਾ ਰਹੇਗਾ। ਸ਼ਸਤ੍ਰ ਸਿੱਖ ਦਾ ਸਹਾਰਾ ਹੈ, ਸ਼ਾਨ ਹੈਂ, ਸ਼ਿੰਗਾਰ ਹੈ, ਜਾਇਦਾਦ ਹੈ, ਵਿਰਸਾ ਹੈ, ਗੌਰਵ ਹੈ, ਸ਼ਸਤ੍ਰ ਨਿਮਾਣਿਆਂ ਦਾ ਮਾਣ ਹੈ, ਨਿਤਾਣਿਆਂ ਦਾ ਤਾਣ ਹੈ, ਨਿਆਸਰਿਆਂ ਦਾ ਆਸਰਾ ਹੈ। ਸ਼ਸਤ੍ਰ ਯੋਧੇ ਦਾ ਸੱਚਾ ਸਾਥੀ ਹੈ ਅੰਤ ਸਮੇਂ ਤਕ ਸਾਥ ਦੇਣ ਵਾਲਾ ਹੈ।

ਗੁਰੂ ਸਾਹਿਬ ਦੇ ਸ਼ਸਤ੍ਰ ਸਾਡੇ ਲਈ ਇਕ ਵੱਡਮੁਲਾ ਖਜ਼ਾਨਾ ਹੈ। ਇਹ ਸਾਨੂੰ ਇਸੇ ਲਈ ਹੀ ਪਿਆਰੇ ਨਹੀਂ ਕਿ ਗੁਰੂ ਜੀ ਦੇ ਹਨ ਸਗੋਂ ਇਸ ਲਈ ਭੀ ਸਤਿਕਾਰ ਦੇ ਪਾਤਰ ਹਨ ਕਿ ਇਨ੍ਹਾਂ ਨਾਲ ਗੁਰੂ ਜੀ ਨੇ ਜ਼ੁਲਮ ਤੇ ਜ਼ਾਲਮ ਦਾ ਨਾਸ਼ ਕੀਤਾ, ਮਜ਼ਲੂਮ ਦੀ ਰਖਸ਼ਾ ਕੀਤੀ ਅਤੇ ਧਰਮ ਦੀ ਸਥਾਪਨਾ ਕੀਤੀ। ਸ਼ਸਤ੍ਰ ਯੋਧੇ ਦੇ ਵਿਅਕਤਿਤਵ ਦੀ ਅਭਿਵਿਅਕਤੀ ਹੈ ਇਨ੍ਹਾਂ ਨਾਲ ਯੋਧੇ ਦੇ ਕਰੱਤਵ ਅਤੇ ਯੁਧ ਦਾ ਨਕਸ਼ਾ ਅੱਖਾ ਸਾਹਮਣੇ ਚਿਤਰਿਆ ਜਾਂਦਾ ਹੈ।

ਵਿਦਵਾਨਾਂ ਨੇ ਸ਼ਸਤ੍ਰ ਦੇ ਚਾਰ ਭੇਦ ਦੱਸੇ ਹਨ :

**ਮੁਕਤ**

ਜੋ ਹੱਥ ਛੱਡ ਕੇ ਚਲਾਏ ਜਾਣ, ਜੈਸੇ ਚੱਕਰ ਆਦਿ।

**ਅਮੁਕਤ**

ਜੋ ਚਲਾਉਣ ਵੇਲੇ ਹੱਥੋਂ ਨਾ ਛੱਡਿਆ ਜਾਵੇ ਜੈਸੇ ਤਲਵਾਰ ਆਦਿ।

**ਮੁਕਤਾ ਮੁਕਤ**

ਜੋ ਹੱਥ ਵਿੱਚ ਰਹੇ ਅਤੇ ਛੱਡਿਆ ਭੀ ਜਾ ਸਕੇ ਜਿਵੇਂ ਬਰਛੀ ਆਦਿ।

**ਜੰਤ੍ਰ ਮੁਕਤ :**

ਜੋ ਕਰ ਨਾਲ ਛੱਡੇ ਜਾਣ ਜੈਸੇ ਤੀਰ, ਗੋਲੀ ਆਦਿ।[11]

ਸ਼ਸਤ੍ਰ ਬਹਾਦਰ ਕੌਮਾਂ ਦੀ ਵਿਰਾਸਤ ਹੈ। ਸ਼ਸਤ੍ਰ ਇਕ ਸੇਧ ਲਈ ਅਹਿਸਾਸ ਪੈਦਾ ਕਰਦਾ ਹੈ। ਡਾ. ਇਕਬਾਲ ਨੇ ਸ਼ਸਤ੍ਰਾਂ ਵਿਚੋਂ ਕੌਮਾਂ ਦੀ ਸਿਰਜਨਾ ਮੰਨੀ ਹੈ। ਆਪ ਲਿਖਦੇ ਹਨ,"**ਕੌਮਾਂ ਤਲਵਾਰ ਦੀ ਨੋਕ ਵਿਚੋਂ ਪੈਦਾ ਹੁੰਦੀਆਂ ਹਨ, ਨਾਚ**

**ਗਾਣੇ ਅਤੇ ਮਜਲਸਾਂ ਵਿੱਚ ਜਾਕੇ ਖਤਮ ਹੋ ਜਾਂਦੀਆਂ ਹਨ।"**

ਖਾਲਸੇ ਦਾ ਜਨਮ ਖੰਡੇ ਦੀ ਧਾਰ ਵਿਚੋਂ ਹੋਇਆ ਹੈ। ਅੰਮ੍ਰਿਤ ਰਾਹੀਂ ਚੜ੍ਹਦੀ ਕਲਾ ਦੀ ਗੁੜਤੀ ਮਿਲੀ। ਅੰਮ੍ਰਿਤ ਨਾਲ ਖਾਲਸਾ ਅਮਰ ਹੋ ਨਿਬੜਿਆ। ਖੰਡੇ ਦੀ ਸ਼ਕਤੀ ਇਕ ਕਰਾਮਾਤੀ ਸਿੰਘ ਸ਼ਕਤੀ ਸੀ। ਇਸ ਨਾਲ ਇਕ ਸਿੰਘ ਸਵਾ ਸਵਾ ਲੱਖ ਤੇ ਭਾਰੂ ਹੋ ਨਿਬੜਿਆ।

ਬਾਈ ਧਾਰ ਦੇ ਪਹਾੜੀ ਰਾਜਪੂਤ ਰਾਜਿਆਂ ਦਾ ਰਾਜ ਭਾਗ ਜਦੋਂ ਖੁਸ ਗਿਆ ਤਾਂ ਉਹਨਾਂ ਇਸ ਨੂੰ ਵਾਪਸ ਲੈਣ ਲਈ ਗੁਰੂ ਸਾਹਿਬ ਪਾਸ ਆਕੇ ਬੇਨਤੀ ਕੀਤੀ ਕਿ ਸਾਡਾ ਰਾਜ ਭਾਗ ਦਿਵਾਉਣ ਲਈ ਯੁਕਤ ਦੱਸੋ। ਗੁਰੂ ਜੀ ਨੇ ਜਵਾਬ ਦਿਤਾ,"ਤੁਸੀਂ ਖੰਡੇ ਦਾ ਪਾਹੁਲ ਲਵੋਂ ਤੇ ਵਾਹਿਗੁਰੂ ਦੀ ਸਿੱਖੀ ਅੰਗੀਕਾਰ ਕਰੋ ਤਾਂ ਰਘੂਵੰਸੀਆਂ ਦਾ ਜੋ ਰਾਜ ਖੁਸ ਗਿਆ ਵਾਪਸ ਲੈ ਦੇਵੀਏ।"

ਪਹਾੜੀ ਰਾਜਿਆਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ,"ਸਾਡੀ ਲਾਂਗ (ਧੋਤੀ) ਬੋਦੀ ਅਤੇ ਜਨੇਉ ਰਹਿਣ ਦਿਉ ਤਾਂ ਅਸੀਂ ਪਾਹੁਲ ਲੈ ਲੈਂਦੇ ਹਾਂ।"[12]

ਗੁਰੂ ਜੀ ਨੇ ਉਤੱਰ ਦਿੱਤਾ,"ਜਦੋਂ ਇਕ ਜੋਗੀ, ਸਨਿਆਸੀ ਦਾ ਚੇਲਾ ਬਣਦਾ ਹੈ ਤਾਂ ਅਗਲੀ ਕਾਣ ਬ੍ਰਹਮੇ ਦੀ ਸਭ ਮਿਟਾਇਕੇ ਦੀਖਿਆ ਦੇਂਦਾ ਹੈ ਤੁਹਾਨੂੰ ਤਾਂ ਅਸੀਂ 'ਸ੍ਰੀ ਸਾਹਿਬ' ਦਾ ਜਨੇਊ ਜਗਤ ਦੇ ਰਾਜ ਵਾਸਤੇ ਅਤੇ ਗਿਆਨ ਦਾ ਜਨੇਊ ਜਨਮ ਮਰਨ ਦੇ ਕਟਣ ਵਾਸਤੇ ਦੇਂਦੇ ਹਾਂ ਜੇ ਤੁਸੀਂ ਇਹ ਵਡਿਆਈ ਸਹਾਰ ਨਹੀਂ ਸਕਦੇ ਤਾਂ ਹੋਰ ਵਰਣਾਂ ਨੂੰ ਸ਼ਸਤ੍ਰ ਫੜਾਇਕੇ ਅਧਰਮੀ ਅਤੇ ਅਨਿਆਏ ਦਾ ਸਭ ਖਾਤਮਾ ਕਰਾਂਗੇ।"[13]

ਉਪਰੋਕਤ ਸਟੇਟਮੈਂਟ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸ਼ਸਤ੍ਰ ਨੂੰ ਗੁਰੂ ਜੀ ਨੇ ਇਕ ਕਰਾਮਾਤੀ ਸ਼ਕਤੀ ਸਿੱਧ ਕਰ ਦਿੱਤਾ । ਜਿਨਾਂ ਲੋਕਾਂ ਆਪ ਤਾਂ ਕਿਆ ਉਨ੍ਹਾਂ ਦੇ ਬਜ਼ੁਰਗਾਂ ਨੇ ਭੀ ਕਦੀ ਸ਼ਸਤ੍ਰ ਨਹੀਂ ਸੀ ਫੜਿਆ ਉਨ੍ਹਾਂ ਲਿਤਾੜੇ ਅਤੇ ਪਛਾੜੇ ਹੋਏ ਲੋਕਾਂ ਨੂੰ ਸ਼ਸਤ੍ਰ ਫੜਾ ਕੇ ਇਤਨਾ ਕਾਬਲ ਬਨਾ ਦਿੱਤਾ ਕਿ ਉਹ ਆਪਣੀ ਰੱਖਿਆ ਕਰਨ ਦੇ ਨਾਲ ਨਾਲ ਮਜਲੂਮ ਦੀ ਰਖਸ਼ਾ ਅਤੇ ਜ਼ੁਲਮ ਦਾ ਨਾਸ਼ ਕਰਨ ਦੇ ਸਮਰੱਥ ਹੋ ਗਏ। ਇਹ ਸਭ ਸ਼ਸਤ੍ਰ ਦੀ ਕਰਾਮਾਤ ਸੀ। ਸਾਰੀ ਉਮਰ ਤਕੜੀ ਤੋਲਣ ਵਾਲੇ ਜਿਨ੍ਹਾਂ ਕਦੀ ਕਰਦ ਭੀ ਨਹੀਂ ਸੀ ਪਕੜੀ ਉਨ੍ਹਾਂ ਨੂੰ ਸ਼ਸਤ੍ਰ ਪਕੜਾ ਦਿੱਤੇ।

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤ੍ਰਾਂ ਨੂੰ ਪ੍ਰਮਾਤਮਾਂ ਦਾ ਰੂਪ ਮੰਨ ਕੇ ਨਮਸਕਾਰ ਕੀਤਾ। ਅਕਾਲ ਪੁਰਖ ਦੀ ਸੰਘਾਰ ਸ਼ਕਤੀ ਨੂੰ ਸ਼ਸਤ੍ਰਾਂ ਦਾ ਰੂਪ ਮੰਨ ਕੇ ਦੁਸ਼ਮਣ ਤੇ ਹਮੇਸ਼ਾਂ ਵਿਜੈ ਲਈ ਵਰਦਾਨ ਮੰਗਿਆ। ਪ੍ਰਮਾਤਮਾ ਦੀ (ਸਰਬ ਲੋਹੀ) ਸ਼ਕਤੀ ਨੂੰ ਆਪਣਾ ਪੀਰ ਮੰਨ ਕੇ ਸਤਿਕਾਰਿਆ ਹੈ।

**ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥**
**ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ॥**[14]

ਸ਼ਸਤ੍ਰ ਨਾਲ ਧਰਮ ਯੁੱਧ ਦਾ ਚਾਉ ਪੈਦਾ ਹੁੰਦਾ ਹੈ। ਸ਼ਸਤ੍ਰ ਨਾਲ ਯੋਧੇ ਅੰਦਰ ਜਿਤ ਦਾ ਵਿਸ਼ਵਾਸ਼ ਬਝਦਾ ਹੈ। ਸ਼ਸਤ੍ਰ ਇਕ ਕਲਿਆਣਕਾਰੀ ਸ਼ਕਤੀ ਦੇ ਰੂਪ ਵਿੱਚ ਪੂਜਿਆ ਜਾਂਦਾ ਹੈ। ਇਸ ਸਿਧਾਂਤ ਦੀ ਪੁਸ਼ਟੀ ਗੁਰੂ ਜੀ ਦੀ ਹੇਠ ਲਿਖੀ ਰਚਨਾ ਤੋਂ ਹੁੰਦੀ ਹੈ :

**ਸ੍ਰੀ ਤੁਹੀ ਸਭ ਕਾਰਨ ਤੁਹੀ ਤੂ ਬਿਦਯਾ ਕੋ ਸਾਰ॥**
**ਤੁਮ ਸਭ ਕੋ ਉਪਰਾਜਹੀ ਤੁਮ ਹੀ ਲੇਹੁ ਉਬਾਰ॥**
**ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ॥**
**ਤੁਹੀ ਨਿਸਾਨੀ ਜੀਤ ਕੀ ਆਜੁ ਤੁਹੀ ਜਗਬੀਰ॥**[15]

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤ੍ਰ ਨੂੰ ਪ੍ਰਭੂ ਦੀ ਸ਼ਕਤੀ ਦਾ ਰੂਪ ਮੰਨ ਕੇ ਉਸ ਪਾਸੋਂ ਆਪਣੀ ਜਿੱਤ ਦੀ ਰਛਿਆ ਪ੍ਰਗਟ ਕੀਤੀ ਹੈ। ਸ਼ਸਤ੍ਰਾਂ ਤੋਂ ਓਟ ਅਤੇ ਆਸਰਾ ਮੰਗਿਆ ਹੈ। ਸ਼ਸਤ੍ਰ ਹਾਰ ਜਿੱਤ ਦਾ ਫ਼ੈਸਲਾ ਕਰਨ ਵਾਲੇ ਹਨ। ਸ਼ਸਤ੍ਰ ਹੀ ਰਾਜੇ ਤੋਂ ਰੰਕ ਅਤੇ ਰੰਕ ਤੋਂ ਰਾਜਾ ਬਣਾਉਣ ਦੀ ਸ਼ਕਤੀ ਰਖਦਾ ਹੈ। ਗੁਰੂ ਜੀ ਨੇ ਸ਼ਸਤ੍ਰਾਂ ਦੀ ਸ਼ਕਤੀ ਅੱਗੇ 'ਆਪਣੇ ਆਪ ਨੂੰ ਸੇਵਕ ਦਸ ਕੇ ਰਛਿਆ ਦੀ ਭਾਵਨਾ ਪ੍ਰਗਟ ਕੀਤੀ ਹੈ।

**ਅਸ ਕ੍ਰਿਪਾਨ ਖੰਡੋ ਖੜਗ ਸੈਫ ਤੇਗ ਤਰਵਾਰ॥**
**ਰਛਾ ਕਰੋ ਹਮਰੀ ਸਦਾ ਕਵਚਾਤਕਿ ਕਰਵਾਰਿ॥**[16]

'ਸ੍ਰੀ ਸਾਹਿਬ' ਪ੍ਰਭੂ ਦੀ ਚੰਡੀ ਰੂਪੀ ਸ਼ਕਤੀ ਹੈ ਸੰਤਾਂ ਨੂੰ ਸੁਖ, ਦੁਰਮਤ ਦਾ ਨਾਸ ਅਤੇ ਦੁੱਖ ਹਰਣ ਵਾਲੀ ਹੈ। ਇਹ ਇਕ ਕਲਿਆਣਕਾਰੀ ਸ਼ਕਤੀ ਹੈ। ਪ੍ਰਭੂ ਸ਼ਕਤੀ ਦੇ ਵੈਰੀਆਂ ਦੇ ਨਾਸ਼ ਕਰਨ ਵਾਲੀ, ਵਧੇਰੇ ਮਹਾਨ ਅਤੇ ਤੇ ਪੂਜਨ ਯੋਗ ਵਰਨਣ ਕੀਤਾ ਹੈ। ਪ੍ਰਭੂ ਨੂੰ ਅਸਤਰਾ, ਸ਼ਸਤਰਾ ਵਾਲਾ ਯੋਧਾ ਮਨ ਕੇ ਸਤਿਕਾਰਿਆ ਹੈ। ਪ੍ਰਭੂ ਅਸਿਪਾਨ, ਅਸਿਧਾਰਜ, ਅਸਿਕੇਤੂ ਖੜਕ ਕੇ ਤੂਪ, ਸ਼ਸਤਰਾਂ ਪਾਨੇ ਆਦਿ ਨਾਮਾ ਨਾਲ ਸਤਿਕਾਰਿਆ ਹੈ।

**ਖੱਗ ਖੰਡ ਬਿਹੰਡੰ ਖਲ ਦਲ ਖੰਡੰ**
**ਅਤਿ ਰਣ ਮੰਡੰ ਬਰਬੰਡੰ॥**
**ਭੁਜ ਦੰਡ ਅਖੰਡੰ ਤੇਜ ਪ੍ਰਚੰਡੰ**
**ਜੋਤਿ ਅਮੰਡੰ ਭਾਨੁ ਪ੍ਰਭੰ**
**ਸੁਖ ਸੰਤਾ ਕਰਣੰ ਦੁਰਮਤਿ ਦਰਣੰ**

**ਕਿਲਬਿਖ ਹਰਣੰ ਅਸ ਸਰਣੰ॥**
**ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ**
**ਮਮ ਪ੍ਰਤਿਪਾਰਣ ਜੈ ਤੇਗੰ॥**[17]

ਸ਼ਸਤ੍ਰ ਸਿੱਖ ਦਾ ਇਕ ਗਹਿਣਾ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੰਘਾਂ ਨੂੰ ਹਮੇਸ਼ਾ ਸ਼ਸਤ੍ਰ ਧਾਰਨ ਲਈ ਕਹਿੰਦੇ ਸਨ। ਗੁਰੂ ਦੀ ਹਜ਼ੂਰੀ ਵਿੱਚ ਆਉਣ ਸਮੇਂ ਸ਼ਸਤ੍ਰ ਧਾਰੀ ਸਿੰਘ ਨੂੰ ਦੇਖ ਕੇ ਬਹੁਤ ਖੁਸ਼ ਹੁੰਦੇ ਸਨ। ਕੇਸ ਜਨਮ ਤੋਂ ਹੀ ਧਾਰਨ ਕਰਨੇ ਅਤੇ ਸ਼ਸਤ੍ਰ ਪਹਿਨਣੇ ਗੁਰੂ ਦੀ ਖੁਸ਼ੀ ਪ੍ਰਾਪਤ ਕਰਨ ਵਾਲੀ ਗੱਲ ਹੁੰਦੀ ਸੀ। ਸਿੱਖ ਇਤਿਹਾਸ ਚੋਂ ਬਹੁਤ ਮਿਸਾਲਾਂ ਮਿਲਦੀਆਂ ਹਨ ਪ੍ਰੰਤੂ ਇੱਥੇ ਇਕ ਜਾਂ ਦੋ ਉਦਾਹਰਣ ਹੀ ਦੇਵਾਂਗੇ।

ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ॥
ਬਿਨਾ ਤੇਗ ਤੀਰੰ ਰਹੋ ਨਾਹ ਭਾਈ॥
ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ॥
ਗਹੇ ਤਾਨ ਤਾਕੋ ਕਿਤੇ ਲੈ ਸਧਾਨੋ॥
ਇਹੈ ਮੋਰ ਆਗਯਾ ਸੁਨੋ ਹੇ ਪਿਆਰੇ॥
ਬਿਨਾ ਕੇਸ ਤੇਗੰ ਦਿਵੋ ਨਾ ਦਿਦਾਰੇ॥
ਇਹੈ ਮੋਰ ਬੈਨਾ ਮਨੇ ਗਾ ਸੁ ਜੋਈ॥
ਤਿਸੇ ਇਛ ਪੂਰੀ ਸਭੈ ਜਾਨ ਹੋਈ॥[18]

ਅਹਿੰਸਾ ਇਕ ਚੰਗਾ ਗੁਣ ਹੈ। ਅਮਰ ਸਿਧਾਂਤ ਹੈ। ਸੂਰਬੀਰ ਵਿੱਚ ਇਹ ਗੁਣ ਹੋਣਾ ਅਤੀ ਜ਼ਰੂਰੀ ਹੈ। ਅਜਿਹਾ ਗੁਣ ਜੀਵਨ ਵਿੱਚ ਇਕ ਸੰਤੁਲਨ ਪੈਦਾ ਕਰਦਾ ਹੈ। ਸਿੱਖ ਧਰਮ ਹਮੇਸ਼ਾ ਇਸਦਾ ਧਾਰਨੀ ਰਿਹਾ ਹੈ। ਪ੍ਰੰਤੂ ਅਹਿੰਸਾ ਦੀ ਹੱਦ ਜਦੋਂ ਖਤਮ ਹੋ ਜਾਵੇ, ਜ਼ੁਲਮ ਭੀ ਹੱਦ ਪਾਰ ਕਰ ਜਾਵੇ ਜੀਵਨ ਦਾ ਸੰਤੁਲਨ ਬਿਗੜ ਜਾਵੇ ਸ਼ੁਭ ਕਾਰਜ ਲਈ ਸ਼ਸਤ੍ਰ ਚੁੱਕਣਾ ਜਾਇਜ ਹੈ, ਧਰਮ ਹੈ। ਗੁਰੂ ਗੋਬਿੰਦ ਸਿੰਘ ਜੀ ਜਫ਼ਰਨਾਮੇ ਅੰਦਰ ਔਰੰਗਜੇਬ ਨੂੰ ਲਿਖਦੇ ਹਨ ਕਿ ਮੇਰਾ ਕੋਈ ਇਰਾਦਾ ਨਹੀਂ ਸੀ ਕਿ ਮੈਂ ਤਲਵਾਰ ਚੁੱਕਾਂ ਪ੍ਰੰਤੂ ਮੈਨੂੰ ਮਜ਼ਬੂਰ ਹੋ ਕੇ ਮੈਦਾਨੇ ਜੰਗ ਅੰਦਰ ਆਉਣਾ ਪਿਆ ਅਤੇ ਸ਼ਸਤ੍ਰ ਦੀ ਵਰਤੋਂ ਕਰਨੀ ਪਈ। ਮੈਂ ਲੜਾਈ ਦੇ ਹੱਕ ਵਿੱਚ ਨਹੀਂ ਸੀ।

**ਬ-ਲਚਾਰਗੀ ਦਰ ਮਿਯਾ ਆਮਦਮ॥**[19]
**ਬ-ਤਦਬੀਰ ਤੀਰ ਕਮਾ ਆਮਦਮ॥**

ਅੱਗੇ ਜਾਕੇ ਤਲਵਾਰ ਦੀ ਵਰਤੋਂ ਕਦੋਂ ਹੋਏ ਲਿਖ ਰਹੇ ਹਨ ਕਿ ਜਦੋਂ ਅਮਨ ਦੇ ਸਾਰੇ ਹੀਲੇ ਅਸਫਲ ਹੋ ਜਾਣ ਤੇ ਤਲਵਾਰ ਦੀ ਵਰਤੋਂ ਜਾਇਜ਼ ਹੈ । ਗੁਰੂ ਕਥਨ ਹੈ :

**ਚੁ-ਕਾਰ ਅਜ ਹਮ ਹੀਲਤੇ ਦਰਗੁਜ਼ਸ਼ਤ॥**
**ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ॥**[20]

ਗੁਰੂ ਗੋਬਿੰਦ ਸਿੰਘ ਜੀ ਰਹਿਤਵਾਨ ਸਿੱਖ ਨੂੰ ਦੇਖ ਕੇ ਅਤੀ ਪ੍ਰਸੰਨ ਹੁੰਦੇ ਸਨ। ਰਹਿਤ ਇਕ ਜ਼ਬਤ ਹੈ, ਡਿਸਿਪਲਿਨ ਹੈ, ਆਪੇ ਦੀ ਸੋਝੀ ਹੈ, ਗੁਰੂ ਜੀ ਜਦੋਂ ਕਿਸੇ ਸਿੰਘ ਤੇ ਬਹੁਤ ਹੀ ਪ੍ਰਸੰਨ ਹੁੰਦੇ ਸਨ ਤਾਂ ਸ਼ਸਤ੍ਰ ਦੇਕੇ ਨਿਵਾਜ਼ਦੇ ਸਨ। ਸ਼ਸਤ੍ਰ ਗੁਰੂ ਜੀ ਦੀ ਪਵਿਤਰ ਅਤੇ ਪਿਆਰੀ ਨਿਸ਼ਾਨੀ ਹੁੰਦੀ ਸੀ। ਅੱਜ ਭੀ ਅਸੀਂ ਗੁਰੂ ਸਾਹਿਬਾਨ ਦੇ ਸ਼ਸਤ੍ਰ ਦੇ ਬੜੇ ਸਤਿਕਾਰ ਅਤੇ ਪਿਆਰ ਨਾਲ ਦਰਸ਼ਨ ਕਰਦੇ ਹਾਂ। ਸ਼ਸਤ੍ਰ ਸਿੱਖ ਕੌਮ ਲਈ ਅਮਰ ਯਾਦਗਾਰ ਹਨ। ਬੈਰਾੜ ਕੌਮ ਗੁਰੂ ਗੋਬਿੰਦ ਸਿੰਘ ਜੀ ਦੀ ਨਿਵਾਜੀ ਹੋਈ ਹੈ। ਬੈਰਾੜ ਕੌਮ ਦੇ ਸਰਦਾਰ ਬਾਬੇ ਫੂਲ ਦੇ ਸਪੁੱਤਰ ਸ੍ਰੀ ਮਾਨ ਤ੍ਰਿਲੋਕ ਸਿੰਘ ਅਤੇ ਸ੍ਰ. ਰਾਮ ਸਿੰਘ ਜੀ ਤੇ ਦਸ਼ਮੇਸ਼ ਪਿਤਾ ਜੀ ਨੇ ਅਤੀ ਪ੍ਰਸੰਨ ਹੋਕੇ ਸੰਮਤ 1755 ਬਿਕਰਮੀ ਦੇ ਹੁਕਮ ਨਾਮੇਂ ਅੰਦਰ ਫੁਰਮਾਇਆ :

"ਮੇਰੀ ਤੇਰੇ ਉਪਰਿ ਬਹੁਤ ਖੁਸ਼ੀ ਹੈ ਤੇਰਾ ਘਰ ਮੇਰਾ ਹੈ ......ਤੁਸਾਂ ਅਸਵਾਰ ਲੈਕੇ ਆਵਣਾ"[21]

ਸੰਮਤ 1762 ਬਿਕਰਮੀ ਨੂੰ ਆਪਣੇ ਗਾਤਰੇ ਦੀ ਤਲਵਾਰ ਗੁਰੂ ਜੀ ਨੇ ਇਸ ਖਾਨਦਾਨ ਨੂੰ ਬਖਸ਼ੀ ਜੋ ਹੁਣ ਮਹਾਰਾਜਾ ਨਾਭਾ ਦੇ ਖਾਨਦਾਨ ਪਾਸ ਹੈ। ਇਸ ਤਲਵਾਰ ਤੇ ਹੇਠ ਲਿਖੀ ਇਬਾਰਤ ਲਿਖੀ ਹੋਈ ਹੈ :

"ਗੁਰੂ ਗੋਬਿੰਦ ਸਿੰਘ ਦੇ ਕਮਰ ਦੀ ਤਲਵਾਰ ਬਧੇ ਦੇਗ ਤੇ ਜਾਂ ਤੇਗ ਤੇ॥" [21 ੳ]

ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਹੋਰ ਹੁਕਮਨਾਮਿਆਂ ਵਿੱਚ ਭੀ ਬਰਾਬਰ ਜ਼ਿਕਰ ਆਇਆ ਕਿ ਸ਼ਸਤ੍ਰ ਪਹਿਨ ਕੇ ਸੰਗਤ ਦਰਸ਼ਨ ਨੂੰ ਆਵੇ। ਇਨਾਂ ਦਾ ਜ਼ਿਕਰ ਹੁਕਮਨਾਮੇ ਸੰਪਾ: ਡਾ. ਗੰਡਾ ਸਿੰਘ ਦੇ ਹੁਕਮਨਾਮਾ ਨੰ: 83, 84, 85, 86 ਵਿੱਚ ਆਇਆ ਹੈ ਇਥੇ ਇਕ ਹੁਕਮਨਾਮੇ ਦਾ ਜ਼ਿਕਰ ਕਰਨਾ ਮੁਨਾਸਿਬ ਹੋਵੇਗਾ। ਪ੍ਰਯਾਗ (ਅਲਾਹਬਾਦ) ਦੀ ਸੰਗਤ ਦੇ ਨਾਮ ਹੁਕਮਨਾਮੇ ਵਿੱਚ ਲਿਖਦੇ ਹਨ।

ਸੰਗਤਿ ਹਥੀਆਰ ਬੰਨ ਕੇ ਦਰਸ਼ਨ ਆਵਣਾ॥
ਜੋ ਸਿਖ ਦਰਸ਼ਨ ਆਵਗੁ ਸੋ ਨਿਹਾਲੁ ਹੋਗੁ॥[22]

ਖਾਲਸੇ ਦਾ ਧਰਮ ਦੇਗ ਅਤੇ ਤੇਗ ਦਾ ਧਰਮ ਹੈ। ਦੇਗ ਤੋਂ ਭਾਵ ਲੋੜਵੰਦ, ਅਨਾਥਾਂ ਦਾ ਪਾਲਨ, ਤੇਗ ਤੋਂ ਭਾਵ ਅਮਨ ਦੀ ਰਖਸ਼ਾ ਲਈ ਜ਼ੁਲਮ ਅਤੇ ਜ਼ਾਲਮ ਦਾ ਨਾਸ਼ ਖਾਲਸੇ ਨੇ ਜਦੋਂ 1765 ਈ. ਵਿੱਚ ਜਦੋਂ ਲਾਹੌਰ ਫਤਹ ਕੀਤਾ। ਰਾਜ ਭਾਗ ਚਲਾਉਣ ਸਮੇਂ ਚਲਾਏ ਗਏ ਸਿਕੇ ਤੇ ਸ਼ਸਤ੍ਰਾਂ ਨੂੰ ਖਾਸ ਮਹਾਨਤਾ

ਦਿੱਤੀ ਗਈ। ਇਨ੍ਹਾਂ ਸ਼ਸਤ੍ਰਾਂ ਦੀ ਬਦੌਲਤ ਹੀ ਰਾਜ ਭਾਗ ਪ੍ਰਾਪਤ ਕੀਤਾ ਅਤੇ ਜ਼ੁਲਮ ਦਾ ਨਾਸ਼ ਕੀਤਾ ਸੀ। ਇਸ ਰਾਜ ਦੇ ਸਿਕੇ ਦੀ ਇਬਾਰਤ ਹੇਠ ਲਿਖੇ ਅਨੁਸਾਰ ਸੀ।

ਦੇਗੋ ਤੇਗੋ ਫਤਹ ਨੁਸਰਤ ਬ-ਦਰੰਗ॥
ਯਾਫਤਜ ਨਾਨਕ ਗੁਰੂ ਗੋਬਿੰਦ ਸਿੰਘ॥[23]

(ਦੇਗ, ਤੇਗ, ਫਤਹ ਅਤੇ ਬਿਨਾ ਢਿਲ ਸਹਾਇਤਾ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਤੋਂ ਪਾਈ ਹੈ)

ਸਿੱਖ ਧਰਮ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਇਕ ਦੋਹੇ ਰਾਹੀਂ ਦੇਗ ਦੀ ਵਡਿਆਈ ਦਸਦਿਆਂ ਇਕ ਵਖਰੀ ਵਿਸ਼ੇਸ਼ਤਾ ਦਾ ਉਲੇਖਨ ਕੀਤਾ ਹੈ। ਤੇਗ ਅਤੇ ਦੇਗ ਦਾ ਧਾਰਨੀ ਇਕ ਪ੍ਰਭੂ ਤੇ ਵਿਸ਼ਵਾਸ਼ ਰਖੇ ਅਤੇ ਇਕ ਪ੍ਰਭੂ ਤੋਂ ਬਿਨਾਂ ਬਾਕੀ ਸਭ ਸੰਸਾਰ ਮੰਗਤਾ ਹੈ, ਕੰਗਾਲ ਹੈ। ਜਿਸ ਤਰਾਂ ਪਹਿਲਾਂ ਜ਼ਿਕਰ ਕੀਤਾ ਗਿਆ ਕਿ ਦੇਗ ਅਤੇ ਤੇਗ ਅਕਾਲ ਪੁਰਖ ਦੀ ਦੇਣ ਹੈ। ਇਸ ਦੀ ਸਹੀ ਵਰਤੋਂ ਨਾਲ ਹੀ-ਖੁਸ਼ਹਾਲੀ ਕਾਇਮ ਰਹਿ ਸਕਦੀ ਹੈ।

ਇਕ ਕਰਤਾਰ ਦਤਾਰ ਬਿਨੁ ਭਾਸੇ ਸਭ ਕੰਗਾਲ॥
ਦੇਗ ਤੇਗ ਚਲਤੀ ਰਹੇ, ਲਾਗੋ ਨਹਿ ਜੰਗਾਲ॥[24]

ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਨੂੰ ਬੇਨਤੀ ਕਰਨ ਸਮੇਂ ਭੀ ਦੇਗ ਅਤੇ ਤੇਗ ਦੀ ਹੀ ਮੰਗ ਕੀਤੀ। ਇਨ੍ਹਾਂ ਦੋਹਾਂ ਚੀਜਾਂ ਦੀ ਸਫਲਤਾ ਜੀਵਨ ਮਨੋਰਥ ਦੀ ਸਫਲਤਾ ਹੈ। ਇਹ ਲੋਕ ਪ੍ਰਲੋਕ ਵਿੱਚ ਸਹਾਈ ਹੁੰਦੀ ਹੈ। ਭਗਤੀ, ਸ਼ਕਤੀ ਨੂੰ ਜਨਮ ਦੇਣ ਵਾਲੀ ਹੈ ਪ੍ਰੰਤੂ ਭਗਤੀ ਦੇਗ ਤੋਂ ਬਿਨਾਂ ਅਤੇ ਸ਼ਕਤੀ ਤੇਗ ਬਿਨਾਂ ਅਧੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਤੋਂ ਇਨਾਂ ਦੋਨਾਂ ਦੀ ਹੀ ਮੰਗ ਕੀਤੀ :

**ਦੇਗ ਤੇਗ ਜਗ ਮਹਿ ਦੋਊ ਚਲੈ॥**
**ਰਾਖੁ ਆਪ ਮੋਹਿ ਅਵਰੁ ਨ ਦਲੈ॥**[25]

ਸਿੱਖ ਯੋਧਿਆਂ ਜਿਨ੍ਹਾਂ ਨੇ ਮੈਦਾਨੇ ਜੰਗ ਅੰਦਰ ਆਪਣੀਆਂ ਤੇਗਾਂ ਦੇ ਜੋਹਰ ਦਿਖਾਏ। ਇਨ੍ਹਾਂ ਦੀਆਂ ਬਹਾਦਰੀਆਂ ਦੇ ਕਾਰਨਾਮਿਆਂ ਨੂੰ ਦੁਸ਼ਮਣ ਨੇ ਭੀ ਸਲਾਹਿਆ। ਕਾਜ਼ੀ ਨੂਰ ਮੁਹੰਮਦ, ਅਹਿਮਦ ਸ਼ਾਹ ਦੁਰਾਨੀ ਦੇ ਸਤਵੇਂ ਹਮਲੇ ਸਮੇਂ ਭਾਰਤ ਆਇਆ ਉਸ ਨੇ 'ਜੰਗ ਨਾਮੇ' ਅੰਦਰ ਸਿੱਖ ਸੂਰਬੀਰਾਂ ਲਈ ਭਾਵੇਂ ਸੱਗ (ਕੁੱਤੇ) ਸ਼ਬਦ ਵਰਤਿਆ ਹੈ ਪਰੰਤੂ ਇਨ੍ਹਾਂ ਦੀ ਤਲਵਾਰ ਚਲਾਉਣ ਦੀ ਬਹਾਦਰੀ ਦੀ ਤਰੀਫ਼ ਕਰਨੋਂ ਨਾ ਰਹਿ ਸਕਿਆ। ਉਸ ਦੇ ਸ਼ਬਦ ਹੇਠ ਲਿਖੇ ਅਨੁਸਾਰ ਹਨ :

ਇਨ੍ਹਾਂ ਕੁੱਤਿਆਂ ਨੂੰ ਕੁੱਤੇ ਨਾ ਆਖ ਕਿਉਂਕਿ ਇਹ ਸ਼ੇਰ ਹਨ ਅਤੇ ਲੜਾਈ ਦੇ ਮੈਦਾਨ ਵਿੱਚ ਬਹਾਦਰ ਸ਼ੇਰਾਂ ਵਾਂਗ ਹਨ। ਜੇ ਤੂੰ ਜੰਗ ਦਾ ਹੁਨਰ ਸਿਖਣਾ ਚਾਹੁੰਦਾ ਹੈਂ ਤਾਂ ਹੇ ਤਲਵਾਰ ਚਲਾਣ ਵਾਲੇ । ਇਨ੍ਹਾਂ ਪਾਸੋਂ ਸਿੱਖ ਇਹ ਜਦੋਂ ਹਿੰਦ ਦੀ ਤਲਵਾਰ ਹੱਥ ਵਿੱਚ ਲੈ ਲੈਂਦੇ ਹਨ ਤਾਂ ਹਿੰਦ (ਉਤਰੀ) ਤੋਂ ਲੈ ਕੇ ਸਿੰਧ ਤੀਕ ਮਿੱਧ ਜਾਂਦੇ ਹਨ ਜਦੋਂ ਉਹ ਨੇਜਾਂ ਹੱਥ ਵਿੱਚ ਲੈਂਦੇ ਹਨ ਤਾਂ ਦੁਸ਼ਮਣ ਦੀ ਫ਼ੌਜ ਨੂੰ ਭਾਜ ਪਾ ਦਿੰਦੇ ਹਨ ਜਦੋਂ ਨੇਜੇ ਦਾ ਸਿਰ ਅਸਮਾਨ ਵਲ ਕਰਦੇ ਹਨ।

..... ..... ..... ..... ..... ..... ..... .....

ਜਦੋਂ ਇਹ ਆਪਣੇ ਕਮਾਨਾਂ ਨੂੰ ਖਿਚਦੇ ਹਨ ਅਤੇ ਦੁਸ਼ਮਣ ਨੂੰ ਨਾਸ਼ ਕਰਨ ਵਾਲੇ ਤੀਰ ਅੰਦਰ ਰਖਦੇ ਹਨ ਤਾਂ ਉਹ ਚਿਲੇ ਨੂੰ ਕੰਨਾਂ ਤੀਕ ਖਿਚ ਲੈ ਜਾਂਦੇ ਹਨ ਅਤੇ ਦੁਸ਼ਮਣ ਦਾ ਸਰੀਰ, ਡਰ ਨਾਲ ਕੰਬਣ ਲੱਗ ਪੈਂਦਾ ਹੈ ਜਦੋਂ ਇਨ੍ਹਾਂ ਦੇ ਤਬਰ ਦੁਸ਼ਮਣ ਦੇ ਸੰਜੋਅ ਪਰ ਵਜਦੇ ਹਨ ਤਾਂ ਉਹ ਸੰਜੋਅ ਉਨ੍ਹਾਂ ਦਾ ਖੱਫਣ ਬਣ ਜਾਂਦਾ ਹੈ।

..... ..... ..... ..... ..... ..... ..... .....

ਤੂੰ ਕਹੇਗਾ ਕਿ ਬੰਦੂਕ ਤਾਂ ਇਕ ਪੁਰਾਣਾ ਹਥਿਆਰ ਹੈ ਇਹ ਲੁਕਮਾਨ ਹਕੀਮ ਦਾ ਬਣਿਆ ਨਹੀਂ ਇਹ ਇਨ੍ਹਾਂ ਕੁੱਤਿਆਂ ਦਾ ਬਣਾਇਆ ਜਾਪਦਾ ਹੈ । ਭਾਵੇਂ ਬਹੁਤ ਸਾਰੇ ਲੋਕ ਬੰਦੂਕਚੀ ਹਨ ਪਰ ਇਨ੍ਹਾਂ ਨਾਲੋਂ ਇਸ ਫਨ ਵਿੱਚ ਜ਼ਿਆਦਾ ਤਾਕ ਕੋਈ ਨਹੀਂ ਜੇ ਤੈਨੂੰ ਮੇਰੇ ਤੇ ਯਕੀਨ ਨਹੀਂ ਤਾਂ ਉਨ੍ਹਾਂ ਬਹਾਦਰਾਂ ਤੋਂ ਪੁੱਛ ਜੋ ਤੇਗ ਦੇ ਧਨੀ ਹਨ।[26]

ਸ਼ਸਤ੍ਰਾਂ ਦੀ ਪੂਜਾ, ਇਨ੍ਹਾਂ ਤੋਂ ਹਰ ਮੈਦਾਨ ਫਤਹ ਮੰਗਣੀ ਸਾਡੀ ਅਰਦਾਸ ਦਾ ਅੰਗ ਬਣ ਗਏ। ਸਿੰਘ ਰੋਜ਼ਾਨਾ ਦੋ ਵਕਤ ਅਕਾਲ ਪੁਰਖ ਤੋਂ ਖਾਲਸੇ ਦੀ ਚੜ੍ਹਦੀ ਕਲਾ, ਦੇਗ ਤੇਗ ਫਤਹ ਮੰਗਦਾ ਹੈ। ਜੀਵਨ ਮਨੋਰਥ ਦੀ ਪੂਰਤੀ ਲਈ 'ਸ੍ਰੀ ਸਾਹਿਬ' ਦੀ ਸਹਾਇਤਾ ਇਕ ਜ਼ਰੂਰੀ ਮੰਗ ਸੀ, ਹੁਣ ਭੀ ਹੈ ਅਤੇ ਹਮੇਸ਼ਾ ਰਹੇਗੀ।

ਪ੍ਰਿਥਮ ਭਗੌਤੀ ਸਿਮਰ ਕੈ॥
..... ..... ..... ..... .....
ਸ੍ਰੀ ਸਾਹਿਬ ਜੀ ਸਹਾਇ ।[27]

ਰਹਿਤਨਾਮੇ ਗੁਰਮਤਿ ਸਾਹਿਤ ਦਾ ਇਕ ਮਹੱਤਵਪੂਰਨ ਅੰਗ ਹਨ। ਇਨ੍ਹਾਂ ਵਿੱਚ ਸਿੱਖੀ ਦਾ ਆਚਾਰ-ਵਿਹਾਰ ਵਰਣਨ ਕੀਤਾ ਗਿਆ ਹੈ। ਸਿੱਖ ਚਰਿਤਰ ਵਿੱਚ ਖਾਲਸੇ ਨੂੰ ਹਥਿਆਰ ਅੰਗ ਸੰਗ ਰੱਖਣਾ ਜ਼ਰੂਰੀ ਕਰਾਰ ਦਿੱਤਾ ਗਿਆ ਹੈ। ਰਹਿਤਨਾਮਿਆਂ ਅੰਦਰ ਬਰਾਬਰ ਜ਼ਿਕਰ ਆਉਂਦਾ ਹੈ ਕਿ

ਖਾਲਸਾ ਸ਼ਸਤ੍ਰ ਅੰਗ ਸੰਗ ਰੱਖੋ ਇਸਦਾ ਵਿਸਾਹ ਨਾ ਖਾਵੇ।
ਆਦਿ ਆਦਿ :

ਸ਼ਸਤ੍ਰ ਹੀਨ ਇਹ ਕਬਹੁ ਨ ਹੋਈ॥
ਰਹਤਵੰਤ ਖਾਲਿਸਾ ਹੈ ਸੋਈ॥[28]
ਖਾਲਸਾ ਘੋੜੇ ਔਰ ਸ਼ਸਤ੍ਰ ਦੀ ਸਾਰ ਰਖੈ॥[29]

ਅਤੇ ਹੋਰ

ਕੱਛ ਕ੍ਰਿਪਾਣ ਨ ਕਬਹੂੰ ਤਯਾਗੇ॥
ਸਨਮੁਖ ਲਰੈ ਨ ਰਣ ਤੇ ਭਾਗੇ॥[30]

ਗੁਰੂ ਜੀ ਖਾਲਸੇ ਨੂੰ ਬਰਾਬਰ ਆਦੇਸ਼ ਕਰਦੇ ਰਹਿੰਦੇ ਸਨ ਕਿ ਸ਼ਸਤ੍ਰ ਪਹਿਨ ਕੇ ਗੁਰੂ ਦੇ ਹਜ਼ੂਰ ਆਉਣ, ਸ਼ਸਤ੍ਰ ਦਾ ਅਭਿਆਸ ਜ਼ਰੂਰੀ ਸੀ। ਖਾਸ ਕਰਕੇ ਹੋਲੇ-ਮਹਲੇ ਤੇ ਖਾਲਸੇ ਦੇ ਸ਼ਸਤ੍ਰਾਂ ਦੇ ਕਰਤੱਵ ਦੇਖ ਕੇ ਇਨਾਮ ਦਿੰਦੇ ਸਨ, ਇਨ੍ਹਾਂ ਸ਼ਸਤ੍ਰਾਂ ਦੀ ਕਰਾਮਾਤ ਸੀ, ਜਿਸ ਨੇ ਸਿੱਖੀ ਨੂੰ ਮਜ਼ਬੂਤੀ ਬਖਸ਼ੀ। ਇਸ ਦੇ ਵਜੂਦ ਨੂੰ ਕਾਇਮ ਰੱਖਿਆ। ਗੁਰੂ ਜੀ ਨੇ ਤਾਂ ਧਰਮਯੁੱਧ ਵਿੱਚ ਸ਼ਹੀਦ ਹੋਣ ਵਾਲੇ ਸਿੰਘ ਨੂੰ ਪੰਜ ਹਜਾਰੀ, ਦਸ ਹਜਾਰੀ ਖਿਤਾਬ ਅਤੇ ਸਵਰਗ ਪ੍ਰਾਪਤੀ ਦੀ ਅਸ਼ੀਰਵਾਦ ਦਿੱਤੀ ਹੈ। ਇਸ ਦਾ ਜ਼ਿਕਰ ਸਾਨੂੰ 'ਗੁਰ ਪਰਤਾਪ ਸੂਰਯ ਗ੍ਰੰਥ' ਵਿੱਚ ਮਿਲਦਾ ਹੈ। ਸ਼ਸਤ੍ਰ ਰਾਜ ਭਾਗ ਦਿਵਾਉਣ ਵਾਲੀ ਅਤੇ ਕਾਇਮ ਰੱਖਣ ਵਾਲੀ ਇਕ ਸ਼ਕਤੀ ਹੈ। ਗੁਰੂ ਫਰਮਾਨ ਹੈ ਕਿ ਧਰਮ ਯੁੱਧ ਵਿੱਚ ਸ਼ਹੀਦ ਸਿੰਘ ਸਿੱਧਾ ਸਵਰਗ ਜਾਂਦਾ ਹੈ ਅਤੇ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਸ਼ਸਤ੍ਰਨ ਕੇ ਅਧੀਨ ਹੈ ਰਾਜ॥
ਜੋ ਨ ਧਰਹਿ ਤਿਸ ਬਿਗਰਹਿ ਕਾਜ॥
ਯਾਂਤੇ ਸਰਬ ਖਾਲਸਾ ਸੁਨੀਅਹਿ॥
ਅਯੁਧ ਸਰਬੇ ਉੱਤਮ ਸੁਨੀਅਹ॥
ਜਬ ਹਮਰੇ ਦਰਸ਼ਨ ਕੋ ਆਵਹੁ॥
ਬਨ ਸੁਚੇਤ ਤਨੁ ਸ਼ਸਤ੍ਰ ਸੁਜਾਵਹੁ॥
ਕਮਰਕਸਾ ਕਰ ਦੇਹੁ ਦਿਖਾਹੀ॥
ਹਮਰੀ ਖੁਸ਼ੀ ਹੋਇ ਅਧਿਕਾਈ॥[31]
ਆਯੁਧ ਵਿਦਯਾ ਕੋ ਅਭਯਾਸਹੁ॥
ਬਨਹੁ ਬੀਰ ਅਰਿ ਸਮੁਖ ਬਿਨਾਸਹੁ॥
ਜਗਤੁ ਪਦਾਰਥੁ ਸਗਰੈ ਪਾਵਹੁ॥
ਭੋਗਹੁ ਆਪ ਤਿ ਅਵਰ ਭੋਗਾਵਹੁ॥
ਮਰਹੁ ਯੁਧ ਮਹਿ ਸੁਰਗ ਸਿਧਾਰਹੁ॥
ਜਹਿਕਾਮੀ ਸੁਖ ਸਕਲ ਬਿਹਾਰਹੁ॥
ਨਿਹਕਾਮੀ ਹੁਇ ਮੁਝ ਜੋ ਮੇਲੁ॥
ਪਰਹਿ ਨ ਜਨਮ ਮਰਨ ਕੇ ਗੈਲ॥[32]

❋❋❋

– ਡਾ. ਸ਼ਮਸ਼ੇਰ ਸਿੰਘ
#133 ਸ਼ੇਖਪੁਰਾ,
ਡਾ. ਪੰਜਾਬੀ ਯੂਨੀਵਰਸਿਟੀ, ਪਟਿਆਲਾ
ਮੋਬਾਇਲ : 9888438157

**ਹਵਾਲੇ :**

1. ਕਰਤਾਰ ਸਿੰਘ, ਪ੍ਰੋ. ਸਾਡਾ ਇਤਿਹਾਸ, ਪੰ. 231
2. ਸਤਿਬੀਰ ਸਿੰਘ, ਪ੍ਰਿੰ. ਸਾਡਾ ਇਤਿਹਾਸ, ਭਾਗ ਪਹਿਲਾ ਪੰ. 228
3. ਕਰਤਾਰ ਸਿੰਘ, ਪ੍ਰੋ. ਸਾਡਾ ਇਤਿਹਾਸ ਪੰ. 237
4. ਉਹੀ, ਪੰ. 237
5. ਨਰੈਣ ਸਿੰਘ, ਵਾਰਾਂ ਭਾਈ ਗੁਰਦਾਸ ਸਟੀਕ, (26-24)
6. ਜਗਜੀਤ ਸਿੰਘ, ਸਿੱਖ ਇਨਕਲਾਬ, ਪੰ. 153
7. ਸਤਿਬੀਰ ਸਿੰਘ, (ਪ੍ਰਿੰ.), ਸਾਡਾ ਇਤਿਹਾਸ, ਭਾਗ ਪਹਿਲਾ, ਪੰ. 263
8. ਉਹੀ, ਪੰ. 263
9. ਦਸਮ ਗ੍ਰੰਥ, ਪੰ. 119
10. ਗੁਰਮਤਿ ਮਾਰਤੰਡ, ਪੰ. 109 (ਤੋਂ ਉਧਰਿਤ)
11. ਉਹੀ, ਪੰ. 109
12. ਉਹੀ, ਪੰ. 109
13. ਭਗਤ ਰਤਨਾਵਲੀ, ਸਾਖੀ ਨੰ: 131
14. ਦਸਮ ਗ੍ਰੰਥ, ਪੰ. 717
15. ਉਹੀ, ਪੰ. 717
16. ਉਹੀ, ਪੰ. 39
17. ਦਸਮ ਗ੍ਰੰਥ, ਪੰ. 39
18. ਗੁਰ ਬਿਲਾਸ ਪਾ. 10 ਅਧਿ. 23
19. ਜਫਰਨਾਮਾ, ਸ਼ਿਅਰ 21
20. ਉਹੀ,
21. ਸ਼ਮਸ਼ੇਰ ਸਿੰਘ, ਅਸ਼ੋਕ, (ਸੰਪਾ.), ਨੀਸਾਣ ਤੇ ਹੁਕਮਨਾਮੇ ਹੁ. ਨੰ: 72, ਪੰ. 62
22. ਉਹੀ, ਹ. ਨੰ: 85 ਪੰ. 75
23. ਗੁਰਮਤਿ ਮਾਰਤੰਡ ਪੰ. 581
24. ਉਹੀ, ਪੰ. 582
25. ਦਸਮ ਗ੍ਰੰਥ, ਕ੍ਰਿਸ਼ਨ ਕਾਵਿ 436-3
26. ਸ਼ਾਹ ਮੁਹੰਮਦ, ਜੰਗ ਨਾਮਾ, ਗੁਰੂ ਗੋਬਿੰਦ ਸਿੰਘ ਸਮਰਪਣ ਗ੍ਰੰਥ
27. ਗੁਟਕਾ ਨਿਤਨੇਮ ਸ਼੍ਰੋ. ਗੁ. ਪ੍ਰੰ. ਕ. ਅਰਦਾਸ
28. ਨੰਦ ਲਾਲ, ਭਾਈ, ਰਹਿਤਨਾਮਾ ਤਨਖਾਹ ਨਾਮਾ
29. ਦਯਾ ਸਿੰਘ, ਭਾਈ, ਰਹਿਤਨਾਮਾ
30. ਦੇਸਾ ਸਿੰਘ, ਭਾਈ, ਰਹਿਤਨਾਮਾ
31. ਭਾਈ, ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਯ ਗ੍ਰੰਥ ਰੁਤ-3 ਅਧਿ. 23
32. ਉਹੀ, ਅਯਨ-2 ਅਧਿ: 23

# ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥



ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥
ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ॥
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ॥
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ॥
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ
ਹਰਿ ਵਰੁ ਥਿਰੁ ਸੋਹਾਗੋ॥੧੭॥੧॥

(ਅੰਗ ੧੧੦੯)

**ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥**

**ਬੇ** – ਦੋ, **ਬੇ ਦਸ** – ਬਾਰ੍ਹਾਂ ਮਹੀਨੇ, **ਰੁਤੀ** – ਰੁੱਤਾਂ, **ਥਿਤੀ** – ਥਿਤ (ਚੰਦਰਮਾ ਦੇ ਵੱਧਣ / ਤਘੱਟਣ ਰਾਹੀਂ ਸਮੇਂ ਮਾਪਣਾ), **ਵਾਰ** – ਦਿਨ, **ਭਲੇ** – ਚੰਗੇ।

ਜਿਸ ਜੀਵ-ਇਸਤ੍ਰੀ ਨੂੰ ਪ੍ਰੀਤਮ ਮਿਲ ਗਿਆ ਹੈ ਉਸ ਦੀ ਯਾਤਰਾ ਸਫਲ ਹੋ ਗਈ ਹੈ। ਉਸ ਨੂੰ ਰੁੱਤਾਂ, ਥਿਤਾਂ, ਦਿਨ-ਵਾਰ, ਮਹੀਨੇ ਸਭ ਚੰਗੇ ਲੱਗਦੇ ਹਨ।

**ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥**

**ਮੂਰਤ** – ਮਹੂਰਤ, **ਸਾਚੇ** – ਪ੍ਰੀਤਮ, **ਸਹਿਜ** – ਅਡੋਲਤਾ।

ਜਿਸ ਨੂੰ ਪ੍ਰੀਤਮ ਅਡੋਲ ਅਵਸਥਾ ਵਿਚ ਮਿਲ ਗਿਆ ਉਸ ਨੂੰ ਘੜੀਆਂ, ਮਹੂਰਤ ਤੇ ਪਲ ਸਭ ਚੰਗੇ ਲੱਗਦੇ ਹਨ।

**ਪ੍ਰਭ ਮਿਲੇ ਪਿਆਰੇ ਕਾਰਜ ਸਾਰੇ**
**ਕਰਤਾ ਸਭ ਬਿਧਿ ਜਾਣੈ॥**

**ਸਾਰੇ** – ਸੰਵਾਰ ਦੇਂਦਾ ਹੈ, **ਬਿਧਿ** – ਢੰਗ।

ਜਿਸ ਜੀਵ-ਇਸਤ੍ਰੀ ਨੂੰ ਪ੍ਰੀਤਮ ਮਿਲ ਜਾਂਦਾ ਹੈ ਉਸ ਦੇ ਸਾਰੇ ਕੰਮ ਆਪੇ ਹੀ ਸੰਵਰ ਜਾਂਦੇ ਹਨ ਕਿਉਂਕਿ ਉਹ ਸਫਲਤਾ ਦੇ ਸਾਰੇ ਢੰਗ ਜਾਣਦਾ ਹੈ।

**ਜਿਨਿ ਸੀਗਾਰੀ ਤਿਸਹਿ ਪਿਆਰੀ**
**ਮੇਲੁ ਭਇਆ ਰੰਗੁ ਮਾਣੈ॥**

**ਤਿਸਹਿ** – ਉਸੇ ਨੂੰ, ਰੰਗੁ – ਅਨੰਦ।

ਜਿਸ ਜੀਵ-ਇਸਤ੍ਰੀ ਨੂੰ ਪ੍ਰੀਤਮ ਮਿਲ ਜਾਂਦਾ ਹੈ ਉਸ ਨੂੰ ਉਹ ਆਪੇ ਹੀ ਸਜਾਂਦਾ ਹੈ ਤੇ ਪਿਆਰ ਕਰਦਾ ਹੈ ਅਤੇ ਉਹ ਇਸਤ੍ਰੀ ਇਸ ਮਿਲਾਪ ਦਾ ਅਨੰਦ ਮਾਣਦੀ ਹੈ।

**ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ**
**ਗੁਰਮੁਖਿ ਮਸਤਕਿ ਭਾਗੋ॥**

**ਘਰਿ** – ਹਿਰਦੇ ਵਿਚ, **ਰਾਵੀ** – ਮਿਲਾਪ।

ਜਿਸ ਜੀਵ ਰੂਪੀ ਇਸਤ੍ਰੀ ਦੇ ਭਾਗਾਂ ਵਿਚ ਹੁੰਦਾ ਹੈ ਉਸ ਦੇ ਹਿਰਦੈ ਵਿਚ ਪ੍ਰਭੂ ਦਾ ਵਾਸਾ ਹੁੰਦਾ ਹੈ ਅਤੇ ਮਿਲਾਪ ਹੁੰਦਾ ਹੈ।

**ਨਾਨਕ ਅਹਿਨਿਸਿ ਰਾਵੈ ਪ੍ਰੀਤਮੁ**
**ਹਰਿ ਵਰੁ ਥਿਰੁ ਸੋਹਾਗੋ ॥੧੭॥੧॥**

**ਅਹਿ** – ਦਿਨ, **ਨਿਸਿ** – ਰਾਤ,
**ਰਾਵੈ** – ਅਨੰਦ ਮਾਨਣਾ, **ਥਿਰੁ** – ਸਦਾ ਕਾਇਮ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਜਿ ਜਿਸ ਜੀਵ-ਇਸਤ੍ਰੀ ਨੂੰ ਆਪਣਾ ਪ੍ਰੀਤਮ ਮਿਲ ਜਾਂਦਾ ਹੈ ਉਸ ਦਾ ਸੁਹਾਗ ਸਦਾ ਕਾਇਮ ਰਹਿੰਦਾ ਹੈ ਅਤੇ ਉਹ ਰਾਤ-ਦਿਨ ਇਸ ਮਿਲਾਪ ਦਾ ਅਨੰਦ ਮਾਣਦੀ ਹੈ।

**: ਭਾਵ-ਅਰਥ :**

ਗੁਰੂ ਜੀ ਬਾਰਾਮਾਹ ਦੀ ਇਸ ਅਖੀਰਲੀ ਪਉੜੀ ਵਿਚ ਦਸਦੇ ਹਨ ਕਿ ਜਿਨ੍ਹਾਂ ਨੇ ਪ੍ਰਭੂ (ਸਾਚੇ) ਨਾਲ ਪਿਆਰ ਪਾਇਆ, ਬੇਹੱਦ ਪਿਆਰ ਪਾਇਆ, ਉਨ੍ਹਾਂ ਨੂੰ ਪ੍ਰਭੂ ਸਹਿਜੇ ਹੀ ਆ ਮਿਲਿਆ। ਇਸ ਪ੍ਰਕਾਰ ਦੀ ਜੀਵ ਇਸਤ੍ਰੀ ਲਈ ਸਾਲ ਦੇ ਬਾਰ੍ਹਾਂ ਮਹੀਨੇ, ਸਾਰੀਆਂ ਰੁੱਤਾਂ ਤੇ ਥਿਤੀਆਂ, ਸਾਰੇ ਦਿਨ ਤੇ ਘੜੀਆਂ, ਸਾਰੇ ਮਹੂਰਤ ਤੇ ਪਲ, ਅਨੰਦਮਈ ਹੋ ਜਾਂਦੇ ਹਨ। ਉਸ ਲਈ ਪ੍ਰਭੂ ਦਾ ਮਿਲਣ-ਵਿਛੁੜਨ ਦਾ ਸਿਲਸਿਲਾ ਖਤਮ ਹੋ ਜਾਂਦਾ ਹੈ। ਪ੍ਰਭੂ ਉਸ ਦੇ ਹਿਰਦੇ ਅੰਦਰ ਸਦੀਵੀ ਨਿਵਾਸ ਕਰ ਲੈਂਦਾ ਹੈ। ਇਸ ਵਿਆਖਿਆ ਵਿਚ ਅਸੀਂ ਸਮਝਦੇ ਹਾਂ ਕਿ ਪ੍ਰਭੂ ਕੀ ਹੈ ਅਤੇ ਉਹ ਸਾਡੇ ਅੰਦਰ ਕਿੱਦਾਂ ਨਿਵਾਸ ਕਰਦਾ ਹੈ?

**ਪ੍ਰਭੂ (ਸਾਚੇ) ਕੀ ਹੈ?**

ਗੁਰਬਾਣੀ ਵਿਚ ਸਾਚਾ / ਸਾਚ ਸ਼ਬਦ ਵਾਹਿਗੁਰੂ / ਪ੍ਰਭੂ ਲਈ ਵਰਤਿਆ ਗਿਆ ਹੈ। "ਸਾਚਾ ਸਾਹਿਬੁ ਸਾਚ ਨਾਇ॥" ਪਰ ਸਾਚਾ ਨਿਰਾਕਾਰ ਹੈ, ਉਸ ਦਾ ਕੋਈ ਆਕਾਰ ਨਹੀਂ। ਇਸ ਲਈ ਅਸੀਂ ਉਸ ਨੂੰ ਆਪਣੀਆਂ ਅੱਖਾਂ ਨਾਲ ਨਹੀਂ ਦੇਖ ਸਕਦੇ, ਹੱਥਾਂ ਨਾਲ ਨਹੀਂ ਛੂ ਸਕਦੇ, ਕੰਨਾਂ ਨਾਲ ਨਹੀਂ ਸੁਣ ਸਕਦੇ। ਹਾਂ, ਅਸੀਂ ਉਸ ਦੇ ਗੁਣਾਂ ਦੀ ਗਿਣਤੀ ਕਰ ਸਕਦੇ ਹਾਂ। ਪਰ ਗਿਣਤੀ ਹਮੇਸ਼ਾ ਸੀਮਤ ਹੁੰਦੀ ਹੈ। ਕਿੰਨੀ ਵੀ ਗਿਣਤੀ ਕਰ ਲਉ, ਕੁਝ ਨਾ ਕੁਝ ਬਾਕੀ ਰਹਿ ਜਾਂਦਾ ਹੈ। ਇਸ ਲਈ ਅਸੀਂ ਨਾ ਵਾਹਿਗੁਰੂ ਦੀ ਪ੍ਰੀਭਾਸ਼ਾ ਕਰ ਸਕਦੇ ਹਾਂ, ਨਾ ਉਸ ਦੇ ਗੁਣਾਂ ਦੀ ਗਿਣਤੀ, ਕਿਉਂਕਿ ਉਹ ਪ੍ਰਭੂ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹਾਂ (ਅਗੰਮ) ਹੈ ਅਤੇ ਉਸ ਦਾ ਦੂਸਰਾ ਪਾਸਾ ਨਹੀਂ ਦਿਸਦਾ (ਅਪਾਰ)। ਗੁਰਮਤਿ ਹੈ ਕਿ ਉਸ ਨੂੰ ਕਥਨ ਹੀ ਨਹੀਂ ਕੀਤਾ ਜਾ ਸਕਦਾ, ਉਸ ਨੂੰ ਤੋਲਿਆ ਨਹੀਂ ਜਾ ਸਕਦਾ, ਉਹ ਬੇਅੰਤ ਹੈ–

**ਊਚਾ ਅਗਮ ਅਪਾਰ ਪ੍ਰਭੁ ਕਥਨੁ ਨ ਜਾਇ ਅਕਥੁ॥**
**(ਅੰਗ ੨੦੪)**

**ਅਤੁਲੁ ਕਿਉ ਤੋਲਿਆ ਜਾਇ॥**
**ਦੂਜਾ ਹੋਇ ਤਾ ਸੋਝੀ ਪਾਇ॥**
**(ਅੰਗ ੨੯੭)**

**ਮਹਿਮਾ ਨ ਜਾਨਹਿ ਬੇਦ॥**
**ਬ੍ਰਹਮੇ ਨਹੀ ਜਾਨਹਿ ਭੇਦ॥**
**ਅਵਤਾਰ ਨ ਜਾਨਹਿ ਅੰਤੁ॥**
**ਪਰਮੇਸਰੁ ਪਾਰਬ੍ਰਹਮ ਬੇਅੰਤੁ॥**
**(ਅੰਗ ੮੯੪)**

ਇਸ ਲਈ ਨਾ ਪ੍ਰਭੂ ਦੀ ਪ੍ਰੀਭਾਸ਼ਾ ਕੀਤਾ ਜਾ ਸਕਦੀ ਹੈ ਨਾ ਉਸ ਦੇ ਗੁਣਾਂ ਦੀ ਗਿਣਤੀ। ਧਰਮ ਗ੍ਰੰਥ ਇਸ ਬਾਰੇ ਸਿਰਫ ਇਸ਼ਾਰੇ ਹੀ ਕਰ ਸਕਦੇ ਹਨ। ਇਕ ਇਸ਼ਾਰਾ ਹੈ ਕਿ ਪ੍ਰਭੂ ਪ੍ਰਕ੍ਰਿਤੀ ਵਿਚ ਹੈ "ਬਲਿਹਾਰੀ ਕੁਦਰਤ ਵਸਿਆ॥" ਅਸੀਂ ਜੋ ਵੀ ਦੇਖ ਰਹੇ ਹਾਂ, ਸੁਣ ਰਹੇ ਹਾਂ, ਸਭ ਉਸੇ ਦਾ ਹੀ ਰੂਪ ਹੈ। ਦ੍ਰਿਸ਼ (ਪਰਬਤ-ਪਹਾੜ, ਪੰਖੀ-ਪਸ਼ੂ, ਇਸਤ੍ਰੀ-ਪੁਰਖ) ਸੂਖਮ (ਹਵਾ, ਅਤੀ ਛੋਟੇ ਕੀਟਾਣੂ, (Germs Virus) ਅਤੇ ਅਦ੍ਰਿਸ਼ (ਬਿਜਲੀ ਜਾਂ ਮਿਕਨਾਤੀਸ ਦੀ ਸ਼ਕਤੀ, ਗਰਮੀ-ਸਰਦੀ) ਸਭ ਵਿਚ ਉਸੇ ਦਾ ਹੀ ਪ੍ਰਕਾਸ਼ ਹੈ, ਸਭ ਵਿਚ ਉਹੀ ਮੂਰਤੀਮਾਨ ਹੈ ਸਭਨਾਂ ਘਟਾਂ (ਆਕਾਰਾਂ) ਵਿਚ ਉਹੀ ਵਸਦਾ ਹੈ। ਗੁਰਬਾਣੀ ਕਹਿੰਦੀ ਹੈ –

**ਏਕ ਅਨੇਕ ਬਿਆਪਕ ਪੂਰਕ**
**ਜਤ ਦੇਖਉ ਤਤ ਸੋਈ॥**
**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ**
**ਬਿਰਲਾ ਬੂਝੈ ਕੋਈ॥**
**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ**
**ਗੋਬਿੰਦ ਬਿਨੁ ਨਹੀ ਕੋਈ॥**
**(ਅੰਗ ੪੮੫)**

**ਘਟ ਘਟ ਅੰਤਰਿ ਸਰਬ ਨਿਰੰਤਰਿ**
**ਕੇਵਲ ਏਕ ਮੁਰਾਰੀ॥**
**(ਅੰਗ ੪੮੫)**

**ਅੰਡਜ ਜੇਰਜ ਸੇਤਜ ਉਤਭੁਜ**
**ਘਟਿ ਘਟਿ ਜੋਤਿ ਸਮਾਣੀ॥**

**(ਅੰਗ ੧੧੦੯)**

**ਅਵਲਿ ਅਲਹ ਨੂਰਿ ਉਪਾਇਆ**
**ਕੁਦਰਤਿ ਕੇ ਸਭ ਬੰਦੇ॥**

**(ਅੰਗ ੧੩੪੯)**

ਸਭ ਪ੍ਰਭੂ ਦੇ ਹੀ ਰੂਪ ਹਨ। ਲਹਿਰਾਂ ਸਾਗਰ ਦਾ ਹੀ ਹਿੱਸਾ ਹਨ। ਹਵਾ ਚਲਣ ਨਾਲ ਸਾਗਰ ਦੇ ਪਾਣੀ ਦਾ ਇਹ ਹਿੱਸਾ ਲਹਿਰਾਂ ਦਾ ਰੂਪ ਧਾਰਨ ਕਰ ਲੈਂਦਾ ਹੈ। ਪਰ ਫਿਰ ਵੀ ਲਹਿਰਾਂ ਸਾਗਰ ਨਾਲ ਜੁੜੀਆਂ ਰਹਿੰਦੀਆਂ ਹਨ। ਲਹਿਰਾਂ ਨੂੰ ਭਰਮ ਹੋ ਸਕਦਾ ਹੈ ਕਿ ਉਹ ਸਾਗਰ ਨਾਲੋਂ ਵੱਖਰੀਆਂ ਹਨ (ਜਿੱਦਾਂ ਹਉਮੈ ਕਾਰਣ ਅਸੀਂ ਆਪਣੇ ਆਪ ਨੂੰ ਇੱਦਾਂ ਸਮਝਣ ਲੱਗਦੇ ਹਾਂ), ਪਰ ਇਹ ਭਰਮ ਹੀ ਹੁੰਦਾ ਹੈ, ਵਾਸਤਵਿਕਤਾ ਨਹੀਂ। ਲਹਿਰ ਸਾਗਰ ਦਾ ਅਨਿਖੜਵਾਂ ਅੰਗ ਹੈ –

**ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ**
**ਕਵਣੁ ਬੁਝੈ ਬਿਧਿ ਜਾਣੈ॥**

**(ਅੰਗ ੮੭੮)**

**ਜਲ ਤੇ ਊਠਹਿ ਅਨਿਕ ਤਰੰਗਾ॥**
**ਕਨਿਕ ਭੂਖਨ ਕੀਨੇ ਬਹੁ ਰੰਗਾ॥**

**(ਅੰਗ ੭੩੬)**

**ਜਲ ਤੇ ਤਰੰਗ ਤਰੰਗ ਤੇ ਹੈ**
**ਜਲੁ ਕਹਨ ਸੁਨਨ ਕਉ ਦੂਜਾ॥**

**(ਅੰਗ ੧੨੫੨)**

**ਜਲ ਤਰੰਗ ਅਰੁ ਫੇਨ ਬੁਦਬੁਦਾ**
**ਜਲ ਤੇ ਭਿੰਨ ਨ ਹੋਈ॥**

**(ਅੰਗ ੪੮੫)**

ਕਿਰਤ ਤੇ ਕਰਤਾ ਦੋ ਨਹੀਂ ਹਨ। ਦੋਵੇਂ ਇਕ ਦੂਜੇ ਵਿਚ ਓਤਪੋਤ ਹਨ। ਅਸੀਂ ਭਰਮ ਕਾਰਣ ਪ੍ਰਭੂ ਨੂੰ ਆਪਣੇ ਤੋਂ ਅਲਗ ਸਮਝ ਬੈਠੇ ਹਾਂ ਅਤੇ ਕਈਆਂ ਨੇ ਤਾਂ ਉਸ ਨੂੰ ਉਪਰ ਅਸਮਾਨ ਤੇ ਬਿਠਾ ਦਿੱਤਾ ਹੈ। ਅਸੀਂ ਆਮ ਕਹਿੰਦੇ ਹਾਂ ਨਾ ਕਿ "ਉਪਰ ਵਾਲਾ ਜਾਣੈ" ਜਾਂ "ਉਪਰ ਵਾਲੇ ਦੀ ਮਿਹਰ ਚਾਹੀਦੀ ਹੈ।" ਪਰ ਉਹ ਸਾਡੇ ਤੋਂ ਭਿੰਨ ਨਹੀਂ ਹੈ। ਅਸੀਂ ਸੀਮਤ ਹਾਂ। ਇਸ ਲਈ ਅਸੀਂ ਜੋ ਵੀ ਕਹਾਂਗੇ ਜਾਂ ਕਰਾਂਗੇ, ਉਹ ਵੀ ਸੀਮਤ ਹੀ ਹੋਏਗਾ। ਅਸੀਂ ਜੋ ਵੀ ਬਣਾਵਾਂਗੇ ਉਹ ਵੀ ਸੀਮਤ ਹੀ ਹੋਏਗਾ। ਇਸ ਲਈ ਸਾਡੇ ਧਰਮ ਅਸਥਾਨ ਪ੍ਰਭੂ ਦੇ ਰਹਿਣ ਦਾ ਟਿਕਾਣਾ ਨਹੀਂ ਹੋ ਸਕਦੇ ਕਿਉਂਕਿ ਇਹ ਮਨੁੱਖ ਦੀ ਕਿਰਤ ਹਨ। ਪਰ ਮਨੁੱਖ ਮਨੁੱਖ ਦੀ ਕਿਰਤ ਨਹੀਂ ਹੈ। ਮਨੁੱਖ ਨੇ ਬਹੁਤ ਕੁਝ ਬਣਾਇਆ ਹੈ ਅਤੇ ਬਣਾਈ ਜਾ ਰਿਹਾ ਹੈ, ਪਰ ਮਨੁੱਖ ਮਨੁੱਖ ਨਹੀਂ ਬਣਾ ਸਕਦਾ। ਕਲੋਨਿੰਗ (Cloning) ਵਿਚ ਵੀ ਪ੍ਰਭੂ ਦੀ ਸਹਾਇਤਾ ਚਾਹੀਦੀ ਹੈ। ਨਾ ਹੀ ਅਸੀਂ ਸੂਰਜ, ਚੰਨ, ਤਾਰੇ ਜਾਂ ਉਪਗ੍ਰਹਿ ਬਣਾ ਸਕਦੇ ਹਾਂ। ਇਨ੍ਹਾਂ ਸਭਨਾਂ ਦਾ ਕਰਤਾ ਵਾਹਿਗੁਰੂ ਹੈ। ਅਸੀਂ ਸਥਾਈ ਤੌਰ ਤੇ ਕੁਝ ਵੀ ਨਹੀਂ ਬਣਾ ਸਕਦੇ, ਉਸ ਕਰਤੇ ਨੂੰ ਤਾਂ ਕੀ ਬਨਾਣਾ ਹੈ ਜਾਂ ਸਥਾਪਤ ਕਰਨਾ ਹੈ। ਉਹ ਨਿਰੰਕਾਰ ਆਪਣੇ ਆਪ ਤੋਂ ਹੀ ਹੈ –

**ਥਾਪਿਆ ਨ ਜਾਇ ਕੀਤਾ ਨ ਹੋਇ॥**
**ਆਪੇ ਆਪਿ ਨਿਰੰਜਨੁ ਸੋਇ॥**

**(ਅੰਗ ੨)**

ਪ੍ਰਭੂ ਸਾਡੇ ਵਿਚ ਹੁੰਦਿਆਂ ਹੋਇਆਂ ਵੀ ਇਕ ਰਹਸ ਹੈ, ਇਕ ਬੁਝਾਰਤ ਹੈ, ਇਕ ਗੋਰਖਧੰਦਾ ਹੈ। ਇਸ ਰਹਸ ਨੂੰ ਜਿੰਨਾ ਵੀ ਜਾਣੋ ਉਹ ਰਹਸ ਹੋਰ ਅੱਗੇ ਵੱਧਦਾ ਜਾਂਦਾ ਹੈ। ਸਾਇੰਸ ਇਸ ਰਹਸ ਤੋਂ ਪੜਦਾ ਚੁਕ ਰਹੀ ਹੈ, ਜਿਸ ਕਾਰਣ ਉਸ ਦਾ ਰਹਸ ਖਤਮ ਹੋ ਜਾਂਦਾ ਹੈ। ਸਾਇੰਸ ਦੀ ਵੱਡੀ ਦੇਣ ਸਾਡੀ ਰਹਸਤਾ ਖਤਮ ਕਰਨਾ ਹੈ। ਥੋੜ੍ਹਾ ਬਹੁਤ ਜਾਨਣ ਬਾਅਦ ਵਿਗਿਆਨ ਭਰਮ ਪਾਲ ਲੈਂਦਾ ਹੈ ਕਿ ਉਹ ਪ੍ਰਭੂ ਨੂੰ ਜਾਣ ਲਵੇਗਾ। ਉਸ ਦੀ ਰਹਸਤਾ ਉਪਰੋਂ ਪੜਦਾ ਚੁਕ ਲਵੇਗਾ।

ਡਾ. ਕਰਿਕ (Francis Crick) ਦਾ ਵਿਸ਼ਵਾਸ ਸੀ ਕਿ ਇਕ ਦਿਨ ਉਹ ਪ੍ਰਭੂ ਦੇ ਰਹਸ ਦਾ ਪੜਦਾ ਖੋਲ੍ਹ ਲਵੇਗਾ। ਉਸ ਨੇ ਸਾਡੇ ਸਰੀਰ ਦੇ ਡੀ.ਐਨ.ਏ. (DNA) ਲੱਭ ਲਏ, ਉਸ ਨੇ ਇਸ ਦੇ 40,000 ਦੇ ਕਰੀਬ ਜੀਨ (Genes) ਵੀ ਲੱਭ ਲਏ ਜਿਹੜੇ ਪਿਉ ਦਾਦੇ ਦਾ ਦਿੱਤਾ ਖਜ਼ਾਨੇ ਸੰਭਾਲਦੇ ਹਨ। ਉਹ ਸਮਝਦਾ ਰਿਹਾ ਕਿ ਆਤਮਾ ਪ੍ਰਮਾਤਮਾ ਇਨ੍ਹਾਂ ਵਿਚ ਹੀ ਹੈ। ਫਿਰ ਉਸ ਦਾ ਧਿਆਨ ਮਨ ਵੱਲ ਗਿਆ। ਉਸ ਦੀ ਧਾਰਨਾ ਸੀ ਕਿ ਜੇ ਮਨ ਸਰੀਰ ਨਾਲੋਂ ਅਲਗ ਵੀ ਹੈ ਤਾਂ ਵੀ ਉਹ ਇਸ ਨੂੰ ਸਮਝ ਲਵੇਗਾ। ਉਸ ਅਨੁਸਾਰ ਮਨ ਵੀ ਨਾੜੀਆਂ (Nerves) ਦਾ ਤਾਨਾ- ਬਾਨਾ ਹੀ ਹੈ। ਇਹ ਨਾੜੀਆਂ ਸਰੀਰ ਦੀਆਂ ਗਿਆਨ ਇੰਦ੍ਰੀਆਂ ਦੀ ਖਬਰ ਬੁਧੀ ਨੂੰ ਪਹੁੰਚਾਂਦੀਆਂ ਹਨ ਅਤੇ ਬੁਧੀ ਸਾਡੀਆਂ ਕਰਮ ਇੰਦ੍ਰੀਆਂ ਨੂੰ ਕਰਮ ਕਰਨ ਦਾ ਆਦੇਸ਼ ਦੇਂਦੀਆਂ ਹਨ। ਇਸ ਕਰਕੇ ਆਤਮਾ (Consiciousnass) ਮਨ ਅੰਦਰ ਹੈ ਜਿਹੜੀ ਸਰੀਰ ਤੇ ਰਾਜ ਕਰਦੀ ਹੈ। ਪਰ ਉਸ ਨੂੰ ਆਪਣੇ ਤਰਕ ਦੀ ਕਮਜ਼ੋਰੀ ਨਜ਼ਰ ਆ ਗਈ। ਅਖੀਰ ਉਸ

ਮੰਨਿਆ ਕਿ ਦੂਸਰਿਆਂ ਨੂੰ ਇਹ ਸਮਝਾਣਾ ਕਠਿਨ ਹੈ ਕਿ ਕਿਸੇ ਇਕ ਦਾ ਆਤਮਕ ਅਨੁਭਵ ਕੀ ਹੈ? ਕਿਉਂਕਿ ਆਤਮਿਕ ਅਨੁਭਵ ਵਿਅਕਤੀਗਤ (Subjective) ਹਨ, ਇਸ ਲਈ ਸਾਇੰਸ ਪੂਰੀ ਤਰ੍ਹਾਂ ਬਿਆਨ ਨਹੀਂ ਕਰ ਸਕਦੀ ਕਿ ਮਨ ਦੇ ਅੰਦਰ ਕੀ ਚਲਦਾ ਹੈ ਤੇ ਕਿਉਂ ਚਲਦਾ ਹੈ।

ਡਾ. ਡੇਵਿਡ ਚੈਂਬਰ ਵੀ ਇਹੀ ਸਵਾਲ ਉਠਾਂਦਾ ਹੈ। ਉਹ ਪੁੱਛਦਾ ਹੈ ਕਿ ਜੇ ਅਸੀਂ ਇੱਦਾਂ ਦੇ ਚਿਪ (Chips) ਬਣਾ ਲਈਏ ਜਿਹੜੇ ਸਾਡੇ ਮਨ ਦੀਆਂ ਸਾਰੀਆਂ ਨਾੜੀਆਂ ਦਾ ਕੰਮ ਕਰ ਸਕਣ ਤਾਂ ਕੀ ਹੋਏਗਾ। ਕੀ ਅਸੀਂ ਮਨ ਬਣਾ ਲਵਾਂਗੇ? ਉਹ ਕਹਿੰਦਾ ਹੈ "ਜੇ ਇਹ ਚਿਪ ਇਨ-ਬਿਨ ਉਦਾਂ ਹੀ ਕੰਮ ਕਰਨ ਜਿੱਦਾਂ ਸਾਡਾ ਮਨ ਕਰ ਰਿਹਾ ਹੈ ਤਾਂ ਕੀ ਅਸੀਂ ਕਹਿ ਸਕਦੇ ਹਾਂ ਕਿ ਇਹ ਆਤਮਕ ਅਨੁਭਵ ਉਦਾਂ ਦਾ ਹੀ ਹੈ ਜਿੱਦਾਂ ਦਾ ਕਿ ਸਾਡੇ ਆਪਣੇ ਮਨ ਦਾ ਹੈ?"

ਡਾ. ਸਟੀਫੈਨ ਹਾਉਕਿੰਗ (Stephen Hawking) ਠੀਕ ਕਹਿੰਦਾ ਹੈ ਕਿ ਸਾਇੰਸ ਦੀਆਂ ਥੀਊਰੀਆਂ ਬਦਲਦੀਆਂ ਰਹਿੰਦੀਆਂ ਹਨ ਅਤੇ ਤਨ-ਮਨ-ਬੁਧੀ-ਚੇਤਨਾ ਬਾਰੇ ਵੀ ਇਹ ਵਿਚਾਰ ਬਦਲਦੇ ਰਹਿਣਗੇ। ਅਸੀਂ (A) ਤੋਂ (Z) ਤੱਕ ਪੂਰੀ ਤਰ੍ਹਾਂ ਕੁਝ ਵੀ ਨਹੀਂ ਸਮਝ ਸਕਦੇ। ਕਿਉਂਕਿ ਸਭ ਬਦਲਾਹਟ ਵਿਚ ਹੈ, ਇਸੇ ਕਾਰਣ ਸਾਇੰਸ ਵੀ ਹਮੇਸ਼ਾ ਹੱਥ ਨਾ ਆਣ ਵਾਲੇ ਰਹਸ (Elusive Truth) ਨੂੰ ਲੱਭਦੀ ਰਹੇਗੀ।"

ਸਾਇੰਸ ਵਿਸਮਾਦ ਖਤਮ ਕਰਦੀ ਹੈ ਤੇ ਧਰਮ ਵਿਸਮਾਦ ਨੂੰ ਉਭਾਰਨਾ ਚਾਹੁੰਦਾ ਹੈ। ਇਕ ਨਵੀਂ ਖਿਲੀ ਕਲੀ ਵਿਚ ਸਾਇੰਸ ਨੂੰ ਕੁਝ ਨਹੀਂ ਦਿਸਦਾ, ਪਰ ਇਕ ਧਾਰਮਿਕ ਆਦਮੀ ਨੂੰ ਉਸ ਵਿਚ ਪ੍ਰਭੂ ਦਾ ਰਹਸ ਨਜ਼ਰ ਆਂਦਾ ਹੈ। ਸਾਇੰਸ ਨੂੰ ਰੋਜ਼ ਚੜ੍ਹਦੇ ਤੇ ਡੁਬਦੇ ਸੂਰਜ ਵਿਚ ਕੁਝ ਨਵਾਂ ਨਹੀਂ ਦਿਸਦਾ ਸਿਵਾਏ ਐਨਰਜ਼ੀ ਦੇ ਨਾਸ਼ ਹੋਣ ਦੇ। ਅਤੇ ਇਕ ਧਾਰਮਿਕ ਵਿਅਕਤੀ ਨੂੰ ਪ੍ਰਭੂ ਦਾ ਨਿਤ ਨਵਾਂ ਰੰਗ ਦਿਸਦਾ ਹੈ। ਇਸੇ ਕਾਰਨ ਸਾਡੇ ਦੇਸ਼ ਵਿਚ ਬਹੁਤੇ ਆਦਮੀ ਚੜ੍ਹਦੇ ਤੇ ਡੁਬਦੇ ਸਮੇਂ ਪ੍ਰਭੂ ਦੇ ਰਹਸ ਉਪਰ ਧਿਆਨ ਕਰਦੇ ਹਨ। ਪਰ ਉਸ ਰੰਗ- ਬਿਰੰਗੇ ਰਹਸ ਨੂੰ ਮਨ ਅੰਦਰ ਵਸਾਣ ਦੀ ਥਾਂ ਲੋਕੀਂ ਕਿਸੇ ਮੰਤਰ ਉਪਰ ਧਿਆਨ ਕਰਨ ਲੱਗਦੇ ਹਨ। ਲੋੜ ਹੈ ਪ੍ਰਭੂ ਦੇ ਇਸ ਪ੍ਰਗਟ ਰੂਪ ਨੂੰ ਆਪਣੇ ਧੁਰ ਅੰਦਰ ਵਸਾਣ ਦੀ, ਕਿਸੇ ਜਾਪ ਦੀ ਨਹੀਂ, ਉਸਤਤੀ ਦੀ ਨਹੀਂ।ਇਸ ਰਹਸ ਨੂੰ ਨਾ ਦੇਖ ਪਾਣਾ, ਪ੍ਰਭੂ ਨੂੰ ਨਾ ਦੇਖ ਪਾਣਾ ਹੈ। ਇਸੇ ਲਈ ਗੁਰੂ ਜੀ ਉਸ ਵਿਸਮਾਦ ਨੂੰ ਸਭ ਰੂਪਾਂ ਵਿਚ ਮਾਨਣ ਲਈ ਕਹਿੰਦੇ ਹਨ –

**ਵਿਸਮਾਦੁ ਨਾਦ ਵਿਸਮਾਦੁ ਵੇਦ॥**
**ਵਿਸਮਾਦੁ ਜੀਅ ਵਿਸਮਾਦੁ ਭੇਦ॥**
**ਵਿਸਮਾਦੁ ਰੂਪ ਵਿਸਮਾਦੁ ਰੰਗ॥**
**ਵਿਸਮਾਦੁ ਨਾਗੇ ਫਿਰਹਿ ਜੰਤ॥**
**ਵਿਸਮਾਦੁ ਪਉਣੁ ਵਿਸਮਾਦੁ ਪਾਣੀ॥**
**ਵਿਸਮਾਦੁ ਅਗਨੀ ਖੇਡਹਿ ਵਿਡਾਣੀ॥**
**ਵਿਸਮਾਦੁ ਧਰਤੀ ਵਿਸਮਾਦੁ ਖਾਣੀ॥**
**ਵਿਸਮਾਦੁ ਸਾਦਿ ਲਗਹਿ ਪਰਾਣੀ॥**
**ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥**
**ਵਿਸਮਾਦੁ ਭੁਖ ਵਿਸਮਾਦੁ ਭੋਗੁ॥**
**ਵਿਸਮਾਦੁ ਸਿਫਤ ਵਿਸਮਾਦੁ ਸਾਲਾਹ॥**
**ਵਿਸਮਾਦੁ ਉਝੜ ਵਿਸਮਾਦੁ ਰਾਹ॥**
**ਵਿਸਮਾਦੁ ਨੇੜੈ ਵਿਸਮਾਦੁ ਦੂਰਿ॥**
**ਵਿਸਮਾਦੁ ਦੇਖੈ ਹਾਜਰਾ ਹਜੂਰਿ॥**
**ਵੇਖਿ ਵਿਡਾਣੁ ਰਹਿਆ ਵਿਸਮਾਦੁ॥**
**ਨਾਨਕ ਬੁਝਣੁ ਪੂਰੈ ਭਾਗਿ॥**

**(ਅੰਗ ੪੬੩)**

ਸਾਡੀ ਵਿਸਮਾਦੁ ਦੇਖਣ ਦੀ ਅੱਖ ਨਸ਼ਟ ਹੋ ਗਈ ਹੈ ਅਤੇ ਫਲਸਰੂਪ ਪ੍ਰਭੂ ਨੂੰ ਦੇਖਣ ਦੀ ਵੀ। ਹੇਮਕੁੰਟ ਪਹੁੰਚ ਕੇ ਵੀ ਸਾਨੂੰ ਵਿਸਮਾਦ ਨਹੀਂ ਦਿਸਦਾ। ਹਰ ਪੜਾਅ ਤੇ ਵਿਸਮਾਦ ਖਿਲਰਿਆ ਪਿਆ ਹੈ। ਅੱਖਾਂ ਖੋਲ੍ਹ ਕੇ ਦੇਖਣ ਦੀ ਲੋੜ ਹੈ। ਵੈਲੀ ਆਫ ਫਲਾਵਰਜ਼ (Valley of Flowers) ਵਿਚ ਪ੍ਰਭੂ ਦਾ ਵਿਸਮਾਦ ਪਸਰਿਆ ਪਿਆ ਹੈ ਪਰ ਬਹੁਤ ਯਾਤਰੀ ਉਸ ਪਾਸੇ ਝਾਤ ਹੀ ਨਹੀਂ ਮਾਰਦੇ, ਵਿਸਮਾਦੀ ਹੋਣਾ ਤਾਂ ਦੂਰ ਦੀ ਗੱਲ ਹੈ। ਹੇਮਕੁੰਟ ਪਹੁੰਚ ਕੇ ਵੀ ਦਰਸ਼ਨ ਕਰਕੇ ਤੁਰੰਤ ਪਰਤ ਆਣ ਦੀ ਕਾਹਲੀ ਰਹਿੰਦੀ ਹੈ। ਠੰਡੀ ਝੀਲ ਤੇ ਪਥਰੀਲੇ ਪਰਬਤਾਂ ਦੇ ਵਿਸਮਾਦ ਨੂੰ ਮਾਨਣ ਦਾ ਧਿਆਨ ਨਹੀਂ ਰਹਿੰਦਾ। ਗੁਰਬਾਣੀ ਤਾਂ ਕਹਿੰਦੀ ਹੈ ਕਿ ਵਾਹਿਗੁਰੂ ਹਰ ਪਲ ਨਵਾਂ ਹੁੰਦਾ ਹੈ (**ਸਾਹਿਬੁ ਮੇਰਾ ਨੀਤ ਨਵਾ**)। ਨਵੇਂ ਦਾ ਸਵਾਗਤ ਕਰਨਾ ਸਿਖੋ। ਮੰਜ਼ਲ ਦੀ ਗੱਲ ਛੱਡੋ। ਹਰ ਪੜਾਅ ਦਾ ਲੁਤਫ ਲਉ। ਕਹਾਣੀ ਹੈ ਕਿ ਕਿਸੇ ਭਗਤ ਨੂੰ ਪ੍ਰਭੂ ਨੇ ਕਿਹਾ ਕਿ ਮੈਂ ਅੱਜ ਰਾਤੀਂ ਆਵਾਂਗਾ। ਉਹ ਉਡੀਕਦਾ ਰਿਹਾ, ਪਰ ਪ੍ਰਭੂ ਨਜ਼ਰ ਨਾ ਆਇਆ। ਲੋਕੀਂ ਕਹਿਣ 'ਰੱਬ ਵੀ ਇੱਦਾਂ ਕਹਿ ਕੇ ਆਂਦਾ ਹੈ।' ਥਕਾਵਟ ਤੇ ਲੋਕਾਂ ਦੀ ਕਹੀ-ਸੁਣੀ ਕਾਰਣ ਉਹ ਸੌਂ ਗਿਆ। ਪ੍ਰਭੂ ਰਾਤੀਂ ਤਿੰਨ ਵਜੇ ਦੇ ਕਰੀਬ ਆਇਆ ਤਾਂ ਉਸ ਨੂੰ ਸੁੱਤਾ ਦੇਖ ਕੇ ਪਲਟ ਗਿਆ।

ਅਗਲੇ ਦਿਨ ਪ੍ਰਭੂ ਨੇ ਕਿਹਾ "ਮੈਂ ਕਲ੍ਹ ਫਿਰ ਆਵਾਂਗਾ ਸੌਂ ਨਾ ਜਾਈ।" ਭਗਤ ਨੇ ਘਰ ਦੀ ਸਾਫ-ਸਫਾਈ ਕੀਤੀ। ਉਹ ਪੂਰਾ ਚੌਕਸ ਹੋ ਕੇ ਭੋਜਨ ਸੰਭਾਲ ਕੇ ਬੈਠ ਗਿਆ। ਉਦੋਂ ਇਕ ਕੁੱਤਾ ਆਇਆ ਜਿਸ ਨੂੰ ਉਸ ਨੇ ਧੁਤਕਾਰ ਕੇ ਭਜਾ ਦਿੱਤਾ। ਹੋਰ ਕੋਈ ਨਾ ਆਇਆ। ਅਗਲੇ ਦਿਨ ਪ੍ਰਭੂ ਨੇ ਉਲਾਂਭਾ ਦਿੱਤਾ "ਮੈਂ ਪਹਿਲੀ ਵਾਰੀਂ ਆਇਆ ਤਾਂ ਤੂੰ ਸੁੱਤਾ ਪਿਆ ਸੀ। ਦੂਜੀ ਵਾਰੀਂ ਮੈਂ ਕੁੱਤੇ ਦੇ ਰੂਪ ਵਿਚ ਆਇਆ ਤਾਂ ਤੂੰ ਮੈਨੂੰ ਧੁਤਕਾਰ ਕੇ ਭਜਾ ਦਿੱਤਾ। ਤੂੰ ਮੈਨੂੰ ਕਿਸ ਆਕਾਰ ਵਿਚ ਦੇਖਣ ਦੀ ਉਮੀਦ ਲਾਈ ਬੈਠਾ ਸੈਂ। ਕੀ ਮੈਂ ਰਾਮ ਵਾਂਗ ਤੀਰ-ਕਮਾਨ ਬਨ੍ਹ ਕੇ ਆਂਦਾ। ਪਰ ਉਹ ਰੂਪ ਵੀ ਤਾਂ ਮੇਰਾ ਨਹੀਂ। ਉਹ ਵੀ ਕਿਸੇ ਚਿਤ੍ਰਕਾਰ ਦੀ ਕਲਪਨਾ ਹੈ।" ਪ੍ਰਭੂ ਦਾ ਕੋਈ ਰੂਪ-ਰੰਗ ਨਹੀਂ ਪਰ ਸਭ ਰੂਪ ਉਸੇ ਦੇ ਹਨ। ਗੁਰਬਾਣੀ ਦਸਦੀ ਹੈ –

**ਨਾਨਕ ਗੁਰੁ ਗੋਵਿਦੁ ਜਿਸੁ ਤੂਠਾ॥**
**ਘਟਿ ਘਟਿ ਰਮਈਆ ਤਿਨ ਹੀ ਡੀਠਾ॥**

**(ਅੰਗ ੮੯੮)**

**ਸਗਲ ਬਨਸਪਤਿ ਮਹਿ ਬੈਸੰਤਰੁ**
**ਸਗਲ ਦੂਧ ਮਹਿ ਘੀਆ॥**
**ਊਚ ਨੀਚ ਮਹਿ ਜੋਤਿ ਸਮਾਣੀ**
**ਘਟਿ ਘਟਿ ਮਾਧਉ ਜੀਆ॥**

**(ਅੰਗ ੬੧੭)**

**ਜਲ ਤਰੰਗ ਅਰੁ ਫੇਨ ਬੁਦਬੁਦਾ**
**ਜਲ ਤੇ ਭਿੰਨ ਨ ਹੋਈ॥**

**(ਅੰਗ ੪੮੫)**

ਕਲੀ ਦੀ ਚਟਕ ਵਿਚ, ਅੰਮ੍ਰਿਤ ਵੇਲੇ ਦੀ ਹਵਾ ਵਿਚ, ਸਵੇਰ ਦੇ ਪੋਹ ਫੁਟਾਲੇ ਵਿਚ, ਮੋਰ ਦੇ ਨਾਚ ਵਿਚ, ਹਿਰਨ ਦੀ ਅੱਖ ਵਿਚ, ਬੱਚੇ ਦੀ ਮੁਸਕਾਨ ਵਿਚ, ਇਸਤ੍ਰੀ ਦੀ ਨਜ਼ਰ ਵਿਚ, ਆਦਿ ਹਰ ਉਹ ਚੀਜ਼ ਜਿਹੜੀ ਖਿਚਦੀ ਹੈ, ਪ੍ਰਭੂ ਦਾ ਹੀ ਪ੍ਰਗਟਾਵਾ ਕਰਦੀ ਹੈ। ਹੁਣ ਇਹ ਸਾਡੀ ਦ੍ਰਿਸ਼ਟੀ ਤੇ ਨਿਰਭਰ ਕਰਦਾ ਹੈ ਕਿ ਅਸੀਂ ਉਸ ਵੱਲ ਧਿਆਨ ਦੇਂਦੇ ਹਾਂ ਜਾਂ ਉਸ ਨੂੰ ਕਿਸ ਰੰਗ ਵਿਚ ਦੇਖਦੇ ਹਾਂ। ਜਾਗ ਕੇ ਕੀ ਅਸੀਂ ਸੌਂ ਕੇ ਵੀ ਪ੍ਰਭੂ ਦੇ ਸੁਪਨੇ ਨਹੀਂ ਦੇਖ ਸਕਦੇ। ਸਾਡੀ ਮਤਿ ਐਸੀ ਹੈ ਕਿ ਜੇ ਅਸੀਂ ਸਾਰੀ ਉਮਰ ਵੀ ਸੌਂ ਕੇ ਗਵਾ ਦੇਈਏ ਤਾਂ ਵੀ ਸਾਨੂੰ ਪ੍ਰਭੂ ਦਾ ਸੁਪਨਾ ਨਹੀਂ ਆਣ ਵਾਲਾ ਕਿਉਂਕਿ ਅਸੀਂ ਹੋਰ ਹੋਰ ਹੀ ਦੇਖਦੇ ਰਹਾਂਗੇ। ਇਕ ਸ਼ਾਇਰ ਨੇ ਕਿਹਾ ਹੈ –

ਦੇਖਾ ਨ ਕਭੀ ਖਵਾਬ ਮੇ ਅਪਨਾ ਯੂਸਫ।
ਹਰ ਚੰਦ ਤਮਾਮ ਉਮਰ ਸੋਤੇ ਗੁਜਰੀ।

**ਪ੍ਰਭੂ ਨੂੰ ਮਿਲੀਏ ਕਿੱਦਾਂ :**

ਉਸ ਨੂੰ ਮਿਲਣ ਲਈ ਕੁਝ ਖਾਸ ਨਹੀਂ ਕਰਨਾ ਪੈਂਦਾ। ਉਹ ਸਾਡੇ ਅੰਦਰ ਵੀ ਹੈ ਤੇ ਬਾਹਰ ਵੀ। ਪਹਿਲਾਂ ਆਪਣੇ ਅੰਦਰ ਖੋਜੋ ਕਿਉਂਕਿ ਉਹੀ ਢੰਗ ਆਸਾਨ ਹੈ। ਅੰਦਰ ਬਾਹਰ ਉਹੀ ਹੈ, ਅੰਦਰ ਦੀ ਪਛਾਣ ਆ ਗਈ ਤਾਂ ਬਾਹਰ ਦੀ ਪਛਾਣ ਵੀ ਆਪਣੇ ਆਪ ਆ ਜਾਏਗੀ–

**ਬਾਹਰਿ ਭੀਤਰਿ ਏਕੋ ਜਾਨਹੁ**
**ਇਹੁ ਗੁਰ ਗਿਆਨੁ ਬਤਾਈ॥**

**(ਅੰਗ ੬੮੪)**

ਅੰਦਰ ਪਛਾਨਣ ਦੇ ਤਿੰਨ ਰਾਹ ਹਨ – ਗਿਆਨ ਧਿਆਨ ਤੇ ਭਗਤੀ। ਗਿਆਨ ਦੇ ਰਾਹ ਤੇ ਕਿਸੀ ਵਿਸ਼ੇ ਵਸਤੂ ਨੂੰ ਵਿਚਾਰੀ ਜਾਉ, ਵਿਚਾਰੀ ਜਾਉ ਤੇ ਵਿਚਾਰੀ ਜਾਉ। ਅਖੀਰ ਤੁਸੀਂ ਉਸ ਦੇ ਧੁਰੇ (Atom) ਤੇ ਪਹੁੰਚ ਜਾਉਗੇ। ਇਸ ਦੇ ਅੱਗੇ ਚਲੇ ਗਏ ਤਾਂ ਸਿਰਫ ਸ਼ਕਤੀ ਹੀ ਸ਼ਕਤੀ (Energy) ਬਚੇਗੀ। ਤੁਹਾਡੀ ਵਿਚਾਰੀ ਵਸਤੂ-ਵਿਸ਼ਾ ਸਿਰਫ ਸ਼ਕਤੀ ਦਾ ਪੁੰਜ ਹੀ ਰਹਿ ਜਾਏਗੀ। ਇਸ ਅਨੁਭਵ ਬਾਅਦ ਦੂਸਰਾ ਪ੍ਰਾਣੀ ਵੀ ਉਸੇ ਸ਼ਕਤੀ ਦਾ ਰੂਪ ਦਿਸੇਗਾ। ਸਭ ਦ੍ਰਿਸ਼ਟੀਮਾਨ ਵਿਚ ਉਹੀ ਦਿਸਦਾ ਹੈ। ਮੇਰੇ ਤੇਰੇ ਦੇ ਅਗਿਆਨ ਦੀ ਸੀਮਾ ਟੁੱਟ ਜਾਂਦੀ ਹੈ। ਜਿੱਦਾਂ ਘੜਾ ਪਾਣੀ ਤੇ ਮਿੱਟੀ ਦੇ ਸੁਮੇਲ ਨਾਲ ਹੀ ਬਣਦਾ ਹੈ, ਪਰ ਜਿੰਨਾ ਚਿਰ ਉਸ ਘੜੇ ਵਿਚ ਬਾਹਰੋਂ ਪਾਣੀ ਨਾ ਪਾਉ ਉਸ ਨੂੰ ਕੁੰਭ (ਪੂਜਾ ਦਾ ਘੜਾ) ਨਹੀਂ ਕਹਿੰਦੇ, ਇੱਦਾਂ ਹੀ ਭਾਵੇਂ ਤੱਤ ਗਿਆਨ ਸਾਡੇ ਮਨ ਦਾ ਅੰਗ ਹੀ ਹੈ ਪਰ ਜਿੰਨੀ ਦੇਰ ਉਸ ਗਿਆਨ ਨਾਲ ਮਨ ਸਾਡੀ ਪਹਿਚਾਣ ਨਹੀਂ ਕਰਵਾ ਦੇਂਦਾ, ਅਸੀਂ ਪ੍ਰਭੂ ਦਰਸ਼ਨ ਦੇ ਅਧਿਕਾਰੀ ਨਹੀਂ ਹੁੰਦੇ। ਆਸਾ ਦੀ ਵਾਰ ਵਿਚ ਸਮਝਾਇਆ ਗਿਆ ਹੈ –

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥**
**ਗਿਆਨ ਕਾ ਬਧਾ ਮਨੁ ਰਹੈ**
**ਗੁਰ ਬਿਨੁ ਗਿਆਨੁ ਨ ਹੋਇ॥**

**(ਅੰਗ ੪੬੯)**

ਦੂਸਰਾ ਰਾਹ ਧਿਆਨ ਦਾ ਹੈ। ਆਂਦੇ-ਜਾਂਦੇ ਸਾਹ ਤੇ ਧਿਆਨ ਕਰੋ। ਸਾਹ ਅੰਦਰ ਜਾਏ ਤਾਂ 'ਵਾਹਿਗੁਰੂ' ਬਾਹਰ ਜਾਏ ਤਾਂ ਵਾਹਿਗੁਰੂ। ਇਹ ਬਿਨ-ਬੋਲੇ, ਇਕ-ਮਨ ਇਕ- ਚਿਤ ਦਾ ਸਵਾਸ ਉੱਪਰ ਧਿਆਨ ਹਵਾ ਨੂੰ ਅਤੇ ਹਵਾ ਨੂੰ ਅੰਦਰ ਲਿਜਾਂਦੀ ਸ਼ਕਤੀ ਨੂੰ ਅਲਗ ਅਲਗ ਕਰ ਦੇਵੇਗਾ। ਧਿਆਨ

ਵਿਚ ਹਵਾ ਤੇ ਸ਼ਕਤੀ ਅਲਗ ਮਹਿਸੂਸ ਹੋਣ ਲਗੇਗੀ। ਇਸ ਸ਼ਕਤੀ ਦਾ ਅਨੰਦ ਸਾਨੂੰ ਸਾਡੇ ਸਰੀਰ ਤੇ ਮਨ ਦੀ ਸੁਧ ਭੁਲਾ ਦੇਵੇਗਾ। ਉਹ ਜੋਤ ਮਹਿਸੂਸ ਹੋਏਗੀ ਜਿਹੜੀ ਅਦੁੱਤੀ ਹੈ, ਸਾਡੇ ਅਨੁਭਵ ਤੋਂ ਬਾਹਰ ਦੀ ਹੈ। ਸਾਨੂੰ ਆਪਣਾ ਜੋਤ ਸਰੂਪ ਦਿਸਣ ਲੱਗਦਾ ਹੈ। ਫਿਰ ਇਹੀ ਜੋਤ ਸਭਨਾਂ ਵਿਚ ਓਤ-ਪਰੋਤ ਹੋਈ ਦਿਸਦੀ ਹੈ –

**ਮਨ ਤੂੰ ਜੋਤ ਸਰੂਪੁ ਹੈ**
**ਆਪਣਾ ਮੂਲੁ ਪਛਾਣੁ॥**

**(ਅੰਗ ੪੪੧)**

**ਸਭ ਏਕਾ ਜੋਤਿ ਜਾਣੈ ਜੇ ਕੋਈ॥**
**ਸਤਿਗੁਰੁ ਸੇਵਿਐ ਪਰਗਟੁ ਹੋਈ॥**

**(ਅੰਗ ੧੨੦)**

**ਸਰਬ ਜੋਤਿ ਮਹਿ ਜਾ ਕੀ ਜੋਤਿ॥**
**ਧਾਰਿ ਰਹਿਓ ਸੁਆਮੀ ਓਤਿ ਪੋਤਿ॥**

**(ਅੰਗ ੨੯੪)**

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥**

**(ਅੰਗ ੬੬੩)**

ਤੀਸਰਾ ਰਾਹ ਹੈ ਭਗਤੀ ਦਾ। ਇਸ ਵਿਚ ਦੂਸਰਾ ਪ੍ਰਮੁੱਖ ਹੈ; ਦੂਸਰੇ ਦੀ ਸੇਵਾ, ਦੂਸਰੇ ਨਾਲ ਪਿਆਰ, ਪ੍ਰਧਾਨ ਹੈ। ਗਿਆਨ-ਧਿਆਨ ਵਿਚ ਸਵ ਪ੍ਰਧਾਨ ਹੈ, ਅਭਿਆਸ ਆਪਣੇ ਤੋਂ ਸ਼ੁਰੂ ਹੁੰਦਾ ਹੈ। ਭਗਤੀ ਵਿਚ ਅਭਿਆਸ ਦੂਸਰੇ ਤੋਂ ਸ਼ੁਰੂ ਹੁੰਦਾ ਹੈ। ਭਗਤੀ ਬੱਚੇ ਵਾਂਗ ਹੈ। ਉਹ ਪਹਿਲਾਂ ਦੂਸਰੇ ਨੂੰ ਦੇਖਦਾ ਹੈ – ਮਾਂ-ਪਿਉ, ਭੈਣ-ਭਰਾ, ਖੇਡ-ਖਿਡੌਣੇ, ਹਰ ਦੂਸਰੀ ਵਸਤੂ। ਇੱਦਾਂ ਹੀ ਭਗਤ ਦੂਸਰਿਆਂ ਵਿਚ ਪ੍ਰਭੂ ਦਾ ਹੀ ਰੂਪ ਦੇਖਦਾ ਹੈ ਅਤੇ ਸਭਨਾਂ ਦੀ ਸੇਵਾ ਕਰਦਾ ਹੈ ਤੇ ਸਭਨਾਂ ਨਾਲ ਪਿਆਰ ਪਾਂਦਾ ਹੈ। ਭਾਈ ਕਨ੍ਹਈਆ ਜੀ ਸਿੱਖ ਤੇ ਮੁਗਲ ਜ਼ਖਮੀ ਸਿਪਾਹੀਆਂ ਵਿਚ ਕੋਈ ਫਰਕ ਨਹੀਂ ਕਰਦੇ ਅਤੇ ਸਭਨਾਂ ਨੂੰ ਪਾਣੀ ਪਿਲਾਈ ਜਾਂਦੇ ਹਨ। ਉਸ ਨੂੰ ਸਭਨਾਂ ਵਿਚ ਇਕੋ ਦਾ ਹੀ ਰੂਪ ਦਿਸਦਾ ਹੈ। ਗੁਰੂ ਜੀ ਭਾਈ ਜੀ ਦੀ ਇਸ ਪਿਆਰ ਭਰੀ ਭਾਵਨਾ ਦੀ ਕਦਰ ਕਰਦੇ ਹਨ ਅਤੇ ਉਸ ਨੂੰ ਪਾਣੀ ਦੇ ਨਾਲ ਨਾਲ ਜ਼ਖਮਾਂ ਤੇ ਮਲ੍ਹਮ ਲਾਣ ਲਈ ਵੀ ਕਹਿੰਦੇ ਹਨ ਅਤੇ ਮਲ੍ਹਮ ਦੀ ਇਕ ਡੱਬੀ ਵੀ ਦੇਂਦੇ ਹਨ। ਭਗਤ ਵਿਚ ਆਪਣਾ ਪਰਾਇਆ ਮਿੱਟ ਜਾਂਦਾ ਹੈ, ਦੂਜਾ ਭਾਵ ਚਲਾ ਜਾਂਦਾ ਹੈ।

ਭਗਤ ਨਾਮਦੇਵ ਨੂੰ ਮੁਗਲ ਅਫਸਰ ਵਗਾਰੀ ਬਣਾ ਲੈਂਦਾ ਹੈ। ਪਰ ਭਗਤ ਜੀ ਨੂੰ ਉਸ ਅਫਸਰ ਵਿਚ ਵੀ ਪ੍ਰਭੂ ਹੀ ਦਿਸਦਾ ਹੈ। ਆਪ ਜੀ ਕਹਿੰਦੇ ਹਨ "**ਦੁਆਰਕਾ ਨਗਰੀ ਮੇ ਕਾਹੇ ਕੋ ਮੰਗੋਲ॥**" ਗਿਆਨ ਧਿਆਨ ਨੂੰ ਸਮਝਣਾ ਔਖਾ ਹੈ, ਕਰਨਾ ਆਸਾਨ ਹੈ। ਇਸ ਨੂੰ ਸਮਝਣ ਵਿਚ ਕੋਈ ਕਠਿਨਾਈ ਨਹੀਂ। ਪਰ ਕਰਨਾ ਔਖਾ ਹੋ ਜਾਂਦਾ ਹੈ ਕਿਉਂਕਿ ਸਾਡੀ ਹਉਮੈ ਵਿਚਕਾਰ ਆ ਜਾਂਦੀ ਹੈ।

ਸਾਡਾ ਪਿਆਰ ਵਿਤਕਰੇ ਭਰਿਆ ਹੁੰਦਾ ਹੈ। ਅਸੀਂ ਆਪਣੇ ਬੱਚੇ ਨੂੰ ਪਿਆਰ ਕਰ ਸਕਦੇ ਹਾਂ ਪਰ ਦੂਸਰੇ ਨੂੰ ਨਹੀਂ। ਆਪਣਾ ਪੁੱਤਰ ਕੇਸ ਕਤਲ ਕਰਵਾ ਕੇ ਆ ਜਾਏ, ਆਪਣੀ ਧੀ ਗੈਰ ਸਿੱਖ ਨਾਲ ਵਿਆਹ ਕਰ ਲਵੇ, ਅਸੀਂ ਚੁੱਪ ਰਹਿੰਦੇ ਹਾਂ। ਪਰ ਦੂਸਰੇ ਦਾ ਪੁੱਤ/ਧੀ ਇੱਦਾਂ ਕਰ ਜਾਏ ਤਾਂ ਅਸੀਂ ਭੰਡਣੋਂ ਬਾਜ ਨਹੀਂ ਆਂਦੇ। ਅਸੀਂ ਆਪਣੇ ਬੱਚੇ ਦੇ ਵਿਭਚਾਰ ਉਪਰ ਵੀ ਪੜਦਾ ਪਾਣ ਲਈ ਤਿਆਰ ਰਹਿੰਦੇ ਹਾਂ। ਸਾਡੇ ਕੋਲੋਂ ਆਪਣੇ ਪਰਾਏ ਦਾ ਭੇਦ ਮਿਟਿਆ ਨਹੀਂ। ਇਹ ਭਗਤੀ ਨਹੀਂ ਹੈ, ਪਿਆਰ ਨਹੀਂ ਹੈ, ਸੇਵਾ ਨਹੀਂ ਹੈ। ਭਗਤੀ ਵਿਚ ਦਵੈਤ ਨਹੀਂ ਬਚਦਾ। ਉਸ ਨੂੰ ਖਲਕ ਵਿਚ ਖਾਲਕ ਦਿਸਣ ਲੱਗਦਾ ਹੈ –

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥**

**(ਅੰਗ ੧੩੮੧)**

ਗਿਆਨੀ-ਧਿਆਨੀ ਵਿਚ ਹਉ ਦੇ ਪ੍ਰਬਲ ਹੋਣ ਦਾ ਡਰ ਬਣਿਆ ਰਹਿੰਦਾ ਹੈ। ਉਸ ਦਾ ਦੂਸਰੇ ਨਾਲ ਵਾਹ ਨਹੀਂ ਪੈਂਦਾ। ਉਹ ਆਪਣੇ ਅੰਦਰ ਹੀ ਮਸਤ ਰਹਿੰਦਾ ਹੈ। ਇਸ ਲਈ ਹਉ ਮਰਨ ਦੀ ਥਾਂ ਉਸ ਦੀ ਹਉ ਵੱਧਦੀ ਜਾਂਦੀ ਹੈ। ਇਹੀ ਰਾਹ ਦਾ ਰੋੜਾ ਬਣ ਜਾਂਦਾ ਹੈ। ਭਗਤੀ ਵਿਚ ਇੱਦਾਂ ਨਹੀਂ ਹੋ ਸਕਦਾ ਕਿਉਂਕਿ ਭਗਤੀ-ਪਿਆਰ-ਸੇਵਾ ਦਾ ਆਰੰਭ ਹੀ ਦੂਸਰੇ ਤੋਂ ਸ਼ੁਰੂ ਹੁੰਦਾ ਹੈ। ਦੂਸਰਾ ਨਹੀਂ ਤਾਂ ਪਿਆਰ ਕਿਸ ਨਾਲ ਕਰੋਗੇ, ਸੇਵਾ ਕਿਸ ਦੀ ਕਰੋਗੇ। ਪ੍ਰਭੂ ਨਾਲ ਪਿਆਰ ਜਾਂ ਉਸ ਦੀ ਸੇਵਾ ਵੀ ਦੂਸਰੇ ਰਾਹੀਂ ਹੀ ਕਰਨੀ ਪੈਂਦੀ ਹੈ। ਭਗਤੀ ਵਿਚ ਦੂਸਰੇ ਨਾਲ ਵਾਹ ਪੈਂਦਾ ਹੈ, ਦੂਸਰੇ ਅੱਗੇ ਝੁਕਣਾ ਪੈਂਦਾ ਹੈ, ਦੂਸਰੇ ਦੀਆਂ ਗੱਲਾਂ ਸੁਨਣੀਆਂ ਪੈਂਦੀਆਂ ਹਨ। ਇਹ ਬਰਾਬਰ ਸਾਡੀ ਹਉਮੈਂ ਤੇ ਚੋਟ ਕਰਦੀਆਂ ਰਹਿੰਦੀਆਂ ਹਨ। ਇਸ ਕਾਰਣ ਸਾਡੀ ਹਉਮੈ ਕਮਜ਼ੋਰ ਹੁੰਦੀ ਜਾਂਦੀ ਹੈ ਅਤੇ ਅਖੀਰ ਹਉਮੈ ਬਚਦੀ ਹੀ ਨਹੀਂ। ਭਗਤ ਦੀ ਕੋਈ ਪ੍ਰਾਪਤੀ ਨਹੀਂ, ਇਸ ਕਾਰਣ ਉਸ ਨੂੰ ਕੋਈ ਅਭਿਮਾਨ ਨਹੀਂ ਹੋ ਸਕਦਾ। ਉਹ ਆਪਣੀ ਯੋਗਤਾ ਚੇਤੇ ਨਹੀਂ ਰੱਖਦਾ ਅਤੇ ਦੂਸਰੇ ਨੂੰ ਵਡਿਆਈ ਦੇਂਦਾ ਹੈ। ਭਗਤ

ਸੰਸਾਰ ਵਿਚ ਕਈ ਵਾਰੀਂ ਧੋਖਾ ਖਾ ਜਾਂਦਾ ਹੈ ਪਰ ਉਸ ਨੂੰ ਦੁੱਖ ਮਹਿਸੂਸ ਨਹੀਂ ਹੁੰਦਾ ਕਿਉਂਕਿ ਉਸ ਨੂੰ ਚੋਰ ਵਿਚ ਵੀ ਰੱਬ ਹੀ ਦਿਸਦਾ ਹੈ। ਉਸ ਨੂੰ ਸਭ ਸਥਿਤੀ ਵਿਚ ਪ੍ਰਭੂ ਹੀ ਦਿਸਦਾ ਹੈ। ਤੱਤੀ ਤਵੀ ਤੇ ਬੈਠਣਾ ਵੀ ਪ੍ਰਭੂ ਦਾ ਹੁਕਮ ਹੀ ਲੱਗਦਾ ਹੈ ਅਤੇ ਉਸ ਦਾ ਕੀਤਾ ਮਿੱਠਾ ਲੱਗਦਾ ਹੈ –

**ਤੇਰਾ ਕੀਆ ਮੀਠਾ ਲਾਗੈ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥**

**(ਅੰਗ ੩੯੪)**

ਪ੍ਰਭੂ ਸਾਡੇ ਅੰਦਰ ਹੀ ਹੈ, ਬਲਕਿ ਅਸੀਂ ਪ੍ਰਭੂ ਦਾ ਦਰਪਨ ਹੀ ਹਾਂ। ਪ੍ਰਭੂ ਆਪਣੀ ਕਿਰਤ ਰਾਹੀਂ ਹੀ ਆਪਣੇ ਨੂੰ ਦਿਖਾਂਦਾ ਹੈ। ਪਰ ਹਉ ਕਾਰਣ ਅਸੀਂ ਆਪਣੇ ਨੂੰ ਪ੍ਰਭੂ ਨਾਲੋਂ ਵੱਖਰਾ ਮੰਨ ਲੈਂਦੇ ਹਾਂ ਅਤੇ ਆਪਣੇ ਕਰਮਾਂ ਰਾਹੀਂ ਇਹ ਅਲਹਿਦਗੀ ਵਧਾਂਦੇ ਜਾਂਦੇ ਹਾਂ। ਲੋੜ ਹਉਮੈ ਵਧਾਣ ਦੀ ਨਹੀਂ ਬਲਕਿ ਘਟਾਣ ਦੀ ਹੈ। ਜਿਉਂ ਜਿਉਂ ਹਉ ਘਟਦੀ ਜਾਏਗੀ ਸਾਡੇ ਤੇ ਪ੍ਰਭੂ ਵਿਚਕਾਰ ਦੀ ਵਿਥ ਮਿਟਦੀ ਜਾਏਗੀ। ਜਦੋਂ ਹਉ ਦੀ ਵਿਥ ਨਹੀਂ ਰਹੇਗੀ ਤਾਂ "ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ॥" ਸਵਾਲ ਇਹ ਹੈ ਕਿ ਇਹ ਵਿਥ ਮਿਟੇ ਕਿੱਦਾਂ? ਇਸ ਦਾ ਆਸਾਨ ਤਰੀਕਾ ਇਹ ਹੈ ਕਿ ਆਪਣੇ ਹਰ ਕਰਮ ਵਿਚ ਪ੍ਰਭੂ ਨੂੰ ਹਿੱਸੇਦਾਰ (Partener) ਬਣਾ ਲਉ। ਸਾਨੂੰ ਇਹ ਭੁਲਣਾ ਚਾਹੀਦਾ ਹੈ ਕਿ ਅਸੀਂ ਕਰਤਾ ਹਾਂ। ਇਸ ਦੀ ਥਾਂ ਇਹ ਸੋਚਣਾ ਚਾਹੀਦਾ ਹੈ ਕਿ ਪ੍ਰਭੂ ਸਾਡੀ ਮਾਰਫਤ ਕੰਮ ਕਰ ਰਿਹਾ ਹੈ ਅਤੇ ਅਸੀਂ ਦੋਵੇਂ ਰਲ ਕੇ ਕੰਮ ਕਰ ਰਹੇ ਹਾਂ। ਹਉਮੈ ਇਕ ਐਸੀ ਗੰਢ ਹੈ ਜਿਸ ਨੇ ਸਾਨੂੰ ਸਾਡੇ ਸਰੀਰ ਨਾਲ ਬੰਨ੍ਹਿਆ ਹੋਇਆ ਹੈ ਅਤੇ ਇਸੇ ਕਾਰਣ ਸਰੀਰ ਰਾਹੀਂ ਕੀਤੇ ਸਾਰੇ ਕਰਮ ਸਾਨੂੰ ਸਾਡੇ ਕੀਤੇ ਲੱਗਦੇ ਹਨ। ਸਾਨੂੰ ਇਹ ਗੰਢ ਕਟਣੀ ਪਵੇਗੀ ਤਾਂਕਿ ਅਸੀਂ ਆਜ਼ਾਦ ਆਤਮਾ ਦੇ ਦਰਸ਼ਨ ਕਰ ਸਕੀਏ ਅਤੇ ਸਮਝ ਸਕੀਏ ਕਿ ਉਹੀ ਆਤਮਾ (ਸ਼ਕਤੀ) ਸਭਨਾਂ ਵਿਚ ਹੈ। ਸਭਨਾਂ ਵਿਚ ਇਹੀ ਕੰਮ ਕਰਦੀ ਹੈ।

ਪਰ ਜਦੋਂ ਅਸੀਂ ਕਹਿੰਦੇ ਹਾਂ ਕਿ ਪ੍ਰਭੂ ਹੀ ਕੰਮ ਕਰਦਾ ਹੈ ਤਾਂ ਇਸ ਦਾ ਇਹ ਅਰਥ ਨਹੀਂ ਹੁੰਦਾ ਕਿ ਅਸੀਂ ਹੱਥ ਤੇ ਹੱਥ ਧਰ ਕੇ ਬਹਿ ਜਾਈਏ ਅਤੇ ਸਮਝੀਏ ਕਿ ਜੋ ਕਰਨਾ ਹੈ ਪ੍ਰਭੂ ਆਪੇ ਹੀ ਕਰੇਗਾ। ਦੋਵੇਂ ਢੰਗ ਗਲਤ ਹਨ। ਨਾ ਅਸੀਂ ਸਭ ਕਰਮ ਆਪਣੇ ਆਪ ਕਰ ਸਕਦੇ ਹਾਂ ਤੇ ਨਾ ਸਭ ਕੁਝ ਪ੍ਰਭੂ ਤੇ ਹੀ ਛੱਡ ਸਕਦੇ ਹਾਂ। ਫਿਰ ਕੀ ਕਰੀਏ? ਸਭ ਕੁਝ ਪ੍ਰਭੂ ਤੇ ਛੱਡ ਕੇ ਹਰ ਕੰਮ ਪੂਰੀ ਸ਼ਕਤੀ, ਜੋਸ਼ ਤੇ ਪ੍ਰਭੂ-ਪਿਆਰ ਤਹਿਤ ਕਰੋ। ਕੰਮ ਕਰਦੇ ਸਮੇਂ ਚੇਤੇ ਰੱਖੋ "ਠੀਕ ਹੈ, ਮੈਂ ਕੀਤਾ ਹੈ ਪਰ ਮੈਂ ਕਰਤਾ ਨਹੀਂ ਹਾਂ।" ਪ੍ਰਭੂ ਦੀ ਸ਼ਕਤੀ ਸਾਨੂੰ ਤਾਂ ਹੀ ਮਿਲਦੀ ਹੈ ਜਦੋਂ ਅਸੀਂ ਪੂਰੀ ਮਿਹਨਤ ਨਾਲ ਕੰਮ ਕਰਦੇ ਹਾਂ ਅਤੇ ਪ੍ਰਭੂ ਨੂੰ ਵੀ ਬੇਨਤੀ ਕਰਦੇ ਹਾਂ ਕਿ ਉਹ ਸਾਡੇ ਰਾਹੀਂ ਕੰਮ ਕਰੇ। ਹਉਮੈ ਮਾਰਣ ਲਈ ਸਦਾ ਚੇਤੇ ਕਰੀ ਜਾਉ ਕਿ ਅਸੀਂ ਪ੍ਰਭੂ ਸ਼ਕਤੀ ਦੀ ਵਰਤੋਂ ਕਰ ਰਹੇ ਹਾਂ।

ਜਦੋਂ ਅਸੀਂ ਹਉਮੈ ਅਧੀਨ ਕੁਝ ਕਰਦੇ ਹਾਂ ਤਾਂ ਅਸੀਂ ਸਮਝਦੇ ਹਾਂ ਕਿ ਇਹ ਅਸੀਂ ਹੀ ਕੀਤਾ ਹੈ। ਪਰ ਨਤੀਜਾ ਐਸਾ ਤਸਲੀਬਖਸ਼ ਨਹੀਂ ਹੁੰਦਾ ਜਿੰਨਾ ਪ੍ਰਭੂ ਦੀ ਸਾਂਝੀਵਾਲਤਾ ਨਾਲ ਹੋ ਸਕਦਾ ਸੀ। ਇਸ ਲਈ ਪਰਿਣਾਮ ਹਮੇਸ਼ਾ ਸਾਡੀ ਇੱਛਾ ਤੋਂ ਘਟ ਰਹਿ ਜਾਂਦਾ ਹੈ। ਇਹ ਵੀ ਹੋ ਸਕਦਾ ਹੈ ਕਿ ਭਾਵੇਂ ਪਰਿਣਾਮ ਸਾਡੀ ਮਰਜ਼ੀ ਅਨੁਸਾਰ ਹੀ ਹੋਏ ਪਰ ਜੋ ਪ੍ਰਾਪਤੀ ਹੋਈ ਹੈ ਉਸ ਵਿਚ ਸਾਡਾ ਭਲਾ ਨਾ ਹੋਏ। ਅਸੀਂ ਬੇਈਮਾਨੀ ਕਰਕੇ ਮਨ ਚਾਹਿਆ ਇਕ ਕਰੋੜ ਰੁਪਏ ਦਾ ਲਾਭ ਕਮਾ ਲਿਆ। ਸਭ ਠੀਕ ਹੈ। ਪਰ ਕੁਝ ਸਮੇਂ ਬਾਅਦ ਅਸੀਂ ਬੇਈਮਾਨੀ ਲਈ ਪਕੜੇ ਜਾਂਦੇ ਹਾਂ, ਸਾਰਾ ਧਨ ਖੁਸ ਜਾਂਦਾ ਹੈ ਅਤੇ ਜੇਲ੍ਹ ਹੋ ਜਾਂਦੀ ਹੈ। ਇਸ ਲਈ ਅਸੀਂ ਪ੍ਰਭੂ ਨੂੰ ਜ਼ਿੰਮੇਵਾਰ ਨਹੀਂ ਠਹਿਰਾ ਸਕਦੇ ਕਿਉਂਕਿ ਸਾਰੇ ਕੰਮ ਦੇ ਕਰਤਾ ਅਸੀਂ ਆਪ ਸਾਂ। ਜੇ ਪ੍ਰਭੂ ਨੂੰ ਪਾਰਟਨਰ ਬਣਾ ਲਿਆ ਹੁੰਦਾ ਤਾਂ ਸਾਡੀ ਇਹ ਦੁਰਗਤ ਹੁੰਦੀ ਹੀ ਨਾ। ਜੇ ਹੁੰਦੀ ਵੀ ਤਾਂ ਸਾਡਾ ਪਾਰਟਨਰ ਪ੍ਰਭੂ ਜ਼ਰੂਰ ਸਹਾਇਤਾ ਕਰਦਾ। ਉਸ ਨੂੰ ਭਾਈਵਾਲ ਬਨਾਣ ਨਾਲ ਸਾਰੀ ਦੌੜ-ਭਜ ਦੌਰਾਨ ਇਕ ਸ਼ਾਂਤੀ ਤੇ ਸੁੱਖ ਬਣਿਆ ਰਹਿੰਦਾ।

ਗੁਰਮਤਿ ਤੇ ਗੁਰ ਮਰਯਾਦਾ ਵੀ ਇਹੀ ਹੈ। ਅਸੀਂ ਜਦੋਂ ਕੋਈ ਕੰਮ ਸ਼ੁਰੂ ਕਰਨ ਲੱਗਦੇ ਹਾਂ ਤਾਂ ਅਰਦਾਸ ਕਰਦੇ ਹਾਂ "ਵਾਹਿਗੁਰੂ ਸਾਡੇ ਕੰਮ ਨੂੰ ਸਫਲਤਾ ਬਖਸ਼ੀਂ। ਆਪ ਵਿਚ ਖਲੋ ਕੇ ਕੰਮ ਨੂੰ ਸਿਰੇ ਚਾੜ੍ਹੀਂ।" ਪਰ ਇਹ ਸਭ ਅਸੀਂ ਇਕ ਕਰਮ-ਕਾਂਡ ਦੀ ਤਰ੍ਹਾਂ ਕਰਦੇ ਹਾਂ। ਅਸੀਂ ਕੰਮ ਦੇ ਦੌਰਾਨ ਸ਼ਾਇਦ ਹੀ ਵਾਹਿਗੁਰੂ ਨੂੰ ਯਾਦ ਕਰਦੇ ਹਾਂ ਜਾਂ ਚੇਤੇ ਰੱਖਦੇ ਹਾਂ ਕਿ ਉਹ ਸਾਡਾ ਪਾਰਟਨਰ ਹੈ।" ਅਰਦਾਸ ਦੇ ਬਾਅਦ ਅਸੀਂ ਉਸ ਨੂੰ ਭੁੱਲ ਜਾਂਦੇ ਹਾਂ ਅਤੇ ਫਿਰ ਤਾਂ ਹੀ ਯਾਦ ਕਰਦੇ ਹਾਂ ਜਦੋਂ ਕੋਈ ਗਲਤੀ ਹੋ ਜਾਂਦੀ ਹੈ। ਪਰ ਇੱਦਾਂ ਦੀ ਅਰਦਾਸ ਦਾ ਮੇਰੀ ਸਮਝੇ ਕੋਈ ਲਾਭ ਨਹੀਂ ਹੁੰਦਾ ਕਿਉਂਕਿ ਭਾਵੇਂ ਅਸੀਂ ਉਸ ਨੂੰ ਯਾਦ ਕਰਕੇ ਕੰਮ ਸ਼ੁਰੂ ਕੀਤਾ ਸੀ ਪਰ ਤੁਰੰਤ ਹੀ ਉਸ ਨੂੰ ਭੁੱਲ ਗਏ। ਜਦੋਂ ਅਸੀਂ ਆਪ ਪੂਰੀ ਤਰ੍ਹਾਂ ਕਰਤਾ ਬਣ ਗਏ ਤਾਂ ਕਰਮ ਦਾ ਫਲ ਵੀ ਤਾਂ ਆਪੇ ਹੀ ਭੁਗਤਾਂਗੇ। ਇਸ ਦਸ਼ਾ ਬਾਰੇ ਗੁਰੂ ਜੀ

ਸਪਸ਼ਟ ਕਰਦੇ ਹਨ –

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥**

(ਅੰਗ ੮)

**ਆਪੇ ਬੀਜਿ ਆਪੇ ਹੀ ਖਾਹੁ॥**
**ਨਾਨਕ ਹੁਕਮੀ ਆਵਹੁ ਜਾਹੁ॥**

(ਅੰਗ ੪)

**ਆਏ ਸਹਜਿ ਮਿਲੇ :**

ਅਸੀਂ ਪ੍ਰਭੂ ਨੂੰ ਜਾਣਦੇ ਨਹੀਂ, ਇਸ ਲਈ ਅਸੀਂ ਉਸ ਨੂੰ ਪਛਾਣ ਨਹੀਂ ਸਕਦੇ। ਅਸੀਂ ਗੁਰੂ ਵੱਲੋਂ ਦਰਸਾਏ ਰਾਹ ਵੱਲ ਸਿਰਫ ਯਾਤਰਾ ਹੀ ਕਰ ਸਕਦੇ ਹਾਂ। ਜਦੋਂ ਮੰਜ਼ਲ ਨੇੜੇ ਆ ਜਾਏਗੀ ਤਾਂ ਪ੍ਰਭੂ ਆਪੇ ਹੀ ਆ ਕੇ ਸਾਨੂੰ ਪਛਾਣੇਗਾ ਅਤੇ ਆਪਣੇ ਵਿਚ ਲੀਨ ਕਰ ਲਵੇਗਾ। ਇਸੇ ਤੱਤ ਨੂੰ ਭਾਈ ਗੁਰਦਾਸ ਜੀ ਇੱਦਾਂ ਸਪਸ਼ਟ ਕਰਦੇ ਹਨ ਕਿ ਪ੍ਰਭੂ ਹੀ ਯਾਤਰੀ ਨੂੰ ਅੱਗੇ ਆ ਕੇ ਮਿਲਦਾ ਹੈ –

**ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,**
**ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥**

**(ਕਬਿਤ ੧੧੧)**

ਇਸ ਮਿਲਾਪ ਵਿਚ ਸਹਿਜਤਾ ਹੈ। ਹਲੀਂ ਅਸੀਂ ਚਕੌਰ ਹਾਂ ਅਤੇ ਗੋਲ ਭਾਂਡੇ ਵਿਚ ਸਮਾਣਾ ਚਾਹੁੰਦੇ ਹਾਂ। ਇੱਦਾਂ ਸਫਲ ਨਹੀਂ ਹੋ ਸਕਦੇ। ਜਦੋਂ ਗਿਆਨ-ਧਿਆਨ-ਭਗਤੀ ਰਾਹੀਂ ਸਾਡੇ ਪਾਸੇ ਗੋਲ ਮੋਲ ਹੋ ਜਾਣਗੇ ਤਾਂ ਅਸੀਂ ਸਹਿਜ ਹੀ ਗੋਲ ਭਾਂਡੇ ਵਿਚ ਸਮਾ ਜਾਵਾਂਗੇ।

ਇਸ ਇਕ-ਮਿਕਤਾ ਦੀ ਅਵਸਥਾ ਵਿਚ ਪ੍ਰਭੂ ਪ੍ਰੀਤਮ ਸਦਾ ਹੀ ਮਿਲਿਆ ਰਹਿੰਦਾ ਹੈ, ਅਸੀਂ ਉਸ ਦੇ ਸਦਾ ਕਾਇਮ ਰਹਿਣ ਵਾਲੇ ਸਰੂਪ ਦਾ ਅੰਗ ਹੀ ਬਣ ਜਾਂਦੇ ਹਾਂ। ਜੀਵ ਰੂਪੀ ਇਸਤ੍ਰੀ ਰਾਤ-ਦਿਨ ਉਸ ਦੇ ਪ੍ਰੇਮ ਵਿਚ ਮਸਤ ਰਹਿੰਦੀ ਹੈ –

**ਨਾਨਕ ਅਹਿਨਿਸਿ ਰਾਵੈ ਪ੍ਰੀਤਮੁ**
**ਹਰਿ ਵਰੁ ਥਿਰੁ ਸੋਹਾਗੋ॥**

**(ਅੰਗ ੧੧੧੦)**

ਵਾਹਿਗੁਰੂ ਕਰੇ ਅਸੀਂ ਗੁਰੂ ਵੱਲੋਂ ਦਰਸਾਏ ਰਾਹ ਦੇ ਪੰਥੀ ਬਣ ਜਾਈਏ ਅਤੇ ਬਾਰਹ ਮਾਹ ਦੀ ਅਖੀਰਲੀ ਪਉੜੀ ਵਿਚ ਬਿਆਨੇ ਅਨੰਦ ਨੂੰ ਸਦੀਵੀ ਮਾਣ ਸਕੀਏ।

❊❊❊

– ਜੋਗਿੰਦਰ ਸਿੰਘ ਸੇਠੀ
ਮੋਬਾਇਲ : 9833393536

# ਗੰਜਿ ਸ਼ਹੀਦਾਂ
### ਅਰਥਾਤ
## ਸਾਕਾ ਚਮਕੌਰ ਸਾਹਿਬ

– 7 –

ਜਬ ਕਿਲ੍ਹਾ ਮੇਂ ਉਤਰੀ ਥੀ ਸਤਿਗੁਰ ਕੀ ਸਵਾਰੀ।
ਵਾਹਿਗੁਰੂ ਕੀ ਫ਼ਤਿਹ ਦਲੇਰੋਂ ਨੇ ਪੁਕਾਰੀ।
ਵੁਹ ਹੁਮ ਹੁਮਾ[1] ਸ਼ੇਰੋਂ ਕਾ ਵੁਹ ਅਵਾਜ਼ ਥੀ ਭਾਰੀ।
ਥੱਰਰਾ ਗਿਆ ਚਮਕੌਰ ਹੂਆ ਜ਼ਲਜ਼ਲਾ[2] ਤਾਰੀ।
ਸਕਤੇ[3] ਮੇਂ ਖੁਦਾਈ ਥੀ ਤੋ ਹੈਰਤ ਮੇਂ ਜਹਾਂ ਥਾ।
ਨੱਾਰਾ ਸੇ ਹੂਆ ਚਰਖ਼ ਭੀ ਸਾਕਨ[4] ਯਿਹ ਗੁਮਾਂ ਥਾ।

– 8 –

ਖ਼ੈਮੇ ਕੀਏ ਇਸਤਾਦਹ[5] ਵਹੀਂ ਉਠ ਕੇ ਕਿਸੀ ਨੇ।
ਖੋਲ੍ਹੀ ਕਮਰ ਆਰਾਮ ਕੋ ਹਰ ਏਕ ਜਰੀ[6] ਨੇ।
ਰਹਰਾਸਿ ਕਾ ਦੀਵਾਨ ਸਜਾਇਆ ਗੁਰੂ ਜੀ ਨੇ।
ਮਿਲ-ਜੁਲ ਕੇ ਸਰਿ-ਸ਼ਾਮ ਭਜਨ ਗਾਏ ਸਭੀ ਨੇ।
ਖਾਨਾ ਕਈ ਵਕਤੋਂ ਸੇ ਮੁਯੱਸਰ[7] ਨ ਥਾ ਆਯਾ।
ਇਸ ਸ਼ਾਮ ਭੀ ਸ਼ੇਰੋਂ ਨੇ ਕੜਾਕਾ ਹੀ ਉਠਾਯਾ।

– 9 –

ਕੁਛ ਲੇਟ ਗਏ ਖ਼ਾਕ ਪਿ ਜ਼ੀਂ-ਪੋਸ਼[8] ਬਿਛਾ ਕਰ।
ਪਹਿਰਾ ਲਗੇ ਦੇਨੇ ਕਈ ਤਲਵਾਰ ਉਠਾ ਕਰ।
ਗੋਬਿੰਦ ਭੀ ਸ਼ਬਬਾਸ਼[9] ਹੂਏ ਖ਼ੈਮਾ ਮੇਂ ਜਾ ਕਰ।
ਦੇਖਾ ਤੋ ਵਹਾਂ ਬੈਠੇ ਹੈਂ ਗੁਰਦਨ ਕੋ ਝੁਕਾ ਕਰ।
"ਵਾਹਗੁਰੂ" "ਵਾਹਗੁਰੂ" ਹੈ ਮੂੰਹ ਸੇ ਨਿਕਲਤਾ।
"ਹੈ ਤੂ ਹੀ ਤੂ!" "ਤੂ ਹੀ ਤੂ!!" ਹੈ ਮੂੰਹ ਸੇ ਨਿਕਲਤਾ।

ਲੇਖਕ –
ਹਕੀਮ ਮਿਰਜ਼ਾ ਅਲਹ ਯਾਰ ਖਾਂ 'ਜੋਗੀ' ਰਹਿਮਾਨੀ
'ਨੈਸ਼ਨਲ ਪੋਇਟ'

1. ਸ਼ੇਰ ਦੀ ਗਰਜ । 2. ਭੁਚਾਲ । 3. ਸੁੰਨ-ਮੁਨ ।
4. ਅਚਲ । 5. ਖੜੇ । 6. ਦਿਲਾਵਰ । 7. ਪ੍ਰਾਪਤਿ ।
8. ਘੋੜੇ ਦੀ ਕਾਠੀ-ਉਤਲਾ ਬਸਤਰ । 9. ਰੈਣ ਬਸੇਰਾ ਕਰਨ ਵਾਲੇ ।

## ਅਧਿਆਇ 7

# ਬੰਦਾ ਸਿੰਘ ਬਹਾਦੁਰ ਦਾ ਮੁਢਲਾ ਜੀਵਨ

ਬੰਦਾ ਸਿੰਘ ਬਹਾਦੁਰ ਦਾ ਜਨਮ 27 ਅਕਤੂਬਰ 1670 ਈਸਵੀ ਨੂੰ ਰਜੌਰੀ, ਪੁੰਛ ਵਿਚ ਹੋਇਆ ਸੀ ਜੋ ਅਜਕਲ ਹਿੰਦੁਸਤਾਨ ਦੇ ਉਤਰ ਪੱਛਮ ਵਿਚ ਸਥਿਤ ਜੰਮੂ-ਕਸ਼ਮੀਰ ਦੀ ਰਿਆਸਤ ਵਿਚ ਹੈ। ਇਸ ਦਾ ਬਚਪਨ ਦਾ ਨਾਂਅ ਲਛਮਣ ਦੇਵ ਸੀ। ਉਹ ਮਿਨਹਾਸ ਰਾਜਪੂਤ ਪਰਿਵਾਰ ਵਿਚੋਂ ਸੀ ਅਤੇ ਉਸ ਦੇ ਪਿਤਾ ਦਾ ਨਾਂਅ ਰਾਮਦੇਵ ਸੀ। ਲਛਮਣ ਦੇਵ 14 ਕੁ ਸਾਲ ਦੀ ਉਮਰ ਵਿਚ ਹੀ ਵਿਰਾਗੀ ਬਣ ਕੇ ਘਰੋਂ ਚਲਾ ਗਿਆ ਅਤੇ ਫ਼ਿਰ ਸਾਧੂ ਸੰਤਾਂ ਦੀ ਸੰਗਤ ਵਿਚ ਹੀ ਰਿਹਾ। ਉਹਨਾਂ ਨੇ ਉਸ ਦਾ ਨਾਂਅ ਬਦਲ ਕੇ ਨਵਾਂ ਨਾਂਅ ਮਾਧੋਦਾਸ ਰੱਖ ਦਿੱਤਾ।



ਘਰ ਛੱਡਣ ਤੋਂ ਬਾਅਦ ਚੌਦਾਂ ਸਾਲਾਂ ਦਾ ਕਿਸ਼ੋਰ ਮਾਧੋਦਾਸ ਸਾਧੂਆਂ ਦੀ ਸੰਗਤ ਵਿਚ ਹਿੰਦੁਸਤਾਨ ਦੇ ਦੂਰ ਦੁਰਾਡਿਆਂ ਦੇ ਕਈ ਸਾਧੂ ਸੰਤਾਂ ਦੇ ਡੇਰਿਆਂ ਅਤੇ ਤੀਰਥ ਅਸਥਾਨਾਂ ਤੇ ਗਿਆ। ਇਸ ਤਰ੍ਹਾਂ ਛੇ ਕੁ ਸਾਲ ਸਾਧੂਆਂ ਨਾਲ ਘੁੰਮਦਾ ਘੁਮਾਂਦਾ ਇਹ ਵਿੰਧਿਆਚਲ ਪਰਬਤ ਪਾਰ ਕਰ ਕੇ ਹਿੰਦੁਸਤਾਨ ਦੇ ਦੱਖਣ ਅਤੇ ਦੱਖਣ-ਪੱਛਮ ਵਲ ਚਲਾ ਗਿਆ।

ਕਮੋਡੋਰ ਗੁਰਨਾਮ ਸਿੰਘ ਦੀ ਲਿਖੀ **'ਜਾ ਤੇਰਾ ਬੰਦਾ-ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦੁਰ'** ਪੁਸਤਕ ਦੀ ਲੜੀ ਦੀ ਅਗਲੀ ਕਿਸ਼ਤ ਪੜ੍ਹੋ। ਇਹ ਲੜੀ ਸੀਸਗੰਜ ਪੱਤ੍ਰਿਕਾ ਦੇ ਸਿਤੰਬਰ 2022 ਦੇ ਅੰਕ ਤੋਂ ਆਰੰਭ ਹੋਈ ਸੀ। ਲੜੀ ਜੋੜਣ ਲਈ ਪਿਛਲੇ ਬਿਰਤਾਂਤ ਵਾਸਤੇ ਸੀਸ ਗੰਜ ਪੱਤ੍ਰਿਕਾ ਦਾ ਪਿਛਲੇ ਮਹੀਨੇ ਦਾ ਅੰਕ ਵੇਖੋ – ਸੰਪਾਦਕ

ਇਸ ਨੇ 1690 ਈਸਵੀ ਤੋਂ 1692 ਈਸਵੀ ਦੇ ਦੋ-ਤਿੰਨ ਸਾਲ ਮਰਹੱਟਿਆਂ ਦੀ ਧਰਤੀ ਵਿਚ ਨਾਸਿਕ ਸ਼ਹਿਰ ਦੇ ਨੇੜੇ ਪੰਚਵਟੀ ਵਿਚ ਗੁਜ਼ਾਰੇ।

ਏਥੇ ਇਸ ਨੂੰ ਇਸ ਇਲਾਕੇ ਦੇ ਹਰਮਨ ਪਿਆਰੇ ਮਰਹੱਟੇ ਯੋਧਾ ਛੱਤਰਪਤੀ ਸ਼ਿਵਾਜੀ ਮਹਾਰਾਜ ਦੀਆਂ ਮੁਗਲ ਰਾਜ ਨਾਲ ਲੜਾਈਆਂ ਬਾਰੇ ਪਤਾ ਲਗਾ। ਦੱਖਣ ਵਿਚ ਬੀਜਾਪੁਰ ਦੀ ਆਦਿਲਸ਼ਾਹੀ ਸਲਤਨਤ ਦੇ ਕਮਜ਼ੋਰ ਪੈ ਜਾਣ ਤੇ ਮਰਹੱਟੇ ਯੋਧਾ ਸ਼ਿਵਾਜੀ ਮਹਾਰਾਜ ਨੇ ਉਸ ਦੇ ਕਈ ਇਲਾਕੇ ਜਿੱਤ ਕੇ ਆਪਣਾ ਵੱਖਰਾ ਮਰਾਠਾ ਰਾਜ ਕਾਇਮ ਕਰ ਲਿਆ ਸੀ। ਸ਼ਿਵਾਜੀ ਅਤੇ ਮੁਗਲਾਂ ਵਿਚ ਲਗਾਤਾਰ ਲੜਾਈਆਂ ਹੁੰਦੀਆਂ ਸਨ। ਪਰ ਸ਼ਿਵਾ ਜੀ ਨੇ ਪੱਛਮੀ ਘਾਟਾਂ ਦੀਆਂ ਦੁਰਗਮ ਪਹਾੜੀਆਂ ਵਿਚ ਕਿਲੇ ਉਸਾਰੇ ਹੋਏ ਸਨ ਅਤੇ ਉਹ ਇਹਨਾਂ ਵਿਚ ਵਿਚਰਦੇ ਸਨ। ਮੁਗਲ ਫ਼ੌਜਾਂ ਇਹਨਾਂ ਪਹਾੜੀਆਂ ਰਸਤਿਆਂ ਤੋਂ ਜਾਣੂੰ ਨਹੀਂ ਸਨ।

ਇਸ ਤਰ੍ਹਾਂ ਮੁਗਲ ਫ਼ੌਜਾਂ ਸ਼ਿਵਾਜੀ ਉਤੇ ਭਾਰੂ ਨ ਹੋ ਸਕੀਆਂ। 23 ਅਪ੍ਰੈਲ 1680 ਈਸਵੀ ਨੂੰ 52 ਸਾਲ ਦੀ ਉਮਰ ਵਿਚ ਸ਼ਿਵਾਜੀ ਬੀਮਾਰ ਹੋ ਕੇ ਸਵਰਗਵਾਸ ਹੋ ਗਏ। ਉਹਨਾਂ

ਤੋਂ ਬਾਅਦ ਸੰਨ 1680 ਈਸਵੀ ਦੇ ਹੀ ਜੁਲਾਈ ਦੇ ਮਹੀਨੇ ਵਿਚ ਉਹਨਾਂ ਦਾ 23 ਸਾਲਾਂ ਦਾ ਪੁੱਤਰ ਸਾਂਭਾ ਜੀ ਰਾਜਗੱਦੀ ਤੇ ਬੈਠਾ ਅਤੇ ਉਸ ਨੇ ਵੀ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਖਿਲਾਫ਼ ਕਾਰਵਾਈਆਂ ਕਰਨੀਆਂ ਚਾਲੂ ਰੱਖੀਆਂ।

ਸੰਨ 1680 ਈਸਵੀ ਵਿਚ, ਓਸੇ ਹੀ ਸਾਲ, ਬਾਦਸ਼ਾਹ ਔਰੰਗਜ਼ੇਬ ਦਾ ਸਭ ਤੋਂ ਛੋਟਾ ਪੁੱਤਰ ਅਕਬਰ ਖਾਂ ਆਪਣੇ ਪਿਓ ਤੋਂ ਬਾਗੀ ਹੋ ਗਿਆ। ਉਸ ਨੇ ਕੁਝ ਮਨਸਬਦਾਰਾਂ ਨਾਲ ਮਿਲ ਕੇ ਦਿੱਲੀ ਦਰਬਾਰ ਛੱਡ ਦਿੱਤਾ ਅਤੇ ਦਿੱਲੀ ਨੂੰ ਛੱਡ ਕੇ ਦੱਖਣ ਵਲ ਚਲਾ ਗਿਆ। ਦੱਖਣ ਵਿਚ ਓਦੋਂ ਮੁਗਲੀਆ ਹਕੂਮਤ ਦੇ ਖ਼ਿਲਾਫ਼ ਬੀਜਾਪੁਰ ਅਤੇ ਗੋਲਕੁੰਡੇ ਦੇ ਰਾਜਾਂ ਵਲੋਂ ਬਗਾਵਤ ਦੀਆਂ ਆਵਾਜ਼ਾਂ ਉਠ ਰਹੀਆਂ ਸਨ। ਅਕਬਰ ਨੇ ਦੱਖਣ ਵਿਚ ਪਹੁੰਚ ਕੇ ਬੀਜਾਪੁਰ ਅਤੇ ਗੋਲਕੁੰਡੇ ਰਾਜਾਂ ਨਾਲ ਸੰਧੀਆਂ ਕਰ ਲਈਆਂ। ਉਸ ਨੇ ਆਪਣੇ ਪਿਤਾ ਔਰੰਗਜ਼ੇਬ ਦੀ ਥਾਂ ਆਪਣੇ ਆਪ ਨੂੰ ਦਿੱਲੀ ਦੇ ਤਖ਼ਤ ਦਾ ਅਸਲ ਹੱਕਦਾਰ ਹੋਣ ਦਾ ਖੁੱਲਮ ਖੁੱਲਾ ਐਲਾਨ ਕਰ ਦਿੱਤਾ। ਮਰਾਠਾ ਰਾਜ ਦੇ ਮਰਹੱਟੇ ਨੌਜਵਾਨ ਰਾਜੇ ਸਾਂਭਾ ਜੀ ਨੇ ਦੱਖਣ ਵਿਚ ਆਏ ਔਰੰਗਜ਼ੇਬ ਦੇ ਬਾਗੀ ਪੁੱਤਰ ਅਕਬਰ ਨੂੰ ਆਪਣੇ ਰਾਜ ਵਿਚ ਪਨਾਂਹ ਦੇ ਦਿੱਤੀ। ਅਗਲੇ ਪੰਜ ਸਾਲ ਬਾਗੀ ਸ਼ਹਿਜ਼ਾਦਾ ਅਕਬਰ ਸਾਂਭਾ ਜੀ ਕੋਲ ਹੀ ਰਿਹਾ।

ਔਰੰਗਜ਼ੇਬ ਦਾ ਵਿਚਾਰ ਸੀ ਕਿ ਉਸ ਦਾ ਬਾਗੀ ਪੁੱਤਰ ਅਕਬਰ ਆਪਣੇ ਆਪ ਆਪਣੀ ਭੁੱਲ ਨੂੰ ਸੁਧਾਰ ਕੇ ਦਿੱਲੀ ਵਾਪਸ ਆ ਜਾਵੇਗਾ। ਪਰ ਅਜੇਹਾ ਨਹੀਂ ਹੋਇਆ। ਸਗੋਂ ਬੀਜਾਪੁਰ, ਗੋਲਕੁੰਡਾ ਅਤੇ ਮਰਹੱਟੇ ਰਾਜਾ ਸਾਂਭਾ ਜੀ ਨਾਲ ਮਿਲ ਕੇ ਅਕਬਰ ਦੀ ਗੁੱਟਬੰਦੀ ਹੋਰ ਵੱਡੀ ਅਤੇ ਮਜ਼ਬੂਤ ਹੁੰਦੀ ਜਾ ਰਹੀ ਸੀ। ਔਰੰਗਜ਼ੇਬ ਨੂੰ ਲੱਗਾ ਕਿ ਦਿੱਲੀ ਦਾ ਤਖ਼ਤ ਬਚਾਉਣ ਲਈ ਉਸ ਨੂੰ ਕੁਝ ਕਰਨਾ ਚਾਹੀਦਾ ਹੈ ਨਹੀਂ ਤਾਂ ਪਾਣੀ ਸਿਰ ਤੋਂ ਲੰਘ ਜਾਵੇਗਾ। ਰਾਜਪੂਤਾਨੇ ਵਿਚ ਕੁਝ ਰਾਜਪੂਤ ਰਾਜੇ ਵੀ ਮੁਗਲੀਆ ਹਕੂਮਤ ਤੋਂ ਆਕੀ ਹੋ ਗਏ ਸਨ। ਇਹਨਾਂ ਮਸਲਿਆਂ ਨੂੰ ਹੱਲ ਕਰਨ ਲਈ ਸੰਨ 1681 ਈਸਵੀ ਵਿਚ ਔਰੰਗਜ਼ੇਬ ਨੇ ਆਪਣੇ ਪੂਰੇ ਦਲ ਬਲ ਨਾਲ ਦਿੱਲੀ ਤੋਂ ਰਾਜਪੂਤਾਨੇ ਅਤੇ ਦੱਖਣ ਤੇ ਚੜ੍ਹਾਈ ਕਰ ਕੇ ਬਾਗੀਆਂ ਦੇ ਖ਼ਿਲਾਫ਼ ਇਕ ਮੁਹਿੰਮ ਛੇੜ ਦਿੱਤੀ। ਰਾਜਪੂਤਾਨੇ ਵਿਚ ਕੁਝ ਸਮਾਂ ਬਿਤਾ ਕੇ ਔਰੰਗਜ਼ੇਬ ਨੇ ਦੱਖਣ ਵਿਚ ਪਹੁੰਚ ਕੇ, ਅਕਬਰ ਨੂੰ ਸੋਧਣ ਤੋਂ ਪਹਿਲਾਂ ਉਸ ਨੇ ਬੀਜਾਪੁਰ ਅਤੇ ਗੋਲਕੁੰਡੇ ਦੇ ਰਾਜਾਂ ਨੂੰ ਫ਼ਤਹਿ ਕੀਤਾ। ਫ਼ਿਰ ਉਹ ਮਰਹੱਟਿਆਂ ਦੇ ਰਾਜੇ ਸਾਂਭਾ ਜੀ ਦੇ ਮਗਰ ਹੋ ਗਿਆ ਕਿਓਂਕਿ ਉਸ ਨੇ ਬਾਗੀ ਸ਼ਹਿਜ਼ਾਦੇ ਅਕਬਰ ਨੂੰ ਆਪਣੇ ਰਾਜ ਵਿਚ ਪਨਾਂਹ ਦਿੱਤੀ ਹੋਈ ਸੀ।

ਹੁਣ ਅਕਬਰ ਅਤੇ ਸਾਂਭਾ ਜੀ ਨੂੰ ਲਗਾ ਕਿ ਉਹ ਔਰੰਗਜ਼ੇਬ ਦੀ ਭਾਰੀ ਸ਼ਾਹੀ ਫ਼ੌਜ ਦਾ ਮੁਕਾਬਲਾ ਨਹੀਂ ਕਰ ਸਕਣਗੇ। ਸ਼ਹਿਜ਼ਾਦੇ ਅਕਬਰ ਦੀ ਸਥਿਤੀ ਬੜੀ ਨਾਜ਼ੁਕ ਹੋ ਗਈ ਸੀ। ਆਪਣੀ ਨਾਕਾਮੀ ਵਿਚ ਉਸ ਨੇ ਹਿੰਦੁਸਤਾਨ ਨੂੰ ਛੱਡ ਦੇਣ ਦਾ ਫ਼ੈਸਲਾ ਕਰ ਲਿਆ। ਉਹ ਹਿੰਦੁਸਤਾਨ ਤੋਂ ਈਰਾਨ ਜਾਣਾ ਚਾਹੁੰਦਾ ਸੀ। ਇਸ ਵਿਚ ਸਾਂਭਾ ਜੀ ਨੇ ਉਸ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਅਤੇ ਸ਼ਹਿਜ਼ਾਦਾ ਅਕਬਰ ਇਕ ਸਮੁੰਦਰੀ ਜਹਾਜ਼ ਰਾਹੀਂ ਹਿੰਦੁਸਤਾਨ ਤੋਂ ਈਰਾਨ ਚਲਾ ਗਿਆ।

ਹੁਣ ਔਰੰਗਜ਼ੇਬ ਜ਼ਿਦ ਵਿਚ ਆ ਕੇ ਸਾਂਭਾ ਜੀ ਦੇ ਮਗਰ ਹੋ ਗਿਆ। ਦੋਹਾਂ ਧਿਰਾਂ ਵਿਚ ਕਈ ਲੜਾਈਆਂ ਹੋਈਆਂ। ਆਖਿਰ ਸੰਨ 1687 ਈਸਵੀ ਵਿਚ ਹੋਈ ਇਕ ਲੜਾਈ ਵਿਚ ਮੁਗਲ ਫ਼ੌਜਾਂ ਨੇ ਸਾਂਭਾ ਜੀ ਦੀਆਂ ਮਰਾਠੀ ਫ਼ੌਜਾਂ ਨੂੰ ਕਰਾਰੀ ਮਾਤ ਦੇ ਦਿੱਤੀ। ਇਸ ਹਾਰ ਤੋਂ ਬਾਅਦ ਸਾਂਭਾ ਜੀ ਦੀ ਸਥਿਤੀ ਕਮਜ਼ੋਰ ਹੋ ਗਈ। ਇਸ ਤੋਂ ਇਲਾਵਾ ਸਾਂਭਾ ਜੀ ਦੇ ਮਤ੍ਰੇਏ ਚਾਚੇ ਰਾਜਾਰਾਮ ਦੇ ਪਰਿਵਾਰ ਦੇ ਕੁਝ ਲੋਕ ਸਾਂਭਾ ਜੀ ਦੇ ਵਿਰੁੱਧ ਮੁਗਲਾਂ ਦਾ ਸਾਥ ਦੇ ਰਹੇ ਸਨ। ਉਹ ਮੁਗਲਾਂ ਨਾਲ ਰਲ ਕੇ ਸਾਂਭਾ ਜੀ ਦੀ ਮੁਖ਼ਬਰੀ ਕਰ ਰਹੇ ਸਨ ਅਤੇ ਉਸ ਦੀਆਂ ਗੁਪਤ ਸੂਚਨਾਵਾਂ ਔਰੰਗਜ਼ੇਬ ਦੇ ਮੁਗਲ ਜਰਨੈਲਾਂ ਨੂੰ ਪੁਚਾ ਰਹੇ ਸਨ। ਆਖਿਰ ਫ਼ਰਵਰੀ ਸੰਨ 1689 ਈਸਵੀ ਵਿਚ ਇਹਨਾਂ ਗੁਪਤ ਜਾਣਕਾਰੀਆਂ ਤੋਂ ਫ਼ਾਇਦਾ ਲੈ ਕੇ, ਸੰਗਮਈਸ਼ਵਰ ਨਾਂਅ ਦੇ ਸਥਾਨ ਤੇ ਹੋਈ ਇਕ ਫ਼ੌਜੀ ਮੁੱਠਭੇੜ ਵਿਚ ਮੁਗਲ ਜਰਨੈਲ ਮੁਕੱਰਬ ਖਾਂ ਦੀ ਕਮਾਨ ਥੱਲੇ ਲੜ ਰਹੀਆਂ ਮੁਗਲ ਫ਼ੌਜਾਂ ਨੇ ਸਾਂਭਾ ਜੀ ਨੂੰ ਉਸ ਦੇ 27 ਹੋਰ ਸਰਦਾਰਾਂ, ਅਹੁਦੇਦਾਰਾਂ ਅਤੇ ਸਲਾਹਕਾਰਾਂ ਨਾਲ ਫ਼ੜ ਲਿਆ।

ਸਾਂਭਾ ਜੀ ਅਤੇ ਉਸ ਦੇ ਸਾਥੀਆਂ ਨੂੰ ਅਹਿਮਦਨਗਰ ਜ਼ਿਲੇ ਵਿਚ ਬਣੇ ਬਹਾਦੁਰਗੜ੍ਹ ਕਿਲੇ ਵਿਚ ਲਿਆਂਦਾ ਗਿਆ। ਓਥੇ ਉਹਨਾਂ ਸਾਰਿਆਂ ਨੂੰ ਜ਼ਲੀਲ ਕਰਨ ਲਈ ਜਮੂਰਿਆਂ ਦੇ ਹਾਸੋਹੀਣੇ ਕਪੜੇ ਪਾ ਕੇ ਸਾਂਗਾਂ ਵਾਂਗ ਲੋਕਾਂ ਦੇ ਸਾਹਮਣੇ ਜਲੂਸ ਦੀ ਸ਼ਕਲ ਵਿਚ ਘੁਮਾਇਆ ਗਿਆ। ਸੜਕਾਂ ਦੇ ਦੋਹੀਂ ਪਾਸੀਂ ਖੜੇ ਮੁਗਲ ਸਿਪਾਹੀ ਉਹਨਾਂ ਤੇ ਛੀਂਟਾਕਸ਼ੀ ਕਰਦੇ ਸਨ ਅਤੇ ਉਹਨਾਂ ਨੂੰ ਮਿਹਣੇ ਮਾਰਦੇ ਸਨ, ਤਾਅਨੇ ਦੇਂਦੇ ਸਨ, ਭੱਦੇ ਮਜ਼ਾਕ ਅਤੇ ਮਖ਼ੌਲ ਕਰਦੇ ਸਨ ਅਤੇ ਜੋ ਜੀਅ ਆਇਆ ਉਸ ਤਰ੍ਹਾਂ ਦਾ ਗੰਦਾ ਮੰਦਾ ਬੋਲਦੇ ਸਨ। ਜਿੰਦਾਂ ਕਿ ਉਸ ਵੇਲੇ ਮੁਗਲਾਂ

ਦਾ ਹਿੰਦੁਸਤਾਨੀਆਂ ਪ੍ਰਤੀ ਤਰੀਕਾ ਸੀ, ਸਾਂਭਾ ਜੀ ਨੂੰ ਇਸਲਾਮ ਕਬੂਲ ਕਰ ਕੇ ਮੁਸਲਮਾਨ ਬਣ ਜਾਣ ਲਈ ਆਖਿਆ ਗਿਆ। ਉਸ ਦੇ ਇਨਕਾਰ ਕਰਨ ਤੇ ਬਾਦਸ਼ਾਹ ਔਰੰਗਜ਼ੇਬ ਨੇ ਸਾਂਭਾ ਜੀ ਅਤੇ ਉਸ ਦੇ ਸਾਥੀਆਂ ਨੂੰ ਤਸੀਹੇ ਦੇ ਦੇ ਕੇ ਮਾਰਨ ਦਾ ਹੁਕਮ ਦੇ ਦਿੱਤਾ।

ਬਾਦਸ਼ਾਹ ਦੇ ਹੁਕਮ ਦੀ ਤਾਮੀਲ ਕਰਦਿਆਂ ਜੱਲਾਦਾਂ ਨੇ ਸਾਂਭਾ ਜੀ ਨੂੰ ਹਰ ਤਰ੍ਹਾਂ ਦੇ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ। ਇਹ ਤਸੀਹੇ ਦੇਣ ਦਾ ਘਿਨੌਣਾ ਅਤੇ ਹੈਵਾਨੀਅਤ ਭਰਿਆ ਕੰਮ ਚੌਦਾਂ ਦਿਨ ਜਾਰੀ ਰਿਹਾ। ਸਾਂਭਾ ਜੀ ਨੂੰ ਰੋਜ਼ ਸਵੇਰੇ ਉਸ ਦੀ ਕੈਦਗਾਹ ਤੋਂ ਲਿਆਂਦਾ ਜਾਂਦਾ ਸੀ ਅਤੇ ਫ਼ਿਰ ਜੱਲਾਦ ਉਸ ਨੂੰ ਨਵੇਂ ਨਵੇਂ ਢੰਗਾਂ ਦੇ ਤਸੀਹੇ ਦੇ ਕੇ ਜ਼ਿਆਦਾ ਤੋਂ ਜ਼ਿਆਦਾ ਸਤਾਉਣ ਅਤੇ ਪੀੜ ਦੇਣ ਦਾ ਕੰਮ ਸ਼ੁਰੂ ਕਰਦੇ ਸਨ। ਸਾਂਭਾ ਜੀ ਦੀਆਂ ਦੋਵੇਂ ਅੱਖਾਂ ਕੱਢ ਦਿੱਤੀਆਂ ਗਈਆਂ ਅਤੇ ਉਸ ਨੂੰ ਅੰਨ੍ਹਾਂ ਕਰ ਦਿੱਤਾ ਗਿਆ। ਉਸ ਦੇ ਮੂੰਹ ਵਿਚੋਂ ਉਸ ਦੀ ਜੀਭ ਜਮੂਰਾਂ ਨਾਲ ਖਿੱਚ ਲਈ ਗਈ। ਉਸ ਦੀਆਂ ਉਂਗਲਾਂ ਦੇ ਨਹੁੰ ਜਮੂਰਾਂ ਨਾਲ ਇਕ ਇਕ ਕਰ ਕੇ ਖਿੱਚ ਕੇ ਉਸ ਦੀਆਂ ਉਂਗਲਾਂ ਤੋਂ ਲਾਹ ਦਿੱਤੇ ਗਏ। ਉਸ ਦੀ ਚਮੜੀ ਉਧੇੜ ਦਿੱਤੀ ਗਈ ਅਤੇ ਲਾਹ ਦਿੱਤੀ ਗਈ।

ਅਖੀਰ ਜਦੋਂ ਜੱਲਾਦ 14 ਦਿਨ ਲਾ ਕੇ ਸਾਂਭਾ ਜੀ ਉਤੇ ਆਪਣੀਆਂ ਸਾਰੀਆਂ ਪੀੜ ਦੇਣ ਦੀਆਂ ਤਰਕੀਬਾਂ ਵਰਤ ਚੁਕੇ ਤਾਂ 11 ਮਾਰਚ 1689 ਈਸਵੀ ਨੂੰ ਸਾਂਭਾ ਜੀ ਨੂੰ ਕਤਲ ਕਰ ਦਿੱਤਾ ਗਿਆ। ਲੋਹੇ ਦੇ ਤਿੱਖੇ ਬਾਘਨਖ਼ਿਆਂ ਨਾਲ ਉਸ ਦੇ ਸ਼ਰੀਰ ਨੂੰ ਅੱਗੋਂ ਤੇ ਪਿੱਛੋਂ ਖਿੱਚ ਕੇ ਪਾੜ ਦਿੱਤਾ ਗਿਆ। ਅੰਤ ਵਿਚ ਕੁਹਾੜੇ ਦੇ ਵਾਰਾਂ ਨਾਲ ਉਸ ਦਾ ਸਿਰ ਉਸ ਦੇ ਧੜ ਤੋਂ ਲਾਹ ਦਿੱਤਾ ਗਿਆ। ਇਸ ਭਿਆਨਕ ਘਟਨਾ ਨੂੰ ਪੂਨੇ ਦੇ ਨੇੜੇ ਭੀਮਾ ਨਦੀ ਦੇ ਕੰਢੇ ਤੇ ਤੁਲਾਪੁਰ ਨਾਂਅ ਦੀ ਥਾਂ ਤੇ ਅੰਜਾਮ ਦਿੱਤਾ ਗਿਆ ਸੀ।


ਜਨਮ ਅਸਥਾਨ ਬਾਬਾ ਬੰਦਾ ਸਿੰਘ ਜੀ ਬਹਾਦਰ

ਸਾਂਭਾ ਜੀ ਦੀ ਮੌਤ ਤੋਂ ਕੁਝ ਦਿਨ ਬਾਅਦ ਉਸ ਦੀ ਰਾਜਧਾਨੀ ਰਾਇਗੜ੍ਹ ਕਿਲੇ ਤੇ ਮੁਗਲਾਂ ਦਾ ਕਬਜ਼ਾ ਹੋ ਗਿਆ। ਸਾਂਭਾ ਜੀ ਦੀ ਵਿਧਵਾ ਪਤਨੀ ਯੇਸੂਬਾਈ, ਉਸ ਦੇ ਸੱਤ ਸਾਲਾਂ ਦੇ ਪੁੱਤਰ ਸਾਹੂ ਅਤੇ ਸ਼ਿਵਾਜੀ ਮਹਾਰਾਜ ਦੀ ਪਤਨੀ ਮਾਤਾ ਸਕਵਰ ਬਾਈ ਨੂੰ ਮੁਗਲਾਂ ਨੇ ਫ਼ੜ ਕੇ ਕੈਦ ਕਰ ਲਿਆ। ਮਾਤਾ ਸਕਵਰ ਬਾਈ ਮੁਗਲਾਂ ਦੀ ਕੈਦ ਵਿਚ ਹੀ ਸਵਰਗਵਾਸ ਹੋ ਗਈ। ਸਾਂਭਾ ਜੀ ਦਾ ਸੱਤ ਸਾਲ ਦਾ ਬਿਨ੍ਹਾਂ ਬਾਪ ਦਾ ਬੱਚਾ ਸਾਹੂ ਅਗਲੇ 18 ਸਾਲ ਮੁਗਲਾਂ ਦੀ ਕੈਦ ਵਿਚ ਰਿਹਾ।

ਸੰਨ 1707 ਈਸਵੀ ਵਿਚ ਜਦੋਂ ਔਰੰਗਜ਼ੇਬ ਦੀ ਦੱਖਣ ਵਿਚ ਅਹਿਮਦ ਨਗਰ ਵਿਚ ਮੌਤ ਹੋਈ ਤਾਂ ਉਸ ਦੇ ਪੁੱਤਰ ਆਜ਼ਮ ਸ਼ਾਹ ਨੇ ਸਾਹੂ ਨੂੰ ਮੁਗਲ ਕਾਰਾਵਾਸ ਵਿਚੋਂ ਰਿਹਾ ਕੀਤਾ। ਰਿਹਾ ਹੋਣ ਤੋਂ ਬਾਅਦ ਸਾਹੂ ਨੂੰ ਆਪਣੇ ਮਰਾਠਾ ਰਾਜ ਦੀ

ਗੱਦੀ ਹਾਸਲ ਕਰਨ ਲਈ ਆਪਣੇ ਮਤ੍ਰੇਏ ਚਾਚੇ ਰਾਜਾਰਾਮ ਦੀ ਵਿਧਵਾ ਤਾਰਾ ਬਾਈ ਨਾਲ ਲੜਾਈ ਕਰਨੀ ਪਈ। ਸਾਹੂ ਨੂੰ ਮੁਗਲਾਂ ਨੇ ਕਈ ਸ਼ਰਤਾਂ ਲਾ ਕੇ ਰਿਹਾ ਕੀਤਾ ਸੀ। ਉਹ ਇਹਨਾਂ ਸ਼ਰਤਾਂ ਨੂੰ ਪੂਰਿਆਂ ਕਰੇਗਾ ਇਸ ਦੀ ਜ਼ਮਾਨਤ ਵਜੋਂ ਮੁਗਲਾਂ ਨੇ ਸਾਂਭਾ ਜੀ ਦੀ ਵਿਧਵਾ ਅਤੇ ਸਾਹੂ ਦੀ ਮਾਤਾ ਯਸੂਬਾਈ ਨੂੰ ਕੈਦ ਕੀਤੀ ਰਖਿਆ। ਯਸੂਬਾਈ ਦੀ ਰਿਹਾਈ ਸੰਨ 1719 ਈਸਵੀ ਵਿਚ ਹੋਈ ਜਦੋਂ ਮੁਗਲਾਂ ਦੇ ਮੁਕਾਬਲੇ ਵਿਚ ਮਰਹੱਟੇ ਵਧੇਰੇ ਤਾਕਤਵਰ ਹੋ ਗਏ। ਸੰਨ 1719 ਈਸਵੀ ਤੱਕ ਮਰਾਠਾ ਰਾਜ ਵਿਚ ਸਾਹੂ ਅਤੇ ਬਾਲਾ ਜੀ ਵਿਸ਼ਵਾਨਾਥ ਸ਼ਕਤੀਸ਼ਾਲੀ ਹੋ ਚੁਕੇ ਸਨ।

ਪਾਠਕ ਸੰਨ 1719 ਈਸਵੀ ਦੀ ਇਸ ਘਟਨਾ ਨੂੰ ਯਾਦ ਰੱਖਣ ਕਿਓਂ ਕਿ ਇਹ ਘਟਨਾ ਬੰਦਾ ਸਿੰਘ ਬਹਾਦੁਰ ਦੀ ਜੂਨ 1716 ਈਸਵੀ ਵਿਚ ਦਿੱਲੀ ਵਿਚ ਹੋਈ ਸ਼ਹੀਦੀ ਦੇ ਤਿੰਨ ਸਾਲ ਬਾਅਦ ਹੋਈ ਸੀ। ਇਹ ਇਸ ਲਈ ਸੰਭਵ ਹੋ ਸਕਿਆ ਸੀ ਕਿਓਂ ਕਿ ਬੰਦਾ ਸਿੰਘ ਦੀਆਂ 1709 ਈਸਵੀ-1716 ਈਸਵੀ ਦੀਆਂ ਮੁਹਿੰਮਾਂ ਨੇ ਮੁਗਲ ਰਾਜ ਦੀ ਸੱਤਾ ਨੂੰ ਮਾਰੂ ਸੱਟਾਂ ਲਾ ਲਾ ਕੇ ਭੰਨ ਦਿੱਤਾ ਸੀ ਅਤੇ ਕਮਜ਼ੋਰ ਕਰ ਦਿੱਤਾ ਸੀ। ਅਗਲੇ ਤਿੰਨ ਸਾਲਾਂ ਵਿਚ ਹੀ ਉਹ ਮਰਹੱਟੇ ਜਿਨ੍ਹਾਂ ਤੇ ਮੁਗਲ ਪਿਛਲੇ ਚਾਲੀ ਸਾਲਾਂ ਤੋਂ ਭਾਰੂ ਸਨ ਹੁਣ ਬੰਦਾ ਸਿੰਘ ਬਹਾਦੁਰ ਦਵਾਰਾ ਮੁਗਲਾਂ ਨੂੰ ਕਮਜ਼ੋਰ ਕਰ ਦੇਣ ਦੇ ਸਿੱਟੇ ਵੱਜੋਂ ਅਤੇ ਸੱਤਾ ਦੇ ਸਮੀਕਰਣਾਂ ਦੇ ਬਦਲ ਜਾਣ ਨਾਲ, ਮੁਗਲਾਂ ਤੋਂ ਵੱਧ ਤਾਕਤਵਰ ਹੋ ਗਏ ਸਨ। ਸੰਨ 1719 ਈਸਵੀ ਵਿਚ ਸਾਹੂ ਦੀ ਮਾਤਾ ਯਸੂਬਾਈ ਦੀ ਮੁਗਲਾਂ ਦੀ ਕੈਦ ਤੋਂ ਰਿਹਾਈ ਇਸ ਬਦਲੇ ਹੋਏ ਸੱਤਾ ਦੇ ਸਮੀਕਰਣਾਂ ਕਾਰਨ ਹੀ ਸੰਭਵ ਹੋ ਪਾਈ ਸੀ।

ਸੰਨ 1689 ਈਸਵੀ ਤੋਂ 1692 ਈਸਵੀ ਤੱਕ ਦਾ ਇਹ ਹੀ ਸਮਾਂ ਸੀ ਜਦੋਂ 20-22 ਸਾਲਾਂ ਦਾ ਮਾਧੋਦਾਸ ਬੈਰਾਗੀ ਉਤਰ ਭਾਰਤ ਤੋਂ ਆ ਕੇ ਦੱਖਣ ਵਿਚ ਮਰਹੱਟਿਆਂ ਦੇ ਇਲਾਕੇ ਵਿਚ ਗੋਦਾਵਰੀ ਨਦੀ ਦੇ ਕੰਢੇ ਤੇ ਵੱਸੇ ਨਾਸਿਕ ਸ਼ਹਿਰ ਵਿਚ ਰਹਿ ਰਿਹਾ ਸੀ। ਨਾਸਿਕ ਸ਼ਹਿਰ ਅਜ ਵਾਂਗ ਹੀ, ਉਸ ਵੇਲੇ ਵੀ, ਹਿੰਦੂਆਂ ਲਈ ਇਕ ਪਵਿੱਤਰ ਤੀਰਥ ਸਥਾਨ ਮੰਨਿਆਂ ਜਾਂਦਾ ਸੀ। ਏਥੇ ਉਸ ਨੇ ਜ਼ਰੂਰ ਸ਼ਿਵਾਜੀ ਮਹਾਰਾਜ ਦੇ ਮੁਗਲਾਂ ਵਿਰੁਧ ਕੀਤੇ ਯੁੱਧਾਂ ਅਤੇ ਉਹਨਾਂ ਦੇ ਬਹਾਦੁਰੀ ਦੇ ਕਾਰਨਾਮੇ ਅਤੇ ਉਸ ਦੇ ਪੁੱਤਰ ਸਾਂਭਾ ਜੀ ਉਤੇ ਸੰਨ 1689 ਵਿਚ ਪੂਨੇ ਦੇ ਨੇੜੇ ਔਰੰਗਜ਼ੇਬ ਦੇ ਕੀਤੇ ਭਾਰੀ ਜ਼ੁਲਮਾਂ, ਦਿੱਤੇ ਤਸੀਹਿਆਂ, ਕੀਤੇ ਅੱਤਿਆਚਾਰਾਂ ਅਤੇ ਉਸ ਦੇ ਕਤਲ ਬਾਰੇ ਪਤਾ ਲਗਾ ਹੋਵੇਗਾ। ਪੂਨੇ ਤੋਂ ਨਾਸਿਕ ਸਿਰਫ਼ ਦੋ ਸੌ ਕਿਲੋਮੀਟਰ ਦੂਰ ਹੈ।

ਸਾਂਭਾ ਜੀ ਨੂੰ ਤਸੀਹੇ ਦੇ ਕੇ ਕਤਲ ਕੀਤੇ ਜਾਣ ਵੇਲੇ ਜਾਂ ਉਸ ਤੋਂ ਯਕਦਮ ਬਾਅਦ ਦੇ ਸਮੇਂ ਵਿਚ ਮਾਧੋਦਾਸ ਬੈਰਾਗੀ ਨਾਸਿਕ ਵਿਚ ਸੀ ਅਤੇ ਨਾਸਿਕ ਵਿਚ ਮੰਦਰਾਂ ਦੀ ਯਾਤਰਾ ਕਰਨ ਲਈ ਆਉਂਦੇ ਜਾਂਦੇ ਹਿੰਦੂਆਂ ਅਤੇ ਮਰਹੱਟਿਆਂ ਵਿਚ ਇਸ ਭਿਆਨਕ ਅਤੇ ਦਰਦਨਾਕ ਰਾਜਨੀਤਕ ਘਟਨਾ ਦੀ ਚਰਚਾ ਆਮ ਹੁੰਦੀ ਹੋਵੇਗੀ। ਬਾਕੀ ਹਿੰਦੂਆਂ ਵਾਂਗ ਉਸ ਦਾ ਵੀ ਖ਼ੂਨ ਖੌਲਿਆ ਹਵੇਗਾ। ਪਰ ਬਾਕੀਆਂ ਵਾਂਗ ਉਹ ਵੀ ਕੁਝ ਕਰਨ ਤੋਂ ਮਜਬੂਰ ਸੀ। ਹਿੰਦੁਸਤਾਨੀਆਂ ਲਈ ਜ਼ੁਲਮ ਦੇ ਵਿਰੁੱਧ ਹੱਕ ਦੀ ਤਲਵਾਰ ਚੁਕਣ ਦਾ ਸਿਧਾਂਤ ਓਪਰਾ ਸੀ। ਦਿਲ ਮਸੋਸ ਕੇ ਚੁੱਪ ਰਹਿਣ ਤੋਂ ਸਿਵਾ ਹੋਰ ਕੋਈ ਰਸਤਾ ਨਹੀਂ ਸੀ।

ਸੰਨ 1689 ਈਸਵੀ ਤੋਂ 1692 ਈਸਵੀ ਦੇ ਤਿੰਨ ਸਾਲਾਂ ਦੇ ਇਸ ਸਮੇਂ ਵਿਚ ਹੀ, ਵੀਹਾਂ ਬਾਈਆਂ ਸਾਲਾਂ ਦਾ ਨੌਜੁਆਨ ਮਾਧੋਦਾਸ ਨਾਸਿਕ ਦੇ ਸਾਧੂ ਸੰਤਾਂ ਦੇ ਡੇਰਿਆਂ ਵਿਚ ਰਹਿ ਰਿਹਾ ਸੀ। ਉਸ ਵੇਲੇ ਦੀਆਂ ਇਹਨਾਂ ਦਿਲ ਦਹਿਲਾ ਦੇਣ ਵਾਲੀਆਂ ਦੁਖਦਾਈ, ਤ੍ਰਾਸਦੀ ਭਰੀਆਂ, ਪ੍ਰਭਾਵਸ਼ਾਲੀ ਅਤੇ ਅਸਰਦਾਰ ਘਟਨਾਵਾਂ ਨੇ ਉਸ ਨੂੰ ਵੀ ਜ਼ਰੂਰ ਝੰਜੋੜਿਆ ਹੋਵੇਗਾ। ਉਸ ਦੇ ਦਿਲ ਅਤੇ ਦਿਮਾਗ ਵਿਚ ਵੀ ਤੂਫ਼ਾਨ ਬਰਪਾ ਹੋਇਆ ਹੋਵੇਗਾ। ਪਰ ਹਿੰਦੁਸਤਾਨੀਆਂ ਦੀ ਕੁਝ ਨ ਕਰ ਸਕਣ ਦੀ ਇਖ਼ਲਾਕੀ ਮਜਬੂਰੀ ਅਤੇ ਕਮਜ਼ੋਰੀ ਵੀ ਉਹ ਵੇਖ ਰਿਹਾ ਸੀ। ਉਸ ਦੇ ਡੌਲੇ ਤਾਂ ਫ਼ਰਕਦੇ ਸਨ, ਉਸ ਦੇ ਬੁੱਲ ਵੀ ਗੁੱਸੇ ਨਾਲ ਕੰਬਦੇ ਸਨ ਪਰ ਕੋਈ ਸੰਸਕਾਰੀ ਮਜਬੂਰੀ ਸੀ ਜੋ ਉਸ ਨੂੰ ਕੁਝ ਕਰਨ ਤੋਂ ਰੋਕਦੀ ਸੀ। ਇਹ ਹੀ ਹਾਲ ਬਾਕੀ ਆਮ ਸਾਰਿਆਂ ਦਾ ਵੀ ਸੀ। ਇਹ ਮਜਬੂਰੀ ਅਤੇ ਇਹ ਕਮਜ਼ੋਰੀ ਕੀ ਸੀ ਅਤੇ ਕਿਓਂ ਸੀ?

ਇਹ ਹਿੰਦੁਸਤਾਨੀਆਂ ਦੇ ਆਚਰਣ ਵਿਚ ਸੱਤ ਅੱਠ ਸਦੀਆਂ ਤੋਂ ਆ ਚੁਕੀ ਉਹ ਕਮਜ਼ੋਰੀ ਸੀ ਜਿਸ ਦੇ ਚਲਦਿਆਂ ਉਹ ਵਿਦੇਸ਼ੀ ਹਮਲਾਵਰਾਂ, ਆਤਤਾਈਆਂ, ਸ਼ਾਸਕਾਂ ਅਤੇ "ਜ਼ਾਲਮਾਂ ਦੇ ਵਿਰੁੱਧ ਖੜੇ ਹੋ ਕੇ ਉਹਨਾ ਨੂੰ ਲਲਕਾਰਨ ਅਤੇ ਵੰਗਾਰਨ ਦੀ ਦਲੇਰੀ ਅਤੇ ਹੌਂਸਲਾ ਨਹੀਂ ਕਰ ਪਾਉਂਦੇ ਸਨ। ਅੰਦਰੇ ਅੰਦਰ ਕਚੀਚੀਆਂ ਵੱਟਦੇ ਸਨ, ਆਪਣੇ ਬੁੱਲ ਟੁੱਕਦੇ ਸਨ, ਪਰ ਇਸ ਤੋਂ ਅਗਾਂਹ ਵਧ ਕੇ ਆਤਤਾਈਆਂ ਵਿਰੁਧ ਜਥੇ ਬੰਦ ਹੋ ਕੇ ਲੜਣ ਮਰਨ ਲਈ ਤੇਗ ਤਲਵਾਰ ਨਹੀਂ ਚੁਕਦੇ ਸਨ।

ਆਪਣੀ ਆਜ਼ਾਦੀ ਅਤੇ ਆਪਣੀ ਸੁਤੰਤਰਤਾ ਲਈ ਆਪਣੇ ਸੁਖ ਤਿਆਗ ਕੇ ਆਪਣੀਆਂ ਜਾਨਾਂ ਦੀ ਬਾਜ਼ੀ ਲਾਉਣ ਦਾ ਜਜ਼ਬਾ ਉਹਨਾਂ ਵਿਚ ਨਹੀਂ ਸੀ। ਉਹ ਇਸ ਤਰ੍ਹਾਂ ਦੀ ਹਿੰਮਤ ਨਹੀਂ ਕਰ ਪਾਉਂਦੇ ਸਨ। ਹਿੰਦੁਸਤਾਨੀਆਂ ਦੀ ਇਸ ਸਾਂਝੀ ਆਚਰਣਕ ਅਤੇ ਇਖ਼ਲਾਕੀ ਕਮਜ਼ੋਰੀ ਨੂੰ ਹੁਣ ਵਿਦੇਸ਼ੀ ਸਭ ਹਮਲਾਵਰ ਚੰਗੀ ਤਰ੍ਹਾਂ ਜਾਣ ਗਏ ਸਨ।

ਉਹਨਾਂ ਨੂੰ ਪਤਾ ਸੀ ਕਿ ਹਿੰਦੁਸਤਾਨੀਆਂ ਵਿਚ ਵਿਦੇਸ਼ੀ ਆਕਰਮਣਕਾਰੀਆਂ ਦਾ ਡਟ ਕੇ ਵਿਰੋਧ ਕਰਨ ਦਾ ਕੋਈ ਮਾਦਾ ਅਤੇ ਜਜ਼ਬਾ ਨਹੀਂ ਹੈ। ਉਹ ਜਾਣ ਚੁਕੇ ਸਨ ਕਿ ਹਿੰਦੁਸਤਾਨੀਆਂ ਨੂੰ ਆਪਣੀ ਜਾਨ ਸਭ ਤੋਂ ਪਿਆਰੀ ਹੁੰਦੀ ਹੈ। ਆਪਣੀ ਜਾਨ ਬਚਾਉਣ ਲਈ ਉਹ ਕੁਝ ਵੀ ਸਹਿਣ ਨੂੰ ਅਤੇ ਕੁਝ ਵੀ ਕਰਨ ਨੂੰ ਰਾਜ਼ੀ ਹੁੰਦੇ ਹਨ। ਆਪਣੀ, ਆਪਣੇ ਪਰਿਜਨਾਂ ਦੀ ਅਤੇ ਆਪਣੀਆਂ ਬਹੂ ਬੇਟੀਆਂ ਦੀ ਹਰ ਤਰ੍ਹਾਂ ਦੀ ਬੇਇੱਜ਼ਤੀ ਅਤੇ ਹਰ ਤਰ੍ਹਾਂ ਦੀ ਪੀੜ, ਹਰ ਤਰ੍ਹਾਂ ਦਾ ਦੁੱਖ ਅਤੇ ਹਰ ਪ੍ਰਕਾਰ ਦਾ ਦਰਦ ਹਿੰਦੁਸਤਾਨੀ ਬਰਦਾਸ਼ਤ ਕਰ ਸਕਦੇ ਸਨ ਪਰ ਜਾਨ ਦੀ ਬਾਜ਼ੀ ਲਾ ਕੇ ਜਬਰ ਅਤੇ ਅਨਿਆਂ ਦੇ ਵਿਰੁਧ ਖੜੇ ਨਹੀਂ ਹੋ ਸਕਦੇ ਸਨ।

ਇਹ ਦਰਦਨਾਕ ਘਟਨਾਵਾਂ ਉਹਨਾਂ ਦਿਨਾਂ ਵਿਚ ਮਾਧੋਦਾਸ ਦੇ ਇਰਦ ਗਿਰਦ ਹੋ ਰਹੀਆਂ ਸਨ। ਮਾਧੋਦਾਸ ਇਸ ਦੁਖਦਾਈ ਅਤੇ ਤ੍ਰਾਸਦੀ ਭਰੇ ਵਾਤਾਵਰਣ ਦਾ ਹਿੱਸਾ ਬਣਿਆ ਹੋਇਆ ਸੀ। ਮਾਧੋਦਾਸ ਰੋਂਦੇ ਲੋਕਾਂ ਦੇ ਦਰਦਨਾਕ ਬਿਰਤਾਂਤਾਂ ਨੂੰ ਰੋਜ਼ ਸੁਣਦਾ ਸੀ ਅਤੇ ਹਿੰਦੂ ਸਮਾਜ ਦੀ ਸਾਂਝੀ ਪੀੜ ਨੂੰ ਅਨੁਭਵ ਕਰ ਰਿਹਾ ਸੀ। ਕਚੀਚੀਆਂ ਉਸ ਨੂੰ ਵੀ ਆ ਰਹੀਆਂ ਸਨ ਅਤੇ ਖ਼ੂਨ ਉਸ ਦਾ ਵੀ ਖੌਲਦਾ ਸੀ। ਪਰ ਬਾਕੀ ਲੱਖਾਂ ਕਰੋੜਾਂ ਹਿੰਦੁਸਤਾਨੀਆਂ ਵਾਂਗ ਉਹ ਵੀ ਆਪਣੇ ਗੁੱਸੇ ਨੂੰ ਅੰਦਰੋ ਅੰਦਰ ਪੀ ਜਾਣ ਦਾ ਆਦੀ ਹੋ ਗਿਆ ਸੀ। ਜ਼ੁਲਮ ਨੂੰ ਵੰਗਾਰਨਾ ਉਹਨਾਂ ਦਾ ਸੁਭਾਅ ਨਹੀਂ ਸੀ।

ਪਤਾ ਨਹੀਂ ਇਹਨਾਂ ਸਭ ਘਟਨਾਵਾਂ ਤੋਂ ਪ੍ਰਭਾਵਤ ਹੋ ਕੇ ਜਾਂ ਕਿ ਕਿਸੇ ਹੋਰ ਕਾਰਨਾਂ ਕਰਕੇ, ਦੋ ਤਿੰਨ ਸਾਲ ਨਾਸਿਕ ਵਿਚ ਰਹਿਣ ਉਪਰੰਤ ਮਾਧੋਦਾਸ ਨੇ ਸੰਨ 1692 ਵਿਚ ਨਾਸਿਕ ਛੱਡ ਦਿੱਤਾ ਅਤੇ ਗੋਦਾਵਰੀ ਨਦੀ ਜਿਸ ਪਾਸੇ ਵਲ ਵਗਦੀ ਸੀ ਉਸ ਦੇ ਨਾਲ ਨਾਲ ਕੋਈ ਪੰਜ ਸੌ ਕਿਲੋਮੀਟਰ ਹੋਰ ਅਗਾਂਹ ਚਲਾ ਗਿਆ। ਅਗਾਂਹ ਖੁੱਲਾ ਇਲਾਕਾ ਸੀ, ਵੱਸੋਂ ਵੀ ਘੱਟ ਸੀ ਅਤੇ ਗੋਦਾਵਰੀ ਨਦੀ ਦੇ ਕੰਢੇ ਬੜੇ ਹਰਿਆਵਲੇ ਅਤੇ ਰਮਣੀਕ ਸਨ। ਮਾਧੋਦਾਸ ਨੂੰ ਇਹ ਸ਼ਾਂਤ ਅਤੇ ਹਰਾ ਭਰਾ ਇਲਾਕਾ ਬੜਾ ਪਸੰਦ ਆਇਆ।

ਸੰਨ 1692 ਈਸਵੀ ਵਿਚ ਜਦੋਂ ਮਾਧੋਦਾਸ 22 ਸਾਲਾਂ ਦਾ ਗਭਰੂ ਜਵਾਨ ਸੀ ਇਸ ਨੇ ਸਾਧੂਆਂ ਸੰਤਾਂ ਦੀਆਂ ਟੋਲੀਆਂ ਨਾਲ ਭ੍ਰਮਣ ਕਰਨਾ ਛੱਡ ਕੇ ਗੋਦਾਵਰੀ ਦੇ ਕੰਢੇ ਵਸੇ ਨਾਂਦੇੜ ਸ਼ਹਿਰ ਵਿਚ ਇਕ ਕੁਟੀਆ ਬਣਾ ਲਈ ਤੇ ਓਥੇ ਆਪਣਾ ਟਿਕਾਣਾ ਕਰ ਕੇ ਇਕ ਸਾਧੂ ਵਾਂਗ ਰਹਿਣ ਲਗ ਪਿਆ। ਨਾਂਦੇੜ ਦੇ ਲੋਗ ਇਸ ਰਿਸ਼ਟ ਪੁਸ਼ਟ, ਸੁੰਦਰ, ਸੋਹਣੇ ਅਤੇ ਸੁਨੱਖੇ ਨੌਜੁਆਨ ਸਾਧੂ ਨੂੰ ਮਾਧੋਦਾਸ ਬੈਰਾਗੀ ਦੇ ਨਾਂਅ ਨਾਲ ਜਾਣਨ ਲਗ ਪਏ। ਵੇਖਣ ਵਿਚ ਮਾਧੋਦਾਸ ਕਦ ਦਾ ਬਹੁਤਾ ਲੰਮਾ ਨਹੀਂ ਸੀ ਪਰ ਸ਼ਰੀਰੋਂ ਉਹ ਗੱਠਿਆ ਹੋਇਆ, ਮਜ਼ਬੂਤ, ਰਿਸ਼ਟ ਪੁਸ਼ਟ, ਬੜਾ ਸੁਨੱਖਾ ਤੇ ਦਰਸ਼ਨੀ ਜਵਾਨ ਸੀ। ਦਿਮਾਗ ਦੇ ਤੇਜ਼, ਚੇਤੰਨ ਅਤੇ ਕੁਸ਼ਾਗਰ ਬੁੱਧ ਵਾਲੇ ਇਸ ਨੌਜਵਾਨ ਬੈਰਾਗੀ ਸਾਧ ਨੇ ਆਪਣੀ ਜਵਾਨੀ ਦੇ ਸ਼ੁਰੂਆਤੀ ਸੱਤ ਅੱਠ ਸਾਲ ਲੰਮੇਂ ਸਫ਼ਰਾਂ ਵਿਚ ਰਹਿ ਕੇ ਅਤੇ ਕਸ਼ਮੀਰ ਤੋਂ ਗੋਦਾਵਰੀ ਨਦੀ ਤੱਕ ਦੀ ਕੋਈ ਦੋ ਹਜ਼ਾਰ ਕਿੱਲੋਮੀਟਰ ਦੀ ਦੂਰੀ ਨੂੰ ਜੰਗਲਾਂ, ਬੀਆਬਾਨਾਂ, ਬੀਹੜਾਂ, ਵਾਲੇ ਇਲਾਕਿਆਂ ਵਿਚ ਪੈਦਲ ਸਫ਼ਰ ਕਰ ਕੇ ਬਿਤਾਏ ਸਨ।

ਇਸ ਦਾ ਸ਼ਰੀਰ ਕਮਾਇਆ ਹੋਇਆ, ਸਖ਼ਤ, ਮਜ਼ਬੂਤ ਤੇ ਪੀਡਾ ਹੋ ਗਿਆ ਸੀ। ਤਰ੍ਹਾਂ-ਤਰ੍ਹਾਂ ਦੇ ਲੋਕਾਂ ਨਾਲ ਉਸ ਦਾ ਵਾਹ ਪੈਂਦਾ ਸੀ। ਨਾਂਦੇੜ ਵਿਚ ਹੌਲੀ ਹੌਲੀ ਇਸ ਦੀ ਬੈਰਾਗੀ ਦੇ ਰੂਪ ਵਿਚ ਵਾਹਵਾ ਮਾਨਤਾ ਵੀ ਹੋਣ ਲਗ ਪਈ। ਗੋਦਾਵਰੀ ਨਦੀ ਦੇ ਮਨੋਰਮ ਕੰਢੇ ਤੇ ਆਪਣੇ ਇਸ ਨਵੇਂ ਜੀਵਨ ਵਿਚ ਮਾਧੋਦਾਸ ਦਾ ਮਨ ਵੀ ਰਮ ਗਿਆ। ਸਮੇਂ ਨਾਲ ਇਸ ਦੀ ਕੁਟੀਆ ਨੇ ਇਕ ਡੇਰੇ ਦਾ ਰੂਪ ਲੈ ਲਿਆ ਤੇ ਇਸ ਦੇ ਕੁਝ ਚੇਲੇ ਬਾਲੇ ਵੀ ਬਣ ਗਏ।

ਸੰਨ 1708 ਈਸਵੀ ਵਿਚ ਮਾਧੋਦਾਸ 38 ਸਾਲਾਂ ਦਾ ਹੋ ਗਿਆ ਸੀ। ਉਸ ਨੂੰ ਨਾਂਦੇੜ ਵਿਚ ਰਹਿੰਦਿਆਂ 16 ਸਾਲ ਹੋ ਗਏ ਸਨ। ਮਾਧੋਦਾਸ ਦਾ ਜੀਵਨ ਬੜੀ ਸੋਹਣੀ ਤਰ੍ਹਾਂ ਬਤੀਤ ਹੋ ਰਿਹਾ ਸੀ। ਉਸ ਨੇ ਹਾਲੀ ਵਿਆਹ ਨਹੀਂ ਕੀਤਾ ਸੀ। ਔਰੰਗਜ਼ੇਬ ਇਸ ਸਾਰੇ ਸਮੇਂ ਵਿਚ ਹਾਲੀ ਵੀ ਦੱਖਣ ਵਿਚ ਸੀ ਅਤੇ ਆਪਣੀਆਂ ਮੁਹਿੰਮਾਂ ਚਲਾ ਰਿਹਾ ਸੀ। ਭਾਵੇਂ ਜਿੱਥੇ ਔਰੰਗਜ਼ੇਬ ਦਾ ਸ਼ਾਹੀ ਖੇਮਾ ਸੀ ਉਹ ਥਾਂ ਨਾਂਦੇੜ ਤੋਂ ਕੋਈ 320 ਕਿਲੋਮੀਟਰ ਦੀ ਦੂਰੀ ਤੇ ਸੀ ਪਰ ਔਰੰਗਜ਼ੇਬ ਦਾ ਪਿਛਲੇ 21 ਸਾਲਾਂ ਤੋਂ ਦੱਖਣ ਵਿਚ ਰਹਿਣ ਦਾ ਅਸਰ ਪੂਰੇ ਦੱਖਣ ਤੇ ਪੈਂਦਾ ਸੀ। ਨਾਂਦੇੜ ਉਸ ਤੋਂ ਅਛੂਤਾ ਨਹੀਂ ਸੀ।

ਦੱਖਣ ਵਿਚ ਔਰੰਗਜ਼ੇਬ ਦੀਆਂ ਮੁਹਿੰਮਾਂ ਕਾਰਨ ਅਨਾਜ ਦਾ ਕਾਲ ਪੈ ਗਿਆ ਸੀ। ਦੋ ਸਾਲ ਪ੍ਰਾਕਿਰਤਕ ਪ੍ਰਕੋਪ ਕਾਰਨ ਦੱਖਣ ਵਿਚ ਮੀਂਹ ਨਹੀਂ ਪਏ ਅਤੇ ਧਰਤੀ ਨੂੰ ਭਾਰੀ ਸੋਕਾ ਅਤੇ ਔੜ ਝੱਲਣੇ ਪੈ ਗਏ। ਲੋਕਾਂ ਵਿਚ ਭੀਸ਼ਣ ਭੁੱਖਮਰੀ ਦੀ ਹਾਲਤ ਸੀ। ਵੱਡੀ ਗਿਣਤੀ ਵਿਚ ਪਸ਼ੂ ਅਤੇ ਲੋਗ ਭੁੱਖਮਰੀ ਕਾਰਨ ਮਰਨ ਲਗ ਪਏ ਸਨ। ਇਕ ਹੋਰ ਕੁਦਰਤੀ ਪ੍ਰਕੋਪ ਨੇ ਵੀ ਲੋਕਾਂ ਵਿਚ ਮਹਾਂਮਾਰੀ ਦਾ ਰੂਪ ਲੈ ਲਿਆ। ਦੱਖਣ ਵਿਚ ਪਲੇਗ ਫ਼ੈਲ ਗਈ ਸੀ ਅਤੇ ਲੋਕ ਵੱਡੀ ਗਿਣਤੀ ਵਿਚ ਮਰੇ ਸਨ। ਇਕ ਅੰਦਾਜ਼ੇ ਮੁਤਾਬਕ ਵੀਹ ਲੱਖ ਲੋਗ ਮਰੇ ਸਨ।

ਇਸ ਤਰ੍ਹਾਂ ਮਾਧੋਦਾਸ ਭਾਵੇਂ ਪਿਛਲੇ 16 ਸਾਲਾਂ ਤੋਂ ਨਾਂਦੇੜ ਵਿਚ ਰਹਿ ਰਿਹਾ ਸੀ ਉਹ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਦੱਖਣ ਦੇ ਲੋਕਾਂ ਤੇ ਕੀਤੀਆਂ ਵਧੀਕੀਆਂ ਅਤੇ ਜ਼ੁਲਮਾਂ ਤੋਂ ਭਲੀ ਭਾਂਤ ਜਾਣੂੰ ਸੀ। ਸਾਂਭਾ ਜੀ ਦੇ ਹਿਰਦੇ ਵਿਦਾਰਕ ਬਿਰਤਾਂਤ ਨੂੰ ਉਹ ਭੁੱਲਿਆ ਨਹੀਂ ਸੀ। ਉਸ ਨੂੰ ਇਹ ਅਹਿਸਾਸ ਬਹੁਤ ਤੰਗ ਕਰਦਾ ਸੀ ਕਿ ਮੁਗਲਾਂ ਦੇ ਏਨੇਂ ਲੰਮੇਂ ਸਮੇਂ ਤੋਂ ਕੀਤੇ ਜਾ ਰਹੇ ਅੱਤਿਆਚਾਰਾਂ ਅਤੇ ਜ਼ੁਲਮਾਂ ਦੇ ਬਾਅਦ ਵੀ ਹਿੰਦੁਸਤਾਨੀਆਂ ਵਲੋਂ ਇਸ ਦੀ ਮੁਖ਼ਾਲਫ਼ਤ ਦਾ ਕੋਈ ਯਤਨ ਨਹੀਂ ਹੋ ਰਿਹਾ ਸੀ। ਲੋਕਾਂ ਦੇ ਸਹਿਣ ਦੀ ਅਤੇ ਜਰਣ ਦੀ ਲਗਦਾ ਸੀ ਕੋਈ ਸੀਮਾ ਹੀ ਨਹੀਂ ਸੀ।

ਪਰ ਸੰਨ 1708 ਈਸਵੀ ਵਿਚ ਮਾਧੋਦਾਸ ਬੈਰਾਗੀ ਦੇ ਜੀਵਨ ਦੀ ਮੱਠੀ ਅਤੇ ਪੱਧਰੀ ਚਲਦੀ ਤੋਰ ਵਿਚ ਕੁਝ ਅਜੇਹੀਆਂ ਮਹੱਤਵਪੂਰਣ ਅਤੇ ਵੱਡੀਆਂ ਘਟਨਾਵਾਂ ਹੋਈਆਂ ਜਿਨ੍ਹਾਂ ਨੇ ਉਸ ਦੇ ਜੀਵਨ ਨੂੰ ਸਦਾ ਲਈ ਬਦਲ ਕੇ ਰੱਖ ਦਿੱਤਾ। ਇਸ ਸਾਲ ਦੇ ਅਗਸਤ ਦੇ ਮਹੀਨੇ ਦੇ ਆਖ਼ਰੀ ਦਿਨਾਂ ਵਿਚ ਹਿੰਦੁਸਤਾਨ ਦੇ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ ਨੇ ਆਪਣੀ ਫ਼ੌਜ ਨਾਲ ਦਿੱਲੀ ਤੋਂ ਚਲ ਕੇ ਦੱਖਣ ਵਿਚ ਗੋਲਕੁੰਡਾ ਵਲ ਜਾਂਦਿਆਂ ਹੋਇਆਂ ਰਸਤੇ ਵਿਚ, ਫ਼ੌਜ ਨੂੰ ਕੁਝ ਦਿਨ ਆਰਾਮ ਦੇਣ ਲਈ, ਨਾਂਦੇੜ ਵਿਚ ਪੜਾਅ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਕੁਝ ਸਿੰਘਾਂ ਨਾਲ ਬਹਾਦੁਰ ਸ਼ਾਹ ਨਾਲ ਦਿੱਲੀ ਤੋਂ ਹੀ ਸਫ਼ਰ ਕਰ ਰਹੇ ਸਨ, ਇਸ ਲਈ ਉਹ ਵੀ ਨਾਂਦੇੜ ਵਿਚ ਰੁਕ ਗਏ ਸਨ।

ਕੁਝ ਦਿਨਾਂ ਬਾਅਦ ਸੰਨ 1708 ਈਸਵੀ ਦਾ ਸਿਤੰਬਰ ਦਾ ਮਹੀਨਾ ਸ਼ੁਰੂ ਹੋ ਗਿਆ। ਇਹਨਾਂ ਦਿਨਾਂ ਵਿਚ ਮਾਧੋਦਾਸ ਬੈਰਾਗੀ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ ਹੋਈ। ਕੁਝ ਵਿਦਵਾਨਾਂ ਅਨੁਸਾਰ ਇਹ ਮੁਲਾਕਾਤ 3 ਸਿਤੰਬਰ 1708 ਈਸਵੀ ਨੂੰ ਹੋਈ ਸੀ। ਮਾਧੋ ਦਾਸ ਗੁਰੂ ਸਾਹਿਬ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਬੈਰਾਗੀਪੁਣਾ ਛੱਡ ਕੇ ਗੁਰੂ ਸਾਹਿਬ ਦਾ ਸਿੱਖ ਸਜ ਗਿਆ। ਉਸ ਦਾ ਨਾਂਅ ਵੀ ਬਦਲ ਕੇ ਬੰਦਾ ਸਿੰਘ ਹੋ ਗਿਆ।

ਅਗਲੇ ਕੁਝ ਦਿਨਾਂ ਵਿਚ ਉਸ ਦੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਕਈ ਭੇਟਾਂ ਹੋਈਆਂ। ਉਹ ਗੁਰੂ ਸਾਹਿਬ ਦੇ ਨਾਲ ਆਏ ਸਿੱਖਾਂ ਨੂੰ ਵੀ ਮਿਲਿਆ। ਉਸ ਨੂੰ ਸਿਖੀ ਸਿਧਾਂਤਾਂ ਬਾਰੇ ਪਤਾ ਲਗਾ। ਗੁਰੂ ਸਾਹਿਬ ਨੇ ਉਸ ਨੂੰ ਪੰਜਾਬ ਜਾ ਕੇ ਸਿੱਖਾਂ ਨੂੰ ਜਥੇਬੰਦ ਕਰ ਕੇ ਮੁਗਲਾਂ ਨਾਲ ਲੜਾਈ ਕਰਨ ਦਾ ਹੁਕਮ ਦਿੱਤਾ।

ਪਰ ਕੁਝ ਦਿਨ ਬਾਦ, ਸਿਤੰਬਰ 1708 ਈਸਵੀ ਦੇ ਆਖਰੀ ਦਿਨਾਂ ਵਿਚ ਇਕ ਬੜੀ ਭਿਆਨਕ ਅਤੇ ਦੁਖਦਾਈ ਘਟਨਾ ਵਾਪਰ ਗਈ। ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਭੇਜੇ ਦੋ ਕਾਤਲ ਪਠਾਣਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ’ਤੇ ਘਾਤ ਲਾ ਕੇ ਛੁਰੇ ਨਾਲ ਵਾਰ ਕਰਕੇ ਉਹਨਾਂ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖਾਂ ਨੇ ਉਪਚਾਰ ਦੇ ਸਾਰੇ ਹੀਲੇ ਕੀਤੇ। ਲਗਦਾ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਖ਼ਮ ਠੀਕ ਹੋ ਰਹੇ ਸਨ। ਪਰ ਉਸ ਘਾਤਕ ਹਮਲੇ ਵਿਚ ਲਗੇ ਜ਼ਖ਼ਮਾਂ ਕਾਰਨ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ 7 ਅਕਤੂਬਰ 1708 ਈਸਵੀ ਨੂੰ ਨਾਂਦੇੜ ਵਿਚ ਹੀ ਜੋਤੀ ਜੋਤ ਸਮਾ ਗਏ।

ਇਸ ਹਿਰਦੇ ਵਿਦਾਰਕ ਘਟਨਾਂ ਤੋਂ ਦੋ ਹੀ ਦਿਨ ਪਹਿਲਾਂ, 5 ਅਕਤੂਬਰ 1708 ਈਸਵੀ ਨੂੰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਬੰਦਾ ਸਿੰਘ ਬਹਾਦਰ 25 ਸਿੰਘਾਂ ਦੇ ਆਪਣੇ ਛੋਟੇ ਜੇਹੇ ਦਲ ਨਾਲ ਉਤਰ ਭਾਰਤ ਵਿਚ ਗੁਰੂ ਸਾਹਿਬ ਦੇ ਉਸ ਨੂੰ ਸੌਂਪੇ ਮਿਸ਼ਨ ਨੂੰ ਪੂਰਾ ਕਰਨ ਲਈ ਨਾਂਦੇੜ ਤੋਂ ਪੰਜਾਬ ਵਲ ਕੂਚ ਕਰ ਚੁਕਾ ਸੀ। ਬੰਦਾ ਸਿੰਘ ਨੇ ਫ਼ਿਰ ਨਾਂਦੇੜ ਵਾਪਸ ਨਹੀਂ ਆਉਣਾ ਸੀ।

ਚਲਦੀ ਲੜੀ

(ਜਾ ਤੇਰਾ ਬੰਦਾ : ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ) ਕਿਤਾਬ ਵਿਚੋਂ

❋❋❋

– ਕਮੋਡੋਰ ਗੁਰਨਾਮ ਸਿੰਘ
ਰਿਟਾਇਰਡ, ਇੰਡੀਅਨ ਨੇਵੀ
ਮੋਬਾਇਲ : 9818159944

# ਗੁਰਬਾਣੀ ਵਿੱਚ ਕੀਰਤਨ ਦਾ ਸੰਕਲਪ




ਕੀਰਤਨ ਦਾ ਅਰਥ ਹੈ ਪ੍ਰਭੂ ਦੀ ਗਾ ਕੇ ਕੀਰਤੀ, ਉਸਤਤ ਅਤੇ ਸਿਫ਼ਤ ਸਲਾਹ ਕਰਨੀ । ਸਿੱਖ ਧਰਮ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੀਰਤਨ ਪਰੰਪਰਾ ਦੇ ਮੋਢੀ ਮੰਨਿਆ ਜਾਂਦਾ ਹੈ । ਆਪ ਜੀ ਜਦੋਂ ਸੰਸਾਰ ਨੂੰ ਤਾਰਨ ਲਈ ਉਦਾਸੀਆਂ (ਧਾਰਮਿਕ ਯਾਤਰਾਵਾਂ) ਲਈ ਰਵਾਨਾ ਹੋਏ ਤਾਂ ਉਨ੍ਹਾਂ ਨੇ ਆਪਣੇ ਨਾਲ ਭਾਈ ਮਰਦਾਨਾ ਰਬਾਬੀ ਨੂੰ ਸਾਥੀ ਵਜੋਂ ਚੁਣਿਆ ।

ਗੁਰੂ ਸਾਹਿਬ ਸ਼ਬਦ ਗਾਇਨ ਕਰਦੇ ਅਤੇ ਭਾਈ ਮਰਦਾਨਾ ਰਬਾਬ ਉਤੇ ਸੰਗਤ ਕਰਦਾ । ਗੁਰੂ ਸਾਹਿਬ ਦੀ ਸਰੋਦੀ ਤੇ ਰੁਹਾਨੀ ਆਵਾਜ਼ ਅਤੇ ਭਾਈ ਮਰਦਾਨਾ ਜੀ ਦੀ ਰਬਾਬ ਦੀ ਇਲਾਹੀ ਟੁਣਕਾਰ ਦੇ ਸੁਮੇਲ ਨਾਲ ਸੰਗਤਾਂ ਉੱਤੇ ਅਜਿਹਾ ਪ੍ਰਭਾਵ ਪੈਂਦਾ ਕਿ ਉਨ੍ਹਾਂ ਦੀ ਸੁਰਤ ਸਹਿਜੇ ਹੀ ਪ੍ਰਭੂ ਨਾਲ ਜੁੜ ਜਾਂਦੀ । ਸਿੱਖ ਧਰਮ ਵਿੱਚ ਸਭ ਤੋਂ ਵੱਧ ਪ੍ਰਧਾਨਤਾ ਗੁਰਬਾਣੀ ਦੇ ਕੀਰਤਨ ਨੂੰ ਦਿੱਤੀ ਗਈ ਹੈ । ਗੁਰਵਾਕ ਹੈ :-

**ਕਲਜੁਗ ਮਹਿ ਕੀਰਤਨੁ ਪਰਧਾਨਾ॥**
**ਗੁਰਮੁਖਿ ਜਪੀਐ ਲਾਇ ਧਿਆਨਾ॥**

ਕੀਰਤਨ ਨੂੰ ਨਿਰਮੋਲਕ ਹੀਰਾ ਆਖਿਆ ਗਿਆ ਹੈ । ਗੁਰਬਾਣੀ ਦਾ ਫਰਮਾਨ ਹੈ :-

**ਕੀਰਤਨੁ ਨਿਰਮੋਲਕ ਹੀਰਾ॥**
**ਆਨੰਦ ਗੁਣੀ ਗਹੀਰਾ॥**
**ਅਨਹਦ ਬਾਣੀ ਪੂੰਜੀ॥**
**ਸੰਤਨ ਹਥਿ ਰਾਖੀ ਕੂੰਜੀ॥**

ਗੁਰਬਾਣੀ ਮੁਤਾਬਿਕ ਸਾਰੀਆਂ ਸਿਆਣਪਾਂ ਅਤੇ ਚਤੁਰਾਈਆਂ ਛੱਡ ਕੇ ਕੀਰਤਨ ਗਾਇਨ ਕਰਨਾ ਚਾਹੀਦਾ ਹੈ।

**ਮਨ ਮੇਰੇ ਕਰਤੇ ਨੋ ਸਾਲਾਹਿ॥**
**ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ॥ਰਹਾਉ॥**

ਗੁਰਬਾਣੀ ਮੁਤਾਬਿਕ ਕੀਰਤਨ ਅਜਿਹਾ ਧਨ ਹੈ, ਅਰਥਾਤ ਦੌਲਤ ਹੈ, ਜਿਹੜੀ ਹਮੇਸ਼ਾ ਕਾਇਮ ਰਹਿੰਦੀ ਹੈ । ਫਰਮਾਨ ਹੈ :

**ਹਰਿ ਕੀਰਤਨੁ ਆਧਾਰੁ**
**ਨਿਹਚਲੁ ਏਹੁ ਧਨੋ॥**

ਗੁਰਬਾਣੀ ਮੁਤਾਬਿਕ ਉਹ ਵਿਅਕਤੀ ਧੰਨਤਾ ਦੇ ਯੋਗ ਹੈ, ਜਿਹੜਾ ਪ੍ਰਭੂ ਦੀ ਕੀਰਤੀ ਗਾਇਨ ਕਰਦਾ ਹੈ ।

**ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ**
**ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥**

ਗੁਰਬਾਣੀ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਕੀਰਤਨ ਕਰਨਾ ਜਾਂ ਸੁਣਨਾ ਵੱਡੇ ਭਾਗਾਂ ਵਾਲਿਆਂ ਨੂੰ ਹੀ ਨਸੀਬ ਹੁੰਦਾ ਹੈ, ਹਰ ਕਿਸੇ ਨੂੰ ਇਹ ਇਲਾਹੀ ਦਾਤ ਨਹੀਂ ਮਿਲਦੀ । ਗੁਰ ਫਰਮਾਨ ਹੈ :-

**ਜਿਸਨੋ ਬਖਸਿ ਲੈਹਿ ਮੇਰੇ ਪਿਆਰੇ**
**ਸੋ ਜਸੁ ਤੇਰਾ ਗਾਵੈ॥ਰਹਾਉ॥**

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇੱਕ ਵਾਰ ਸਿੱਖਾਂ ਨੇ ਪੁੱਛਿਆ,"ਸੱਚੇ ਪਾਤਸ਼ਾਹ। ਆਪ ਇਹ ਦੱਸਣ ਦੀ ਕਿਰਪਾਲਤਾ ਕਰੋ ਕਿ ਗੁਰਬਾਣੀ ਦਾ ਪਾਠ ਕਰਨਾ ਅਤੇ ਕੀਰਤਨ ਕਰਨਾ ਇਨ੍ਹਾਂ ਦੋਹਾਂ ਦਾ ਕਿੰਨਾਂ ਕਿੰਨਾਂ ਮਹਾਤਮ ਹੈ ? ਅਰਥਾਤ ਫਲ ਹੈ ? ਗੁਰੂ ਸਾਹਿਬ ਨੇ ਉੱਤਰ ਦਿੱਤਾ,"ਸੁਣੋ ਭਾਈ। ਪਾਠ ਕਰਨਾ ਇਸ ਤਰ੍ਹਾਂ ਹੈ ਜਿਵੇਂ ਖੂਹ ਦੇ ਪਾਣੀ ਨਾਲ ਖੇਤਾਂ ਦੀ ਸਿੰਜਾਈ ਕੀਤੀ ਜਾਵੇ। ਪਾਣੀ ਨੂੰ ਆਪਣੇ ਯਤਨਾਂ ਨਾਲ ਉੱਚੀ ਨੀਵੀਂ ਜ਼ਮੀਨ ਤੇ ਚੜ੍ਹਾਇਆ ਜਾਂਦਾ ਹੈ ਜਦਕਿ ਕੀਰਤਨ ਗਾਇਨ ਕਰਨਾ ਕੁਦਰਤ ਵੱਲੋਂ ਕੀਤੀ ਗਈ ਬਾਰਿਸ਼ ਦੇ ਸਮਾਨ ਹੈ ਜਿਹੜੀ ਸਮੁੱਚੀ ਧਰਤੀ ਨੂੰ ਇੱਕੋ ਸਮੇਂ ਸਰਸਬਜ਼ ਕਰ ਦਿੰਦੀ ਹੈ"।

ਗੁਰਬਾਣੀ ਵਿੱਚ ਕੀਰਤਨ ਕਰਨ ਵਾਲੇ ਨੂੰ ਰਾਗੀ ਜਾਂ ਕੀਰਤਨਕਾਰ ਆਖਿਆ ਗਿਆ ਹੈ। ਇਨ੍ਹਾਂ ਪਾਵਨ ਤੁਕਾਂ ਰਾਹੀਂ ਕੀਰਤਨਕਾਰ ਦੀ ਉਪਮਾ ਕੀਤੀ ਗਈ ਹੈ।

**ਭਲੋ ਭਲੋ ਰੇ ਕੀਰਤਨੀਆ॥**
**ਰਾਮ ਰਮਾ ਰਾਮਾ ਗੁਨ ਗਾਉ॥**
**ਛੋਡਿ ਮਾਇਆ ਕੇ ਧੰਧ ਸੁਆਉ॥ਰਹਾਉ॥**

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਗਉੜੀ ਸੁਖਮਨੀ ਵਿੱਚ ਬਚਨ ਕਰਦੇ ਹਨ ਕਿ ਦੁਨਿਆਵੀ ਜੀਵਨ ਬਸਰ ਕਰਦਿਆਂ ਅਤੇ ਸਾਰੇ ਸੰਸਾਰਿਕ ਕੰਮਕਾਰ ਕਰਦਿਆਂ ਵੀ ਪਰਮ ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਆਪ ਦੇ ਬਚਨ ਹਨ।

**ਅਨਦਿਨੁ ਕੀਰਤਨੁ ਕੇਵਲ ਬਖ੍ਯ਼ਾਨੁ॥**
**ਗ੍ਰਿਹਸਤ ਮਹਿ ਸੋਈ ਨਿਰਬਾਨੁ॥**

ਗੁਰਬਾਣੀ ਦਾ ਫਰਮਾਨ ਹੈ ਕਿ ਇਸ ਮਨ ਦੀ ਪੰਜ ਵਿਕਾਰੀ ਮੈਲ ਨੂੰ ਕੀਰਤਨ ਗਾਇਨ ਕਰਕੇ ਸਹਿਜੇ ਹੀ ਧੋਤਾ ਜਾ ਸਕਦਾ ਹੈ ਅਤੇ ਗ਼ਾਫ਼ਿਲ ਹੋਏ ਅਚੇਤ ਮਨ ਨੂੰ ਸੰਸਾਰਿਕ ਰਸਾਂ-ਕਸਾਂ ਦੀ ਨੀਂਦ ਤੋਂ ਜਗਾਇਆ ਜਾ ਸਕਦਾ ਹੈ।

**ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ॥**
**ਹਰਿ ਕੀਰਤਨ ਮਹਿ ਇਹੁ ਮਨੁ ਜਾਗੈ॥ਰਹਾਉ॥**

ਗੁਰਬਾਣੀ ਵਿੱਚ ਉਪਦੇਸ਼ ਹੈ ਕਿ ਕੀਰਤਨ ਉਹ ਮਹਾਂਦਾਨ ਹੈ, ਜਿਸ ਨੂੰ ਜਿਤਨਾ ਵੰਡੋਗੇ ਉਤਨਾ ਹੀ ਪੁੰਨ ਫਲ ਪ੍ਰਾਪਤ ਹੋਵੇਗਾ। ਪ੍ਰਾਣੀ ਦਾ ਤਨ, ਮਨ ਕੀਰਤਨ ਕਰਨ ਨਾਲ ਗੁਲਜ਼ਾਰ ਦੀ ਨਿਆਈਂ ਖਿੜ ਉਠਦਾ ਹੈ।

**ਸਭ ਦਿਨਸੁ ਰੈਣਿ ਗੁਣ ਉਚਰੈ**
**ਹਰਿ ਹਰਿ ਹਰਿ ਉਰਿ ਲਿਵ ਲਾਗੁ॥**
**ਸਭੁ ਤਨੁ ਮਨੁ ਹਰਿਆ ਹੋਇਆ**
**ਮਨੁ ਖਿੜਿਆ ਹਰਿਆ ਬਾਗੁ॥**

ਕੀਰਤਨ ਰਾਹੀਂ ਮਾਤਲੋਕ ਅਤੇ ਪ੍ਰਲੋਕ, ਦੋਨੋਂ ਥਾਈਂ ਪਰਮ ਸੁੱਖ ਅਤੇ ਮੋਕਸ਼ ਮਿਲਦਾ ਹੈ। ਗੁਰਬਾਣੀ ਦਾ ਫਰਮਾਨ ਹੈ ਕਿ ਜਿੱਥੇ ਪ੍ਰਭੂ ਦੀ ਕੀਰਤੀ ਗਾਇਨ ਕੀਤੀ ਜਾਂਦੀ ਹੈ ਅਰਥਾਤ ਕੀਰਤਨ ਹੁੰਦਾ ਹੈ ਉਹ ਸਥਾਨ ਬੈਕੁੰਠ ਅਰਥਾਤ ਸੁਰਗ ਲੋਕ ਬਣ ਜਾਂਦਾ ਹੈ।

**ਤਹਾ ਬੈਕੁੰਠੁ ਜਹ ਕੀਰਤਨੁ ਤੇਰਾ**
**ਤੂੰ ਆਪੇ ਸਰਧਾ ਲਾਇਹਿ॥**

ਅਤੇ

**ਐਸਾ ਕੀਰਤਨੁ ਕਰਿ ਮਨ ਮੇਰੇ॥**
**ਈਹਾ ਊਹਾ ਜੋ ਕਾਮਿ ਤੇਰੈ॥ਰਹਾਉ॥**

ਸੰਤ ਜਨਾ ਨਾਲ ਮਿਲ ਕੇ ਕੀਰਤਨ ਗਾਇਨ ਕਰਨ ਨਾਲ ਜਨਮਾਂ ਜਨਮਾਂ ਦੇ ਪਾਪ ਅਤੇ ਦੁੱਖ ਮਿਟ ਜਾਂਦੇ ਹਨ।

**ਸੰਤ ਜਨਾ ਮਿਲਿ ਹਰਿ ਜਸੁ ਗਾਇਓ॥**
**ਕੋਟਿ ਜਨਮ ਕੇ ਦੂਖ ਗਵਾਇਓ॥ਰਹਾਉ॥**

ਮਹਿਮਾ ਪ੍ਰਕਾਸ਼ ਵਿੱਚ ਵੀ ਗੁਰਬਾਣੀ ਕੀਤਰਨ ਦੀ ਮਹੱਤਤਾ ਬਾਰੇ ਜ਼ਿਕਰ ਕੀਤਾ ਗਿਆ ਹੈ।

ਸਿੱਖ ਧਰਮ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਕੀਰਤਨ ਨੂੰ ਸਭ ਤੋਂ ਸ੍ਰੇਸ਼ਟ ਅਤੇ ਪੁਨੀਤ ਕਰਮ ਦੱਸਦੇ ਹਨ। ਆਪਣੀ ਇੱਕ ਵਾਰ ਵਿੱਚ ਆਪ ਲਿਖਦੇ ਹਨ।

**ਕਤ ਪੁਨ ਮਾਨਸ ਜਨਮ ਕਤ ਸਾਧਸੰਗੁ**
**ਨਿਸ ਦਿਨ ਕੀਰਤਨ ਸਮੈ ਚਲਿ ਜਾਈਐ ॥**

ਪ੍ਰਸਿੱਧ ਸੰਗੀਤਕ ਵਿਦਵਾਨਾਂ ਡਾਕਟਰ ਅਜੀਤ ਸਿੰਘ ਪੇਂਟਲ ਅਤੇ ਡਾਕਟਰ ਤਰਲੋਚਨ ਸਿੰਘ ਦੀ ਰਾਏ ਹੈ ਕਿ ਕੀਰਤਨ ਹੀ ਪ੍ਰਮਾਤਮਾ ਅਰਥਾਤ ਬ੍ਰਹਮ ਤੱਕ ਪਹੁੰਚਾ ਸਕਦਾ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਸੰਸਾਰ ਤੋਂ ਕੂਚ ਕਰ ਜਾਣ ਤੀਕ ਲਗਭਗ ਹਰੇਕ ਉਤਸਵ/ਕਾਰਜਾਂ/ਸੰਸਕਾਰ ਸਮੇਂ ਕੀਰਤਨ ਦਾ ਹੋਣਾ ਆਮ ਹੈ। ਜਿਹੜਾ ਪ੍ਰਾਣੀ ਲਿਵ ਜੋੜ ਕੇ ਕੀਰਤਨ ਕਰਦਾ ਹੈ ਉਸ ਦੇ ਹਰ ਪਾਸੇ ਦੀਪਕ ਹੀ ਦੀਪਕ ਅਤੇ ਆਤਮਿਕ ਜੋਤ ਆਦਿ ਜਗ ਜਾਣਗੇ।

ਗੁਰਬਾਣੀ ਮੁਤਾਬਿਕ ਹਰ ਉਹ ਵਿਅਕਤੀ ਚਾਹੇ ਉਹ ਕਿਸੇ ਵੀ ਧਰਮ, ਵਰਨ ਜਾਂ ਮੱਤ ਨਾਲ ਸਬੰਧਿਤ ਹੋਵੇ , ਜੇ ਉਹ ਪ੍ਰਭੂ ਦਾ ਕੀਰਤਨ ਕਰਦਾ ਹੈ ਤਾਂ ਉਹ ਕੀਰਤਨੀਆ ਹੀ ਹੈ, ਫਰਮਾਨ ਹੈ।

ਓਅੰਕਾਰਿ ਏਕ ਧੁਨਿ
ਏਕੈ ਏਕੈ ਰਾਗੁ ਅਲਾਪੈ ॥

ਉਂਝ ਤਾਂ ਕਿਸੇ ਵੀ ਸਥਾਨ ਤੇ ਬੈਠ ਕੇ ਜਾਂ ਇਕੱਲੇ ਵੀ ਕੀਰਤਨ ਕੀਤਾ ਜਾ ਸਕਦਾ ਹੈ ਪਰ ਭਾਈ ਗੁਰਦਾਸ ਜੀ ਮੁਤਾਬਿਕ ਸਾਧ ਸੰਗਤ ਵਿੱਚ ਬੈਠ ਕੇ ਕੀਤਰਨ ਕਰਨ ਤੇ ਸੁਣਨ ਦਾ ਬਹੁਤ ਮਹੱਤਵ ਹੈ :-

**ਸਚ ਵਣਜ ਗੁਰੁ ਹਟੀਐ**
**ਸਾਧਸੰਗਤਿ ਕੀਰਤਿ ਕਰਤਾਰਾ॥**
**ਸਚੀ ਭਗਤਿ ਭੰਡਾਰ ਸਚੁ**
**ਰਾਗ ਰਤਨ ਕੀਰਤਨੁ ਭਾਵੰਦਾ॥**

ਇਸੇ ਵਿਚਾਰ ਨੂੰ ਗੁਰਬਾਣੀ ਵਿੱਚ ਇਉਂ ਰੂਪਮਾਨ ਕੀਤਾ ਗਿਆ ਹੈ ।

**ਗੁਰ ਦੁਆਰੈ ਹਰਿ ਕੀਰਤਨੁ ਸੁਣੀਐ॥**
**ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ॥**

ਗੁਰਬਾਣੀ ਵਿੱਚ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨਕਾਰ ਜਾਂ ਉਸਤਤਕਾਰ ਨੂੰ "ਢਾਢੀ" ਆਖ ਕੇ ਵਡਿਆਇਆ ਹੈ । ਵਾਰ ਆਸਾ ਮਹਲਾ ਪਹਿਲਾ ਵਿੱਚ ਆਪ ਦੇ ਅਮੁਲੀਕ ਬਚਨ ਹਨ ।

**ਹਉ ਢਾਢੀ ਕਾ ਨੀਚ ਜਾਤਿ**
**ਹੋਰਿ ਉਤਮ ਜਾਤਿ ਸਦਾਇਦੇ॥**

ਅਤੇ ਵਾਰ ਮਾਝ ਮਹਲਾ ਪਹਿਲਾ ਦੀ ਪਉੜੀ ਵਿੱਚ ਫਰਮਾਉਂਦੇ ਹਨ ।

**ਹਉ ਢਾਢੀ ਵੇਕਾਰੁ ਕਾਰੈ ਲਾਇਆ ॥**

ਸੋ ਇਸ ਸਾਰੇ ਵਿਸਥਾਰ ਦਾ ਤੱਤਸਾਰ ਇਹ ਹੈ ਕਿ ਕੀਰਤਨ, ਪ੍ਰਭੂ ਪਰਮੇਸ਼ਵਰ ਨਾਲ ਜੋੜਨ ਦਾ ਸਭ ਤੋਂ ਉੱਤਮ, ਸਰਲ ਅਤੇ ਸਹਿਜਤਾ ਵਾਲਾ ਸਾਧਨ ਹੈ । ਤਾਂ ਹੀ ਤਾਂ ਗੁਰਬਾਣੀ ਕੁੱਲ ਲੋਕਾਈ ਨੂੰ ਸੁਨੇਹੜਾ ਦਿੰਦੀ ਹੈ ।

**ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥**
**ਅਨਿਕ ਬਾਰ ਕਰਿ ਬੰਦਨ**
**ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ॥ਰਹਾਉ॥**

❋❋❋

- ਤੀਰਥ ਸਿੰਘ ਢਿੱਲੋਂ
ਮੈਂਬਰ ਕੀਰਤਨ ਸਬ-ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਮੋਬਾਈਲ : 9815461710

# ਸਾਡਾ ਹਰਿਮੰਦਰ

ਵਿਸ਼ਵ ਦੇ ਅਜਬ-ਅਜੂਬਿਆਂ, ਮੰਦਰਾਂ ਦੇ ਅੰਦਰ
ਸਭ ਤੋਂ ਨਿਆਰਾ-ਪਿਆਰਾ ਹੈ, ਸਾਡਾ ਹਰਿਮੰਦਰ।

ਸਾਈਂ ਮੀਆਂ ਮੀਰ ਨੇ, ਨੀਂਹ ਰੱਖੀ ਇਸਦੀ
ਵੱਖਰੀ ਇੱਕ ਪਛਾਣ ਹੈ ਦੁਨੀਆਂ ਵਿਚ ਜਿਸਦੀ।

ਸਭ ਧਰਮਾਂ, ਜਾਤਾਂ, ਨਸਲਾਂ, ਕੌਮਾਂ ਦੇ ਬੰਦੇ
ਸ਼ਰਧਾ ਦੇ ਨਾਲ ਸੀਸ ਝੁਕਾਉਂਦੇ, ਚੰਗੇ-ਮੰਦੇ।

ਚੌਥੇ ਤੇ ਪੰਜਵੇਂ ਗੁਰੂਆਂ, ਸ਼ੁਭ ਕਾਰਜ ਕੀਤਾ
ਸਿੱਖੀ ਦਾ ਕੇਂਦਰ ਬਣਿਆ, ਸੁਣਿਓਂ ਮੇਰੇ ਮੀਤਾ।

ਅੰਮ੍ਰਿਤਸਰ ਸਾਰੇ ਤੋਂ ਹੈ, ਇਹ ਨੀਵਾਂ ਬਣਿਆ
ਚਿੱਟੇ ਮਰਮਰ ਨਾਲ ਤੇ, ਵਿਚ ਸੋਨੇ ਚਿਣਿਆ।

ਰੱਬੀ ਨਾਦ ਦੀ ਏਥੇ ਸੁਣੇ, ਇਲਾਹੀ ਬਾਣੀ
ਦਾਤਾਂ ਭਰ ਲੈ ਜਾਂਵਦੇ, ਏਥੋਂ ਸਭ ਪ੍ਰਾਣੀ।

ਸਭ ਦੁੱਖਾਂ ਨੂੰ ਹਰ ਲਵੇ, ਦੁੱਖ ਭੰਜਨੀ ਬੇਰੀ
ਇਸ ਥਾਂ ਆ ਕੇ ਨ੍ਹਾ ਲਵੇ, ਜੋ ਵੀ ਇੱਕ ਵੇਰੀ।

ਨਿਰਮਲ ਜਲ ਵਿੱਚ ਬਣੇ ਹੋਏ, ਸਿਫ਼ਤੀ-ਘਰ ਜਾਈਏ
ਸੀਸ ਝੁਕਾ ਕੇ ਪ੍ਰੇਮ ਨਾਲ, ਅੰਮ੍ਰਿਤ-ਸਰ ਨ੍ਹਾਈਏ।

ਅਕਸ ਪਾਣੀ ਵਿੱਚ ਹਰਿਮੰਦਰ ਦਾ, ਪੈਂਦਾ ਜਦ ਵੀ
ਇੱਕ ਅਲੌਕਿਕ ਦ੍ਰਿਸ਼, ਸਾਹਮਣੇ ਆਉਂਦਾ ਤਦ ਹੀ।

ਅੱਠ ਗੁਰੂਆਂ ਦੀ ਛੋਹ ਪ੍ਰਾਪਤ, ਇਹ ਧਰਤੀ ਪਾਵਨ
ਨਰ-ਨਾਰੀ, ਬੱਚੇ-ਬੁੱਢੇ, ਮਿਲ ਹਰਿ-ਜਸ ਗਾਵਣ।

ਨਾਲ 'ਰੂਹੀ' ਦੇ ਆਪਾਂ ਵੀ, ਗੁਰਬਾਣੀ ਗਾਈਏ
ਸਿਜਦਾ ਕਰ ਗੁਰ-ਚਰਨਾਂ ਵਿਚ, ਅੰਮ੍ਰਿਤ-ਫਲ ਪਾਈਏ।

❋❋❋

- ਪ੍ਰੋ. ਨਵ ਸੰਗੀਤ ਸਿੰਘ
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ-151302, ਬਠਿੰਡਾ (ਪੰਜਾਬ)
ਮੋਬਾਇਲ : 9417692015

# ਫ਼ਾਰਸੀ ਅੱਖਰਾਂ ਵਾਲੀਆਂ ਛੱਪੀਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ

ਫ਼ਾਰਸੀ ਅੱਖਰਾਂ ਵਾਲੀਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਬਹੁਤ ਸਾਰੀਆਂ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿੱਚ ਮੋਜੂਦ ਹਨ / ਸਨ। ਇਨ੍ਹਾਂ ਵਿਚੋਂ ਬਹੁਤੀਆਂ ਹੁਣ ਦੁਰਲੱਭ ਹਨ। ਕਿਤੇ ਕਿਤੇ ਕੋਈ ਬੀੜ ਅਜ ਵੀ ਸੁਰੱਖਿਅਤ ਹੈ। ਕਈ ਅਜਿਹੀਆਂ ਬੀੜਾਂ ਵਿੱਚ ਬਾਣੀ ਦੀ ਵਾਧ ਘਾਟ ਵੀ ਮਿਲਦੀ ਹੈ। ਜਿਵੇਂ ਜੀ. ਬੀ. ਸਿੰਘ ਵੀ ਪ੍ਰਾਚੀਨ ਬੀੜਾਂ ਬਾਰੇ ਲਿੱਖਦੇ ਹਨ,"ਕਕੜਾਂ ਦੇ ਮੁਹਲੇ ਇਕ ਧਰਮਸ਼ਾਲ ਵਿੱਚ ਫ਼ਾਰਸੀ ਅੱਖਰਾਂ ਵਿੱਚ ਲਿਖਿਆ ਇਕ ਪੁਰਾਤਨ ਗ੍ਰੰਥ ਸਾਹਿਬ ਭੀ ਏਥੇ ਹੈ (1723 ਈਸਵੀ)। ਬਾਣੀ ਵਿੱਚ ਬਹੁਤ ਸਾਰੇ ਵਾਧੇ ਘਾਟੇ ਅਤੇ ਤਰਤੀਬ ਉਲਟ ਪੁਲਟ ਹੋਈ ਮਿਲਦੀ ਹੈ। ਕਬੀਰ ਜੀ ਆਦਿ ਭਗਤਾਂ ਦੀ ਬਹੁਤ ਸਾਰੀ ਵਾਧੂ ਬਾਣੀ ਦਿੱਤੀ ਹੈ। ਕੁੱਝ ਬਾਣੀ ਛੇਵੇਂ ਨਾਨਕ ਦੇ ਨਾਮ ਪੁਰ ਭੀ ਹੈ। ਅੰਤ ਪੁਰ 'ਬਸੰਤ ਕੀ ਵਾਰ' ਫੇਰ ਰਾਗਮਾਲਾ ਦੇਕੇ 30 ਵਰਕੇ ਹੋਰ ਫਾਲਤੂ ਬਾਣੀਆਂ ਦੇ ਦਿੱਤੇ ਹਨ, ਅਤੇ ਕਈ ਤਰ੍ਹਾਂ ਦੀਆਂ ਯਾਦਦਾਸ਼ਤਾਂ ਦਰਜ ਹਨ।" (ਪੰਨਾ 337)

ਕੁੱਝ ਵਰੇ ਪਹਿਲਾਂ ਅਖਬਾਰਾਂ ਵਿੱਚ ਇਹ ਖ਼ਬਰ ਆਈ ਸੀ ਕਿ ਫ਼ਾਰਸੀ ਅੱਖਰਾਂ ਵਾਲੀਆਂ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਬੀੜਾਂ ਪੰਜਾਬ ਦੇ ਕਿਸੇ ਗੁਰਦੁਆਰੇ ਵਿੱਚ ਮਿਲੀਆਂ ਹਨ। ਇਹੋ ਜਿਹੀਆਂ ਬਹੁਤੀਆਂ ਬੀੜਾਂ 1947 ਈਸਵੀ ਤੋਂ ਬਹੁਤ ਸਾਲ ਪਹਿਲਾਂ ਲਾਹੌਰ ਵਿੱਚ ਛੱਪੀਆਂ ਸਨ। ਸਾਡੇ ਕੋਲ ਜੋ ਕੁੱਝ ਬੀੜਾਂ ਮੋਜੂਦ ਹਨ ਉਨ੍ਹਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਦੇਣ ਦਾ ਯਤਨ ਕਰਾਂਗੇ ।

**ਕਸ਼ਮੀਰ ਵਾਲੀ ਬੀੜ :**

ਕਸ਼ਮੀਰ ਵਿਚ ਵੀ ਅਜਿਹੀ ਇਕ ਬੀੜ ਦੀ ਨਿਸ਼ਾਨਦੇਹੀ ਇਨ੍ਹਾਂ ਸਤਰਾਂ ਦੇ ਲੇਖਕ ਨੇ ਕੀਤੀ ਹੈ। ਇਸ ਬੀੜ ਦੇ ਕੁੱਲ ਅੰਗ 2220 ਹਨ। ਪਹਿਲਾਂ ਸਰਵਰਕ ਤੇ ਸੱਭ ਤੇ ਪਹਿਲਾਂ ਫ਼ਾਰਸੀ ਅੱਖਰਾਂ ਵਿੱਚ ਖੂਬਸੂਰਤ ਰੰਗਾਂ ਦੀਆਂ ਵੇਲਾਂ ਵਿਚਕਾਰ 'ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ' ਲਿਖਿਆ ਹੋਇਆ ਹੈ। ਹੇਠਾਂ ਫ਼ਾਰਸੀ ਅੱਖਰਾਂ ਵਿੱਚ 12 ਰੁਪਏ ਕੀਮਤ ਵੀ ਜਿਲਦ ਤੇ ਲਿਖਿਆ ਹੋਇਆ ਹੈ। ਫ਼ਾਰਸੀ ਅੱਖਰਾਂ ਵਿੱਚ ਦੋਬਾਰਾ ਹੇਠਾਂ ਲਿਖਿਆ ਹੈ,"ਗੁਰੂ ਗ੍ਰੰਥ ਸਾਹਿਬ ਜੀ ਆਦਿ ਜਿਸ ਕੋ ਬਾਵਾ ਊਧਮ ਸਿੰਘ ਗ੍ਰੰਥੀ ਨੇ ਗੁਰਮੁਖੀ ਕੇ ਲਫ਼ਜ਼-ਬ-ਲਫ਼ਜ਼ ਮੁਕਾਬਲਾ ਕਰਕੇ ਉਰਦੂ ਮੈਂ ਬਹੁਤ ਮਿਹਨਤ ਵਾ ਕੋਸ਼ਿਸ਼ ਸੇ ਤਿਆਰ ਕੀਆ"



ਇਸ ਦੇ ਹੇਠਾਂ ਛਪਾਈ ਦਾ 1916 ਈਸਵੀ ਦਾ ਵਰ੍ਹਾ ਦਿੱਤਾ ਹੈ ਜੋ ਯੂਨੀਅਨ ਸਟੀਮ ਪ੍ਰੈਸ, ਲਾਹੌਰ ਤੋਂ ਛਪਿਆ ਹੈ। ਇਸ ਨੂੰ ਪ੍ਰਕਾਸ਼ਤ ਕਰਨ ਵਾਲੇ ਬਾਰੇ ਇੰਝ ਲਿਖਿਆ ਹੈ

ਐਚ.ਐਮ.ਡੀ. ਐੱਫ. ਸਨਜ਼, ਭਾਟੀ ਦਰਵਾਜ਼ਾ ਨੂਰ ਮੁਹੱਲਾ, ਲਾਹੌਰ।

ਮੈਂ ਤਸਦੀਕ ਕਰਤਾ ਹੌਂ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ (ਉਰਦੂ) ਅਸਲ ਗੁਰਮੁਖੀ  ਕੇ ਬਿਲਕੁਲ ਮੁਤਾਬਕ ਹੈ। ਮੈਂਨੇ ਇਸੇ ਸ਼ੁਰੂ ਸੇ ਅਖੀਰ ਤੱਕ ਬੜੇ ਗ਼ੋਰ ਸੇ ਲਫ਼ਜ਼-ਬ-ਲਫ਼ਜ਼ ਮੁਕਾਬਲਾ ਕਰਕੇ ਸਹੀ ਕੀਆ ਹੈ”

ਇਸ ਬੀੜ ਦੇ ਸ਼ੁਰੂ ਵਿੱਚ ਤਤਕਰਾ ਜੋ ਦਿੱਤਾ ਹੈ, ਬਾਣੀਆਂ ਦਾ, ਉਸ ਲਈ 54 ਪੰਨੇ ਖਰਚ ਕੀਤੇ ਗਏ ਹਨ। ਹਰ ਸਤਰ ਖੂਬਸੂਰਤ ਕਾਲੀ ਸਿਆਹੀ ਨਾਲ ਛਪੀ ਹੋਈ ਹੈ। ਪਰ ਪੰਨੇ ’ਤੇ ਕਿਤੇ 19 ਅਤੇ ਕਿਤੇ 20 ਸਤਰਾਂ ਆਈਆਂ ਹਨ।ਜਿਵੇਂ ਅੰਗ 696 ’ਤੇ 20 ਸਤਰਾਂ, ਅੰਗ 1136 ਤੇ 19 ਸਤਰਾਂ ਅਤੇ ਅੰਗ 1618 ਤੋਂ 20 ਸਤਰਾਂ ਦਰਜ ਵੇਖੀਆਂ ਗਈਆਂ ਹਨ। ਅਖੀਰ ਤੇ ਰਾਗਮਾਲਾ ਦਰਜ ਹੈ ਜੋ ਅੰਗ 2219 ਤੋਂ ਲੈ ਕੇ 2220 ਤੱਕ ਆਈ ਹੈ। ਇਹ ਬੀੜ ਬਾਲ ਗਾਰਡਨ (ਸ੍ਰੀਨਗਰ) ਦੇ ਸ. ਕੁਲਵੰਤ ਸਿੰਘ ਡਲਵਾਨਾਂ ਦੇ ਘਰ ਕਈ ਵਰ੍ਹਿਆਂ ਤੋਂ ਮੌਜੂਦ ਸੀ, ਜਿਨ੍ਹਾਂ ਸਤਿਕਾਰ ਨਾਲ ਇਹ ਬੀੜ 2000 ਈਸਵੀ ਵਿੱਚ ਸ ਸੁਰਿੰਦਰ ਸਿੰਘ ਬਾਲੀ ( ਘੁੰਡੀ) ਨੂੰ ਸੇਵਾ ਸੰਭਾਲ ਲਈ ਦੇ ਦਿੱਤੀ। ਅਜ ਕਲ ਇਹ ਬੀੜ ਗੁਰਦੁਆਰਾ ਗੁਰੂ ਸਿੰਘ ਸਭਾ, ਬਿਮਨਾ, ਸ਼੍ਰੀ ਨਗਰ ਕਸ਼ਮੀਰ ਵਿੱਚ ਮੌਜੂਦ ਹੈ।



ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਜਿਹੇ ਮੁੱਲਵਾਨ ਫ਼ਾਰਸੀ ਅੱਖਰਾਂ ਵਾਲੇ ਗ੍ਰੰਥਾਂ ਨੂੰ ਸੰਭਾਲਣ ਉਪਰੰਤ ਸੈਂਚੀਆਂ ਵਿੱਚ ਛਪਾਈ ਕਰ ਸਕੇ ਤਾਂ ਇਹ ਵਡਮੁੱਲਾ ਕੰਮ ਤਾਂ ਹੋਵੇਗਾ ਹੀ, ਪੱਛਮੀ ਪੰਜਾਬ ਦੇ ਲੋਕ ਅਤੇ ਸਾਰੇ ਨਾਨਕ ਨਾਮ ਲੇਵਾ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਆਨੰਦ ਸ਼ਾਹਮੁਖੀ ਵਿੱਚ ਬੜੇ ਪਿਆਰ ਨਾਲ ਮਾਣ ਸਕਣਗੇ ਅਤੇ ਅਧਿਐਨ ਵੀ ਕਰ ਸਕਣਗੇ।

**ਸਰਗੋਧੇ ਵਾਲੀ ਬੀੜ :**

ਇਹ ਬੀੜ ਸੋ ਸਾਲ ਤੋਂ ਵਧੀਕ ਪੁਰਾਣੀ ਹੈ ਜੋ ਮਈ 2022 ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ ਦਿੱਲੀ ਵਿਖੇ ਆਈ ਹੈ। ਇਹ ਸਰੂਪ ਅਸਲ ਵਿੱਚ ਸ੍ਰੀ ਰਾਮ ਪ੍ਰਕਾਸ਼ ਕਵਾਤਰਾ ਸਰਗੋਧਾ ਦੇ ਪ੍ਰਵਾਰ ਕੋਲ 1947 ਈਸਵੀ ਤੋਂ ਢੇਰ ਚਿਰ ਪਹਿਲਾਂ ਮੋਜੂਦ ਸੀ ਅਤੇ ਸੇਵਾ ਸੰਭਾਲ ਕਰਦੇ ਸਨ। ਜਦੋਂ ਇਹ ਪ੍ਰਵਾਰ ਦੇਸ਼ ਦੀ ਵੰਡ ਸਮੇਂ ਭਾਰਤ ਆਇਆ ਤਾਂ ਉਹ ਇਹ ਫ਼ਾਰਸੀ ਅੱਖਰਾਂ ਵਾਲੀ ਬੀੜ ਵੀ ਆਪਣੇ ਨਾਲ ਲੈ ਆਇਆ। ਉਨ੍ਹਾਂ ਦਾ ਸਪੁੱਤਰ ਰਾਜਿੰਦਰ ਕਵਾਤੜਾ ਫ਼ਾਰਸੀ ਅੱਖਰਾਂ ਤੋਂ ਅਨਜਾਣ ਹੋਣ ਕਾਰਨ, ਇਹ ਸਰੂਪ ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਤਿਕਾਰ ਸਹਿਤ ਸੇਵਾ ਸੰਭਾਲ ਲਈ ਦੇ ਦਿੱਤਾ।

ਇਹ ਸਰੂਪ ਹਿੰਦੁਸਤਾਨ ਪ੍ਰੈਸ, ਹਸਪਤਾਲ ਰੋਡ ਲਾਹੌਰ ਤੋਂ ਲਾਲਾ ਦੌਲਤ ਰਾਮ ਪ੍ਰਿੰਟਰ ਨੇ ਛਾਪਿਆ ਸੀ। ਇਸ ਸਰੂਪ ਦੇ ਕੁੱਲ 2352 ਪੰਨੇ ਹਨ। ਅਖ਼ੀਰ ਤੇ ਰਾਗਮਾਲਾ ਪੰਨੇ 2351-52 ਤੇ ਦਰਜ ਹੈ। ਤਤਕਰਾ ਲਈ 54 ਪੰਨੇ ਸਰਫ਼ ਕੀਤੇ ਗਏ ਹਨ। ਕਈ ਪੰਨਿਆਂ ਤੇ 20 ਲਾਇਨਾਂ ਅਤੇ ਕਈਆਂ ਤੇ 21 ਲਾਇਨਾਂ ਆਈਆਂ ਹਨ। ਇਸ ਬੀੜ ਨੂੰ ਪ੍ਰਾਪਤ ਕਰਨ ਦਾ ਐਡਰੈੱਸ ਇੰਝ ਦਿੱਤਾ ਹੈ।

ਮਿਲਣ ਦਾ ਪਤਾ :

ਜੇ ਐਸ ਸੰਤ ਸਿੰਘ ਐਂਡ ਸਨਜ਼ ਪਬਲਿਸ਼ਰਜ਼ ਵਾ ਤਾਜਰਾਨ, ਚੌਕ ਮਤੀ, ਲਾਹੌਰ, ਸਚਦੇਵ ਬਿਲਡਿੰਗ, ਚੌਕ ਮਤੀ ਅੰਦਰੂਨ, ਲੌਹਾਰ ਗੇਟ, ਲਾਹੌਰ।

ਪੰਨਾ 55 ਤੇ ਕੁੱਝ ਕਿਤਾਬਾਂ ਦੀ ਇਸ਼ਤਿਹਾਰ ਬਾਜ਼ੀ ਕੀਤੀ ਹੈ। ਜਿਵੇਂ : ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਭਾਈ ਬਾਲੇ ਵਾਲੀ।

ਸਿਖੋਂ ਕੀ ਸ਼ਮਸ਼ੀਰ ਆਬਦਾਰ

ਸਵਾਨੀ ਉਮਰੀ ਗੁਰੂ ਨਾਨਕ ਦੇਵ ਜੀ ਮਹਾਰਾਜ

**ਪੰਜਾਬ ਡਿਜੀਟਲ ਲਾਇਬ੍ਰੇਰੀ ਵਾਲੀਆਂ ਦੋ ਬੀੜਾਂ :**


ਪਿਛੇ ਜਿਹੇ ਵੀਰ ਦੇਵਿੰਦਰ ਪਾਲ ਸਿੰਘ ਨਾਲ ਰਾਬਤਾ ਕੀਤਾ। ਉਨ੍ਹਾਂ ਸੂਚਨਾ ਦਿੱਤੀ ਕਿ ਸਾਡੇ ਕੋਲ ਫ਼ਾਰਸੀ ਅੱਖਰਾਂ ਵਾਲੀਆਂ ਦੋ ਹੀ ਬੀੜਾਂ ਹਨ।

**ਪਹਿਲੀ ਬੀੜ :**

ਇਸ ਬੀੜ ਦੇ ਉਪਰ ਇਸ ਤਰ੍ਹਾਂ ਲਿਖਿਆ ਹੈ।

ੴ ਸਤਿਗੁਰ ਪ੍ਰਸਾਦਿ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ



ایک اونکار ست گرپرساد
سری
گروگرنتھ صاحب جی آد
جس کو
بھائی جودھ سنگھ گیانی نے گورمکھی سے لفظ بلفظ
اردو میں بہت محنت اور جانفشانی سے تیار کیا
حسب فرمائش
لالہ ہرکشن لعل صاحب (بیرسٹر ایٹ لا)
۱۹۰۶ء
نولکشور پریس لاہور میں چھپوایا

ਜਿਸ ਕੋ ਭਾਈ ਜੋਧ ਸਿੰਘ ਗਿਆਨੀ ਨੇ ਗੁਰਮੁਖੀ ਸੇ ਲਫ਼ਜ਼ ਬ ਲਫ਼ਜ਼ ਉਰਦੂ ਮੈਂ ਬਹੁਤ ਮਿਹਨਤ ਔਰ ਜਾਂ ਨਫ਼ਸ਼ਾਨੀ ਸੇ ਤਿਆਰ ਕਿਆ।

ਹਸਬ ਫ਼ੁਰਮਾਇਸ਼

ਲਾਲਾ ਹਰਿਕ੍ਰਿਸ਼ਨ ਲਾਲ ਸਾਹਿਬ (ਬਾਰੀਸਟਰ ਲਾਅ)

1906 ਈਸਵੀ

ਨਵੱਲ ਕਸ਼ੋਰ ਪ੍ਰੈਸ ਲਾਹੌਰ ਮੇਂ ਛੱਪਾ

ਇਸ ਬੀੜ ਦੇ ਤਤਕਰੇ ਲਈ 46 ਪੰਨੇ ਹਨ। ਅਖੀਰ ਤੇ ਪੰਨਾ 2219 ਤੇ ਰਾਗ ਮਾਲਾ ਦਰਜ ਹੈ। ਪੰਨਾ 47 ਅਤੇ 48 ਖਾਲੀ ਹਨ। ਅੰਦਰ ਪੰਨਿਆਂ ਤੇ ਕਿਤੇ 20 ਅਤੇ ਕਿਤੇ 22 ਲਾਇਨਾਂ ਹਨ। ਹੈਰਾਨਗੀ ਹੈ ਕਿ ਤਤਕਰਾ ਦੀ ਤਰਤੀਬ ਤਾਂ ਠੀਕ ਹੈ ਪਰ ਪੰਨਾ 48 ਤੋਂ ਬਾਅਦ ਪੰਨਾ 101 ਸ਼ੁਰੂ ਹੋ ਜਾਂਦਾ ਹੈ। ਇਸ ਪੱਖੋਂ ਬੀੜ ਮੁਕੰਮਲ ਨਹੀਂ। ਇਸ ਦਾ ਪੀਡੀਐਫ ਨੰਬਰ ਐਮ.ਐਨ. 001385 ਹੈ।

**ਦੂਜੀ ਬੀੜ :**

ਇਹ ਬੀੜ ਉਪਰ ਦਿੱਤੀ ਸਰਗੋਧੇ ਵਾਲੀ ਬੀੜ ਦੀ ਕਾਪੀ ਹੈ। ਸ਼ੁਰੂ ਵਿੱਚ ਅੰਕਿਤ ਹੈ ਕਿ ਇਹ ਬੀੜ ਮਾਨ ਸਿੰਘ ਨਿਰੰਕਾਰੀ ਨੇ 22 ਜੁਲਾਈ 1994 ਈਸਵੀ ਨੂੰ ਡਾ. ਮਨਜੀਤ ਕੌਰ ਨੂੰ ਭੇਟਾ ਕੀਤੀ ਸੀ।

ਪੰਜਾਬ ਵਿੱਚ ਪਈਆਂ ਫ਼ਾਰਸੀ ਅੱਖਰਾਂ ਵਾਲੀਆਂ ਬੀੜਾਂ ਦਾ ਅਧਿਐਨ ਨੇੜੇ ਭਵਿੱਖ ਵਿੱਚ ਕਰਨ ਦਾ ਯਤਨ ਕਰਾਂਗਾ। ਜੋ ਵੀ ਬੀੜਾਂ ਅਫਗਾਨਿਸਤਾਨ ਜਾਂ ਪਾਕਿਸਤਾਨ ਤੋਂ ਆਈਆਂ ਹਨ ਜਾਂ ਨੇੜੇ ਭਵਿੱਖ ਵਿੱਚ ਆਉਣ ਗਈਆਂ ਉਨ੍ਹਾਂ ਬਾਰੇ ਜਾਣਕਾਰੀ ਪਾਰਦਰਸ਼ਤਾ ਨਾਲ ਸੰਗਤਾਂ ਨੂੰ ਦਿੱਤੀ ਜਾਵੇ। ਮੇਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਬੇਨਤੀ ਹੈ ਕਿ ਇਨ੍ਹਾਂ ਸਾਰੀਆਂ ਬੀੜਾਂ ਦੀ ਡਿਜੀਟਲੈਸ਼ਨ ਹੋਣੀ ਬਹੁਤ ਜ਼ਰੂਰੀ ਹੈ। ਇਨ੍ਹਾਂ ਸਾਰੀਆਂ ਬੀੜਾਂ ਦੀ ਨਿਸ਼ਾਨਦੇਹੀ ਕਰਕੇ ਇਕ ਥਾਂ ਤੇ ਸੁਰੱਖਿਅਤ ਰੱਖੀਆਂ ਜਾਣ ਤਾਂ ਜੋ ਕੌਮੀ ਸਰਮਾਏ ਦੀ ਸਾਂਭ ਸੰਭਾਲ਼ ਕੀਤੀ ਜਾਵੇ।

***

– ਡਾਕਟਰ ਜਸਬੀਰ ਸਿੰਘ ਸਰਨਾ
ਸੰਤ ਨਿਵਾਸ, ਆਰ-11, ਸਰਵਨ ਕਾਲੋਨੀ, ਗੋਲ ਗੁਜ਼ਲਾਰ,
ਜੰਮੂ ਤਵੀ-180002. ਫ਼ੋਨ : 09906566604
ਈਮੇਲ : jbsingh.801@gmail.com

# ਅਠ੍ਹਾਰਵੀ ਸਦੀ ਵਿੱਚ ਸਿੱਖ ਸ਼ਹਾਦਤ

ਅਰਬੀ ਭਾਸ਼ਾ ਦੇ ਸ਼ਬਦ ਸ਼ਹਾਦਤ ਤੋਂ ਭਾਵ ਗਵਾਹੀ ਹੈ। ਇਸੇ ਭਾਸ਼ਾ ਦੇ ਸ਼ਬਦ ਸ਼ਹੀਦ ਦਾ ਅਰਥ ਗਵਾਹੀ ਦੇਣ ਵਾਲਾ ਵਿਅਕਤੀ ਹੈ। ਸ਼ਹੀਦ ਸ਼ਬਦ ਭਾਰਤ ਵਿਚ ਸਾਮੀ, ਅਰਬੀ ਜਾਂ ਯਹੂਦੀ ਸਭਿਆਚਾਰ ਜਾਂ ਸੰਸਕ੍ਰਿਤੀ ਤੋਂ ਆਇਆ ਹੈ, ਜੋ ਸਿੱਖਾਂ ਦੁਆਰਾ ਮਹੱਤਵ ਪ੍ਰਾਪਤ ਕਰਨ ਦਾ ਸੂਚਕ ਹੈ। ਸੱਚਾਈ, ਨਿਆਂ ਤੇ ਹੱਕ ਦੀ ਗਵਾਹੀ ਭਰ ਕੇ ਸਰੀਰ ਤਿਆਗਣ ਵਾਲੇ ਵਿਅਕਤੀ ਲਈ ਸਿੱਖ ਧਰਮ ਵਿਚ ਸ਼ਹੀਦ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਕੌਮਾਂ ਨਿੱਜੀ ਇਤਿਹਾਸ ਦੇ ਪਿਛੋਕੜ ਵਿਚ ਜਿਉਂਦੀਆਂ ਹਨ। ਸਿੱਖ ਧਰਮ ਨੂੰ ਤਾਂ ਗੁੜਤੀ ਹੀ ਸ਼ਹੀਦੀ ਦੀ ਮਿਲੀ ਹੈ। ਸਿੱਖਾਂ ਲਈ ਇਹ ਫਖਰ ਵਾਲੀ ਗੱਲ ਹੈ ਕਿ ਉਨ੍ਹਾਂ ਦਾ ਇਤਿਹਾਸ ਲਹੂ ਲੂਹਾਣ ਹੋਇਆ ਦਿਸਦਾ ਹੈ। ਸਿੱਖੀ ਦਾ ਇਤਿਹਾਸ ਸੂਰਬੀਰਤਾ ਦਾ ਇਤਿਹਾਸ ਹੈ। ਸਿੱਖ ਜਬਰ-ਜ਼ੁਲਮ, ਅੱਤਿਆਚਾਰ ਤੇ ਅਨਿਆਂ ਦੇ ਵਿਰੁੱਧ ਆਪਣੀਆਂ ਜਾਨਾ ਨੂੰ ਤਲੀਆਂ 'ਤੇ ਰੱਖ ਕੇ ਆਵਾਜ਼ਾਂ ਉਠਾਉਂਦੇ ਰਹੇ। ਭਗਤ ਕਬੀਰ ਜੀ ਨੇ ਸੂਰਬੀਰਤਾ ਦੀ ਪਰਖ ਇਹ ਦੱਸੀ ਹੈ :

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥**

**(ਅੰਕ ੧੧੦੫)**

ਸਿੱਖ ਗੁਰੂ ਸਾਹਿਬਾਨ, ਜਥੇਦਾਰਾਂ ਅਤੇ ਸੂਰਬੀਰਾਂ ਨੇ ਸਮੇਂ-ਸਮੇਂ 'ਤੇ ਸਿੱਖੀ ਦੀਆਂ ਨੀਹਾਂ ਵਿਚ ਆਪਣਾ ਖੂਨ ਡੋਲ ਕੇ ਸਿੱਖ ਧਰਮ ਨੂੰ ਸੁਰਜੀਤ ਕੀਤਾ। ਸਿੱਖੀ ਸਿਦਕ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਦੀ ਗਿਣਤੀ ਅਣਗਿਣਤ ਹੈ। ਅਸਲ ਵਿਚ ਕਿਸੇ ਵਿਸ਼ੇਸ਼ ਮਨੋਰਥ ਲਈ ਕੁਰਬਾਨੀ ਅਤੇ ਸ਼ਹੀਦੀ ਦੇਣ ਦਾ ਜਜ਼ਬਾ ਜਾਂ ਵਿਚਾਰਧਾਰਾ ਨਿਸਚੇ ਹੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਚੁੱਕੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਵੰਗਾਰ ਨੂੰ ਇਉਂ ਦਰਜ ਕੀਤਾ ਗਿਆ ਹੈ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥**

**(ਅੰਕ ੧੪੧੨)**

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਚਾਰ ਸਾਹਿਬਜ਼ਾਦਿਆਂ ਤੇ ਚਾਲੀ ਮੁਕਤਿਆਂ ਦੀਆਂ ਸ਼ਹੀਦੀਆਂ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਨਾਲ ਅਨੇਕਾਂ ਸਾਥੀਆਂ ਸਿੰਘਾਂ ਦੀਆਂ ਸ਼ਹੀਦੀਆਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਇਤਿਹਾਸਕ ਘਟਨਾਵਾਂ ਹਨ। ਭਾਈ ਤਾਰੂ ਸਿੰਘ ਜੀ, ਭਾਈ ਮਨੀ ਸਿੰਘ ਜੀ, ਭਾਈ ਤਾਰਾ ਸਿੰਘ ਵਾਂ, ਬਾਬਾ ਬੋਤਾ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ, ਭਾਈ ਸੁੱਖਾ ਸਿੰਘ ਜੀ, ਭਾਈ ਸੁਬੇਗ ਸਿੰਘ ਜੀ, ਸ੍ਰ. ਸ਼ਾਹਬਾਜ਼ ਸਿੰਘ, ਬਾਬਾ ਦੀਪ ਸਿੰਘ ਜੀ, ਸ੍ਰ. ਗੁਰਬਖਸ਼ ਸਿੰਘ ਜੀ ਆਦਿ ਦੀਆਂ ਮੱਧ ਅਠਾਰਵੀਂ ਸਦੀ ਵਿਚ ਦਿੱਤੀਆਂ ਸ਼ਹੀਦੀਆਂ ਕੁੱਝ ਲਹੂ-ਲੁਹਾਨ ਘਟਨਾਵਾਂ ਹਨ।

ਇਨ੍ਹਾਂ ਸ਼ਹੀਦੀਆਂ ਤੋਂ ਛੁੱਟ ਬੇਅੰਤ ਗੁੰਮਨਾਮ ਸਿੱਖ ਆਤਮਾਵਾਂ ਹਨ, ਜਿਨ੍ਹਾਂ ਨੇ ਸ਼ਹਾਦਤ ਦੁਆਰਾ ਇਸ ਧਰਮ ਦੇ ਨਾਉਂ ਨੂੰ ਚਾਰ ਚੰਦ ਲਾਏ। ਧਰਮ ਅਤੇ ਦੇਸ਼ ਲਈ ਅਸਹਿ ਤੇ ਅਕਹਿ ਕਸ਼ਟ ਸਹਾਰਦਿਆਂ ਹੋਇਆਂ ਸ਼ਹੀਦੀਆਂ ਪਾਈਆਂ,



ਪਰ ਦੁੱਖ ਦੀ ਗੱਲ ਹੈ ਕਿ ਅਸੀਂ ਆਪਣੀ ਵਡਮੁੱਲੀ ਵਿਰਾਸਤ ਨੂੰ ਇਤਿਹਾਸ ਦੇ ਪੰਨਿਆਂ ਵਿਚ ਮਾਲਾ ਦੇ ਮਣਕਿਆਂ ਵਾਂਗ ਸਾਂਭ ਨਹੀਂ ਸਕੇ। ਇਨ੍ਹਾਂ ਸ਼ਹੀਦੀਆਂ ਨੂੰ ਦੁਹਰਾਉਣ ਅਤੇ ਵਿਚਾਰਨ ਦੀ ਤੀਬਰ ਲੋੜ ਹੈ ਤਾਂ ਜੋ ਸਾਨੂੰ ਆਪਣੀ ਵਿਰਾਸਤ ਦਾ ਭਲੀਭਾਂਤ ਪਤਾ ਚੱਲ ਸਕੇ, ਜਿਸ ਉਪਰ ਸਾਡੇ ਅਜੋਕੀ ਢਾਂਚੇ ਦੀ ਨੀਂਹ ਰੱਖੀ ਗਈ ਹੈ। ਧਰਮ ਅਤੇ ਜ਼ਮੀਰ ਦੀ ਸੁਤੰਤਰਤਾ ਹਿਤ ਦਿੱਤੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਨੇ ਸਿੱਖੀ ਦੀ ਨੀਂਹ ਨੂੰ ਬਹੁਤ ਡੂੰਘਾ ਪੁਟਿਆ ਹੈ, ਜਿਸ ’ਤੇ ਸਾਨੂੰ ਸਦਾ ਹੀ ਮਾਣ ਤੇ ਗੌਰਵ ਰਹੇਗਾ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ :

**ਦੇਹਿ ਸ਼ਿਵਾ ਬਰ ਮੋਹਿ ਇਹੈ**
**ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥**
**ਨ ਡਰੋਂ ਅਰਿ ਸੋਂ ਜਬ ਜਾਇ ਲਰੋਂ**
**ਨਿਸਚੈ ਕਰ ਆਪਨੀ ਜੀਤ ਕਰੋਂ॥**
**ਅਰੁ ਸਿੱਖ ਹੌਂ ਅਪਨੇ ਹੀ ਮਨ ਕੋ**
**ਏਹ ਲਾਲਚ ਹਉ ਗੁਣ ਤਉ ਉਚਰੋਂ॥**
**ਜਬ ਆਵ ਕੀ ਅਉਧ ਨਿਧਾਨ ਬਨੈ**
**ਅਤਿ ਹੀ ਰਣ ਮੈ ਤਬ ਜੂਝ ਮਰੋਂ॥**

ਸਿੱਖ ਧਰਮ ਵਿਚ ਸ਼ਹੀਦਾਂ ਨੂੰ ਦੋਵੇਂ ਵੇਲੇ ਯਾਦ ਕਰਨ ਦਾ ਸਰੋਤ ਅਰਦਾਸ ਵਿਚ ਹੈ : ‘ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹੱਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਕੇ ਛਕਿਆ, ਦੇਗ ਚਲਾਈ ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ! ਬੋਲੋ ਜੀ ਵਾਹਿਗੁਰੂ॥ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ ਚਰਖੜੀਆਂ ਤੇ ਚੜ੍ਹੇ, ਤਨ ਆਰਿਆਂ ਨਾਲ ਚਿਰਾਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ॥

ਸਿੱਖ-ਮੁਗਲ ਸੰਘਰਸ਼ ਨੂੰ ਧਾਰਮਿਕ ਕਰਾਰ ਦੇਣਾ ਨਾ ਕੇਵਲ ਗਲਤ ਹੀ ਹੋਵੇਗਾ, ਸਗੋਂ ਇਨ੍ਹਾਂ ਦੋਹਾਂ ਧਰਮਾਂ ਦੇ ਅਧਿਆਤਮਿਕ ਨਿਯਮਾਂ ਨੂੰ ਨਾ ਸਮਝਣ ਦੀ ਭੁੱਲ ਵੀ ਹੋਵੇਗੀ। ਸੰਸਾਰ ਦੇ ਬਹੁਤ ਸਾਰੇ ਧਰਮ ਪਰਮਾਤਮਾ ਦੀ ਏਕਤਾ ਅਤੇ ਮਨੁੱਖੀ ਭਾਈਚਾਰੇ ਵਿਚ ਵਿਸ਼ਵਾਸ ਰੱਖਦੇ ਹਨ। ਇਸਲਾਮ ਧਰਮ ਦੇ ਇਤਿਹਾਸ ਨੂੰ ਪੜਤਾਲਣ ਉਪਰੰਤ ਸਾਨੂੰ ਪਤਾ ਲੱਗਦਾ ਹੈ ਕਿ ਮੁਹੰਮਦ ਸਾਹਿਬ ਦਾ ਜਨਮ ਬੜੇ ਨਾਜ਼ੁਕ ਅਤੇ ਸੰਕਟਮਈ ਸਮੇਂ ਵਿਚ ਹੋਇਆ, ਜਦੋਂ ਆਮ ਮਨੁੱਖ ਨੂੰ ਧਾਰਮਿਕ ਸੂਝ-ਬੂਝ ਨਹੀਂ ਸੀ ਅਤੇ ਉਹ ਸਮਾਂ ਬੜਾ ਖਰਵਾ, ਬੇਢੰਗਾ ਅਤੇ ਗੰਵਾਰ ਸੀ। ਪੈਗੰਬਰ ਮੁਹੰਮਦ ਸਾਹਿਬ ਨੇ ਲੁਕਾਈ ਨੂੰ ਸਦਭਾਵਨਾ ਅਤੇ ਆਪਸੀ ਮਿਲਵਰਤਨ ਦੇ ਆਧਾਰ ’ਤੇ ਇਕੱਠਾ ਕੀਤਾ।

ਹਿੰਦੂ ਮੱਤ ਦੀ ਸ਼ਲਾਘਾ ਕਰਦਾ ਹੋਇਆ ਪ੍ਰਸਿੱਧ ਸੂਫੀ ਅਮੀਰ ਖੁਸਰੋ ਦਲੀਲ ਦਿੰਦਾ ਹੋਇਆ ਕਹਿੰਦਾ ਹੈ ਕਿ ‘ਉਹ! ਹਿੰਦੂ ਦੁਆਰਾ ਬੁੱਤ ਪੂਜਾ ’ਤੇ ਆਵਾਜ਼ ਉਠਾਉਣ ਵਾਲੇ! ਜ਼ਰਾ ਉਸ ਤੋਂ ਪੂਜਾ ਦਾ (ਸਹੀ) ਢੰਗ ਤਾਂ ਸਿੱਖ’। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਵਿਚ ਸਵੈ-ਭਰੋਸਾ ਅਤੇ ਇਕ ਪਰਮਾਤਮਾ ਦੀ ਹੋਂਦ ਦਾ ਸਬਕ ਗ੍ਰਹਿਣ ਕਰਵਾਇਆ। ਸਿੱਖ ਗੁਰੂਆਂ ਅਨੁਸਾਰ ਅਕਾਲ ਪੁਰਖ ਆਪ ਹੀ ਲੋਕਾਈ ਨੂੰ ਸਾਜਣ ਵਾਲਾ ਅਤੇ ਉਸ ਦਾ ਰੱਖਿਅਕ ਹੈ। ਇਹ ਹੀ ਕਾਰਨ ਸੀ ਕਿ ਇਸਲਾਮ ਧਰਮ ਦੇ ਅਨੁਯਾਈ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਪੈਗੰਬਰ ਅਤੇ ਰਹਿਬਰ ਸਮਝਣ ਲੱਗੇ। ਇਤਿਹਾਸ ਦਸਦਾ ਹੈ ਕਿ ਹਜ਼ਰਤ ਮੀਆਂ ਮੀਰ, ਮੁਗਲ ਸ਼ਹਿਨਸ਼ਾਹ ਅਕਬਰ, ਰਾਜ ਕੁਮਾਰ ਦਾਰਾ ਸ਼ਿਕੋਹ ਆਦਿ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ’ਤੇ ਪੂਰਨ ਭਰੋਸਾ ਰੱਖਦੇ ਸਨ।



ਸੱਚ ਤਾਂ ਇਹ ਹੈ ਕਿ ਸਿੱਖ ਗੁਰੂ ਸਮੁੱਚੇ ਸੰਸਾਰ ਨੂੰ ਆਪਣਾ ਘਰ ਸਮਝਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਟਰਕਸ, ਅਰਬੀਅਨ, ਪਰਸ਼ੀਅਨ, ਲਦਾਖੀ, ਖੁਰਾਸਾਨੀ ਆਦਿ ਜੋ ਵੀ ਇਕ ਪਰਮਾਤਮਾ ਦੀ ਸਮੁੱਚੀ ਹੋਂਦ ਵਿਚ ਵਿਸ਼ਵਾਸ ਰੱਖਦੇ ਹਨ, ਬਾਗ ਦੇ ਵਿਚ ਫੁੱਲਾਂ ਨਿਆਈਂ ਪ੍ਰਫੁਲਿਤ ਹੋਣ ਦੇ ਲਿਖਾਇਕ ਹਨ। ਇਤਿਹਾਸ ਦਰਸਾਉਂਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਦੀ ਲੜਾਈ ਦੇ ਮੈਦਾਨ ਵਿਚ ਵਿਰੋਧਤਾ ਕੀਤੀ, ਉਸ ਸਮੇਂ ਸਮਕਾਲੀ ਸਥਿਤੀ ਬਹੁਤ ਜ਼ਿਆਦਾ ਗਿਰਾਵਟ ਅਤੇ ਪਤਨ ਦੀ ਸੂਚਕ ਸੀ।

ਇਤਿਹਾਸ ਭਾਵੇਂ ਸਧਾਰਨੀਕਰਨ ਨੂੰ ਸਵੀਕਾਰ ਨਹੀਂ ਕਰਦਾ, ਪਰੰਤੂ ਫਿਰ ਵੀ ਸੱਚਾਈ ਇਹ ਹੈ ਕਿ ਜੇਕਰ ਕੁੱਝ ਮੁਗਲ ਸਮਰਾਟ ਕੱਟੜ ਧਾਰਮਿਕ ਨੀਤੀ ਦੀ ਆੜ ਲੈ ਕੇ ਹਿੰਦੂ ਪਰਜਾ ’ਤੇ ਜ਼ੁਲਮ ਨਾ ਕਰਦੇ ਤਾਂ ਗੁਰੂ ਨਾਨਕ ਦੇਵ ਜੀ ਦੇ ਅਨੁਯਾਈ ਆਪਣੇ ਆਪ ਨੂੰ ਜ਼ਮੀਰ ਦੇ ਹੱਕਾਂ ਦੀ ਰਾਖੀ ਲਈ ਤਿਆਰ ਨਾ ਕਰਦੇ। ਸੱਚ ਹੈ ਕਿ ਸਿੱਖ-ਮੁਗਲ ਸੰਘਰਸ਼ ਮੁਗਲ ਸਮਰਾਟਾਂ ਦੀ ਕੱਟੜਤਾ, ਹਠਧਰਮੀ, ਤੁਅੱਸਬੀ ਅਤੇ ਜਨੂਨੀ ਧਾਰਮਿਕ ਨੀਤੀ ਦਾ ਸੂਚਿਕ ਹੈ। ਸਿੱਖ ਧਰਮ ਵਾਂਗ ਈਸਾਈ ਧਰਮ ਵਿਚ ਸਰੀਰਕ ਮੌਤ ਸ਼ਹੀਦੀ ਲਈ ਜ਼ਰੂਰੀ ਨਹੀਂ ਹੈ। ਸੇਂਟ ਜਿਰੋਮ ਦੇ ਕਥਨ ਅਨੁਸਾਰ ਇਕ ਸਮਰਪਤ ਮਨ ਦੁਆਰਾ ਕੀਤੀ ਬੇਦਾਗ, ਨਿਰਮਲ ਅਤੇ ਨਿਸ਼ਕਾਮ ਸੇਵਾ ਆਪਣੇ ਆਪ ਵਿਚ ਰੋਜ਼ਾਨਾ ਸ਼ਹੀਦੀ ਹੈ ਪ੍ਰੰਤੂ ਸਿੱਖ ਧਰਮ ਵਿਚ ਖੂਨ ਡੁਲ੍ਹਣ ਤੱਕ ਵੱਧ ਤੋਂ ਵੱਧ ਕੁਰਬਾਨੀ ਲਈ ਤਿਆਰ ਰਹਿਣਾ ਵੀ ਜ਼ਰੂਰੀ ਹੈ।


ਸੰਸਾਰ ਦੇ ਸਾਰੇ ਧਰਮ ਮਨੁੱਖਤਾ ਨੂੰ ਸਿੱਧੇ ਰਾਹ ਪਾਉਣ ਦੇ ਲਿਖਾਇਕ ਹਨ ਪ੍ਰੰਤੂ ਮੁਗਲਾਂ ਦੇ ਧਾਰਮਿਕ ਕੱਟੜਪਣ ਅਤੇ ਅਫਗਾਨਾਂ ਦੇ ਲੋਭ, ਲਾਲਚ ਤੇ ਤਮ੍ਹਾ ਸੱਦਕਾ 18ਵੀਂ ਸਦੀ ਵਿਚ ਸਿੱਖਾਂ ਨੂੰ ਲਾਜਵਾਬ ਅਤੇ ਅਦੁੱਤੀ ਸ਼ਹੀਦੀਆਂ ਦੇਣੀਆਂ ਪਈਆਂ। ਸਮਰਾਟ ਅਕਬਰ ਦੇ ਰਾਜ ਦੇ ਥੋੜ੍ਹੇ ਜਿਹੇ ਸਮੇਂ ਤੋਂ ਛੁੱਟ ਮੁਗਲ ਆਪਣੀ ਪਰਜਾ ਦੀ ਭਲਾਈ ਲਈ ਕੁੱਝ ਮੂਲ ਅਦਾਰੇ ਅਤੇ ਸੰਸਥਾਗਤ ਨੇਮ ਤੇ ਸ਼ਾਸਨ ਪ੍ਰਦਾਨ ਨਾ ਕਰ ਸਕੇ।

ਸਿੱਖ ਇਤਿਹਾਸ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਹਿਲੀ ਲਾਸਾਨੀ ਸ਼ਹੀਦੀ ਹੈ, ਜਿਸ ਦੀ ਪ੍ਰਮਾਣਿਕਤਾ ਦੀ ਇਤਿਹਾਸ ਗਵਾਹੀ ਭਰਦਾ ਹੈ। ਗੁਰੂ ਸਾਹਿਬ ਦੀ ਸ਼ਹੀਦੀ ਦਾ ਅਸਲ ਕਾਰਨ ‘ਤੌਜ਼ਕਿ-ਏ-ਜਹਾਂਗੀਰੀ’ ਜੋ ਜਹਾਂਗੀਰ ਦੀ ਸਵੈ-ਜੀਵਨੀ ਹੈ ਤੋਂ ਪਤਾ ਲੱਗਦਾ ਹੈ ਕਿ ਉਸ ਦੀ ਧਾਰਮਿਕ ਕੱਟੜਤਾ ਇਸ ਦੁਖਾਂਤ ਦਾ ਵੱਡਾ ਕਾਰਨ ਸੀ। ਜਹਾਂਗੀਰ ਨੇ ਬਹਾਨਾ ਬਣਾ ਕੇ ਗੁਰੂ ਸਾਹਿਬ ਦੀ ਸ਼ਹਾਦਤ ਦਾ ਹੁਕਮ ਦੇ ਕੇ ਆਪਣੇ ਕਈ ਚਿਰ ਦੇ ਤਪਦੇ ਹਿਰਦੇ ਨੂੰ ਠਾਰਿਆ ਅਤੇ ਧਾਰਮਿਕ ਕੱਟੜਤਾ ਦਾ ਸਬੂਤ ਦਿੱਤਾ। ਇਸ ਸ਼ਾਂਤਮਈ ਸ਼ਹੀਦੀ ਨੇ ਸਿੱਖ ਪੰਥ ਦੀ ਨੁਹਾਰ ਹੀ ਬਦਲ ਦਿੱਤੀ ਅਤੇ ਗੁਰੂ ਅਰਜਨ ਸਾਹਿਬ ਦੇ ਸਪੁੱਤਰ ਅਤੇ ਉਤਰਾਧਿਕਾਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਬਰ ਤੇ ਜ਼ੁਲਮ ਦੇ ਟਾਕਰੇ ਲਈ ਆਪਣੇ ਸ਼ਰਧਾਲੂਆਂ ਨੂੰ ਤਿਆਰ ਕੀਤਾ, ਜਿਨ੍ਹਾਂ ਨੇ ਬੜੀ ਦ੍ਰਿੜਤਾ ਨਾਲ ਮੁਗਲ ਸਰਕਾਰ ਦੀ ਚੇਤਾਵਨੀ ਨੂੰ ਸਵੀਕਾਰ ਕੀਤਾ। ਫਲਸਰੂਪ ਸ਼ਹੀਦੀਆਂ ਨੂੰ ਖਿੜੇ ਮੱਥੇ ਸਵੀਕਾਰ ਕੀਤਾ ਗਿਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਧਰਮ ਤੇ ਜ਼ਮੀਰ ਦੀ ਰੱਖਿਆ ਲਈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੁਆਰਾ ਹੋਈ ਪੰਥ ’ਤੇ ਵਧੀਕੀ ਤੇ ਅੱਤਿਆਚਾਰ ਵਿਰੁੱਧ ਹਥਿਆਰ ਚੁੱਕਣ ਦੇ ਜੋ ਪੂਰਨੇ ਪਾਏ, ਉਨ੍ਹਾਂ ਨੇ ਆਉਣ ਵਾਲੇ ਸਮਿਆਂ ਵਾਸਤੇ ਸਿੱਖਾਂ ਲਈ ਚਾਨਣ ਮੁਨਾਰੇ ਦਾ ਕੰਮ ਕੀਤਾ।

ਗੁਰੂ ਤੇਗ ਬਹਾਦਰ ਸਾਹਿਬ ਦੀ ਸੰਨ 1675 ਈਸਵੀ ਵਿਚ (ਔਰੰਗਜ਼ੇਬ ਦੇ ਹਿੰਦੂ ਸਮਾਜ ਉਪਰ ਜ਼ੁਲਮਾਂ ਵਿਰੁੱਧ ਰੋਸ ਸਦਕਾ) ਦਿੱਤੀ ਸ਼ਹੀਦੀ ਆਪਣੀ ਹੀ ਮਿਸਾਲ ਹੈ। ਅਸਲ ਵਿਚ ਜੈ ਪਾਲ ਦੇ ਸਮਿਆਂ ਤੋਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੱਕ ਚਾਰ ਸਦੀਆਂ ਦੇ ਦੌਰਾਨ ਪੰਜਾਬ ਵਾਸੀ ਆਪਣੇ ਹੀ ਪੰਜਾਬ ਵਿਚ ਬਗਾਨੇ ਬਣ ਕੇ ਰਹਿ ਰਹੇ ਸਨ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਾਂਤਮਈ ਸ਼ਹੀਦੀ ਦੇ ਵਾਰੇ-ਵਾਰੇ ਜਾਂਦਿਆਂ ਹੋਇਆ ਅਜੋਕੇ ਲੇਖਕਾਂ ਤੇ ਇਤਿਹਾਸਕਾਰਾਂ ਨੇ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਦੀ ਨਿੰਦਿਆ ਕੀਤੀ ਹੈ। ਗੁਰੂ ਸਾਹਿਬ ਦੀ ਇਸ ਆਹੂਤੀ ਦੇ ਨਾਲ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦਾ ਨਾਮ ਵੀ ਸਿੱਖ ਇਤਿਹਾਸ ਦੇ ਖੂਨੀ ਪੰਨਿਆਂ ’ਤੇ ਸਦਾ ਲਈ ਲਿਖਿਆ ਜਾ ਚੁੱਕਾ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਅਗਵਾਈ ਵਿਚ ਹੋਈਆਂ ਸਿੱਖ ਮੁਗਲ ਲੜਾਈਆਂ ਵਿਚ ਅਨੇਕਾਂ ਕੀਮਤੀ ਜਾਨਾਂ ਕੁਰਬਾਨ ਹੋ ਗਈਆਂ, ਜਿਨ੍ਹਾਂ ਵਿਚ ਗੁਰੂ ਸਾਹਿਬ ਦੇ ਚਾਰ ਸਾਹਿਬਜ਼ਾਦੇ ਅਤੇ ਚਾਲ੍ਹੀ ਮੁਕਤੇ ਵੀ ਸ਼ਾਮਿਲ ਸਨ।

ਬਾਬਾ ਬੰਦਾ ਸਿੰਘ ਬਹਾਦਰ ਕਾਲ ਤੋਂ ਪਿੱਛੋਂ ਸਿੰਘਾਂ ਦੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਦਾ ਇਕ ਨਵਾਂ ਦੌਰ ਸ਼ੁਰੂ ਹੋਇਆ। ਬੰਦਾ ਸਿੰਘ ਬਹਾਦਰ ਦੇ ਸਮੇਂ ਤੋਂ ਮਿਸਲਾਂ




ਦੀ ਸਥਾਪਨਾ ਤੱਕ ਪੰਜਾਬ ਦੇ ਲੋਕ ਲੱਗਭੱਗ ਲਗਾਤਾਰ ਹੀ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਰਹੇ ਪ੍ਰੰਤੂ ਉਹ ਜਬਰ, ਅੱਤਿਆਚਾਰ, ਧਾਰਮਿਕ ਕੱਟੜਤਾ, ਸਮਾਜਿਕ ਨਾ-ਬਰਾਬਰੀ ਅਤੇ ਅਨਿਆ ਦੇ ਵਿਰੁੱਧ ਡਟੇ ਰਹੇ। ਇਸ ਦੇ ਫਲਸਰੂਪ ਬੇ ਗਿਣਤ ਕੁਰਬਾਨੀਆਂ ਤੇ ਸ਼ਹੀਦੀਆਂ ਦੇ ਬਲਬੂਤੇ ਮਿਸਲਦਾਰੀ ਰਾਜ ਦੀ ਸਥਾਪਨਾ ਹੋਈ। ਸਿੰਘਾਂ ਦੀ ਇਹ ਕੁਰਬਾਨੀ ਸਮੇਂ ਦੀ ਜਾਬਰ ਮੁਗਲ ਹਕੂਮਤ ਅਤੇ ਅਫਗਾਨੀ ਹਮਲਿਆਂ ਦੇ ਵਿਰੁੱਧ ਸੀ। ਜ਼ਕਰੀਆ ਖਾਂ, ਮੀਰ ਮੰਨੂ, ਮੱਸਾ ਰੰਗੜ, ਮੋਮਨ ਖਾਂ, ਨਾਦਰਸ਼ਾਹ, ਅਹਿਮਦਸ਼ਾਹ ਦੌਰਾਨੀ ਆਦਿ ਦਾ ਜ਼ੋਰ-ਸ਼ੋਰ ਨਾਲ ਮੁਕਾਬਲਾ ਕਰਦੇ ਹੋਏ ਅਣਗਿਣਤ ਸਿੱਖ ਸ਼ਹੀਦ ਹੋਏ। ਇਨ੍ਹਾਂ ਦੇ ਨਾਮ ਅਤੇ ਹੋਰ ਵੇਰਵੇ ਸੰਬੰਧੀ ਅਜੋਕਾ ਇਤਿਹਾਸ ਪੂਰੀ ਤਰ੍ਹਾਂ ਜਾਣੂ ਨਹੀਂ ਹੈ।

ਇਨ੍ਹਾਂ ਸ਼ਹੀਦੀਆਂ ਤੇ ਕੁਰਬਾਨੀਆਂ ਦੀ ਵਿਸਥਾਰ ਸੰਬੰਧੀ ਵਿਦਵਾਨਾਂ ਦੀ ਰਾਏ ਵੀ ਭਿੰਨ-ਭਿੰਨ ਹੈ। ਉਦਾਹਰਨ ਦੇ ਤੌਰ 'ਤੇ ਦੋਹਾਂ ਘੱਲੂਘਾਰਿਆਂ ਵਿਚ ਦੇਸ਼ ਰੱਖਿਆ ਲਈ ਸ਼ਹੀਦ ਹੋਏ ਸ਼ਹੀਦਾਂ ਦੀ ਗਿਣਤੀ ਕਈ ਇਤਿਹਾਸਕਾਰ ਅਲੱਗ-ਅਲੱਗ ਵਰਣਨ ਕਰਦੇ ਹਨ। ਕੇਵਲ ਬੰਦਾ ਸਿੰਘ ਬਹਾਦਰ ਤੋਂ ਮਿਸਲਾਂ ਦੀ ਸਥਾਪਨਾ ਤੱਕ ਦੀਆਂ ਸਿੱਖ ਸ਼ਹੀਦੀਆਂ ਦਾ ਵੇਰਵਾ ਵੀ ਇਸ ਖੋਜ ਪੱਤਰ ਵਿਚ ਸਮਾਅ ਨਹੀਂ ਸਕਦਾ। ਇਸ ਲਈ ਇਸ ਕਾਲ ਦੀਆਂ ਕੁੱਝ ਇਕ ਸ਼ਹੀਦੀਆਂ ਦੀ ਵੰਨਗੀ ਦੇਣਾ ਹੀ ਅਨੁਕੂਲ ਹੋਵੇਗਾ। ਪਰੰਤੂ ਇਸ ਵਰਣਨ ਤੋਂ ਪਹਿਲਾਂ ਇਹ ਜਾਣਨਾ ਲਾਭਦਾਇਕ ਹੋਵੇਗਾ ਕਿ ਆਖਿਰਕਾਰ ਉਹ ਕਿਹੜੀ ਤਾਕਤ ਸੀ, ਜਿਸ ਨੇ ਸ਼ਹੀਦਾਂ ਨੂੰ ਪੂਰਨ ਭਰੋਸੇ ਨਾਲ ਧਰਮ ਯੁੱਧ ਲਈ ਪ੍ਰੇਰਿਤ ਕੀਤਾ। ਸ਼ਹੀਦੀਆਂ ਦੇ ਕਾਰਨਾਂ ਵਿਚ ਸਭ ਤੋਂ ਵੱਡਾ ਕਾਰਨ ਸਿੱਖ ਗੁਰੂਆਂ ਦਾ ਆਪਣਾ ਜੀਵਨ ਸੀ, ਜਿਸ ਦੁਆਰਾ ਸਿੱਖ ਸ਼ਹੀਦਾਂ ਨੇ ਸਬਕ ਲਿਆ ਅਤੇ ਉਨ੍ਹਾਂ ਨੂੰ ਆਪਾ ਵਾਰਨਾ ਬੱਚਿਆਂ ਦਾ ਖੇਲ ਪ੍ਰਤੀਤ ਹੋਇਆ।

ਇਨ੍ਹਾਂ ਸਿੱਖ ਸ਼ਹੀਦੀਆਂ ਦੇ ਪਿਛੋਕੜ ਵਿਚ ਗੁਰੂ ਦੇ ਅਦਾਰੇ ਦੀ ਵਡਮੁੱਲੀ ਦੇਣ ਹੈ। ਸਿੱਖ ਗੁਰੂਆਂ ਨੇ ਸਮੇਂ-ਸਮੇਂ 'ਤੇ ਆਪਣੇ ਸ਼ਰਧਾਲੂਆਂ ਦੀ ਅਗਵਾਈ ਕੀਤੀ ਅਤੇ ਕਈ ਧਾਰਮਿਕ ਅਦਾਰੇ ਬਾਅਦ ਵਿਚ ਰਾਜਨੀਤਿਕ ਰੂਪ ਗ੍ਰਹਿਣ ਕਰ ਗਏ। ਸੰਗਤ, ਪੰਗਤ, ਲੰਗਰ, ਮੰਜੀਆਂ, ਮਸੰਦ ਪ੍ਰਣਾਲੀ, ਗੁਰਮੱਤੇ ਅਤੇ ਦਲ ਖਾਲਸੇ ਦੇ ਅਦਾਰਿਆਂ ਰਾਹੀਂ ਸਮੇਂ-ਸਮੇਂ 'ਤੇ ਪੰਥ ਸਾਹਮਣੇ ਆਈਆਂ ਔਕੜਾਂ ਹੱਲ ਹੁੰਦੀਆਂ ਰਹੀਆਂ। ਇਹ ਅਦਾਰੇ ਖਾਲਸੇ ਦੇ ਮਿਸ਼ਨ ਦੀ ਪੂਰਤੀ ਵਿਚ ਬਹੁਤ ਸਹਾਈ ਹੋਏ ਅਤੇ ਖਾਲਸੇ ਨੇ ਸਦਾ ਆਪਾ ਵਾਰਨ ਲਈ ਤਿਆਰੀ ਆਰੰਭੀ ਰੱਖੀ। ਬਾਣੀ ਦੇ ਜਪਣ ਅਤੇ ਸਿਮਰਨ ਨਾਲ ਸਿੱਖ ਸ਼ਹੀਦ ਕਦੇ ਨਾ ਡੋਲੇ ਅਤੇ ਸਦਾ ਹੀ ਆਪਾ ਕੁਰਬਾਨ ਕਰਨ ਲਈ ਤਿਆਰ-ਬਰ-ਤਿਆਰ ਅਤੇ ਚੜ੍ਹਦੀ ਕਲਾ ਵਿਚ ਰਹੇ। ਸਿੱਖੀ ਵਿਚ ਧਾਰਮਿਕ ਅਤੇ ਰਾਜਨੀਤਿਕ ਆਜ਼ਾਦੀ ਲਈ ਇਕੱਠਾ ਸੰਘਰਸ਼ ਕਰਨਾ ਜ਼ਰੂਰੀ ਸਮਝਿਆ ਗਿਆ।

ਇਸ ਦੇ ਫਲਸਰੂਪ ਸ਼ਹੀਦੀ ਦੇਣ ਦੀ ਭਾਵਨਾ ਵਧੇਰੇ ਉਜਾਗਰ ਹੋਈ। ਸ਼ਹੀਦ ਹੋਣ ਵਾਲੇ ਵਿਅਕਤੀਆਂ ਵਿਚ ਕੇਵਲ ਇਕ ਵੀ ਅਜਿਹਾ ਨਹੀਂ ਹੋਵੇਗਾ, ਜੋ ਤਨੋ ਮਨੋ ਧਨੋ ਆਪਣੇ ਆਪ ਨੂੰ ਸਿੱਖ ਧਰਮ ਅਤੇ ਗੁਰੂ ਪਿੱਛੇ ਵਾਰਨ ਤੋਂ ਸੰਕੋਚ ਕਰਦਾ ਹੋਵੇ। ਧਰਮ ਅਤੇ ਗੁਰੂ ਲਈ ਨਿਸ਼ਕਾਮ ਸੇਵਾ ਕਾਰਨ ਸ਼ਹੀਦੀਆਂ ਦੇਣੀਆਂ ਸੁਖਾਵੀਆਂ ਹੋ ਗਈਆਂ।

ਅਠਾਰਵੀਂ ਸਦੀ ਵਿਚ ਨਿਡਰਤਾ ਨਾਲ ਸ਼ਹੀਦੀ ਦੇਣ ਦੇ ਕਾਰਨ ਵਿਚੋਂ ਇਕ ਵੱਡਾ ਕਾਰਨ ਤੱਤ ਖਾਲਸੇ ਦੀ ਧਰਮ ਯੁੱਧ ਵਿਚ ਮਰ ਮਿਟਣ ਦੀ ਭਾਵਨਾ ਸੀ। ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਉਪਰੰਤ ਖਾਲਸਾ ਪੰਥ ਦੀ ਇਹ ਦਸ਼ਾ ਸੀ ਕਿ ਉਸ ਸਮੇਂ ਕਿਸੇ ਧਾਰਮਿਕ ਆਗੂ ਜਾਂ ਨੇਤਾ ਦੇ ਨਾ ਹੋਣ ਤੇ ਕਿਸੇ ਨੇ ਤਾ ਦੇ ਜੰਗ ਵਿਚ ਸਮੂਹ ਪੰਥ ਦੀ ਅਗਵਾਹੀ ਨਾ ਕਰਨ ਸਦਕਾ ਸਮੱਸਿਆ ਖੜ੍ਹੀ ਹੋ ਗਈ ਸੀ।

ਨਿਡਰਤਾ ਨਾਲ ਸ਼ਹੀਦੀਆਂ ਦੇਣ ਦਾ ਇਕ ਹੋਰ ਕਾਰਨ, ਕਿ ਖਾਲਸਾ ਉਸ ਸਮੇਂ ਮੌਤ ਨੂੰ ਮੌਤ ਨਹੀਂ ਸਮਝਦਾ ਸੀ। ਇਹ ਹੀ ਕਾਰਨ ਹੈ ਕਿ ਸਿੱਖ ਇਤਿਹਾਸ ਵਿਚ ਕਈ ਉਦਾਹਰਣਾਂ ਮਿਲਦੀਆਂ ਹਨ ਜਦੋਂ ਸਿਦਕੀ ਸਿੱਖਾਂ ਨੇ ਜੱਲਾਦਾਂ ਨੂੰ ਮਜ਼ਬੂਰ ਕੀਤਾ ਕਿ ਉਨ੍ਹਾਂ ਦੀ ਮੌਤ ਦੀ ਵਾਰੀ ਜਲਦੀ ਲਿਆਂਦੀ ਜਾਵੇ।

ਜਦੋਂ ਖਾਲਸੇ 'ਤੇ ਜ਼ੁਲਮ ਦਾ ਦੌਰ ਵਧਿਆ ਤਾਂ ਖਾਲਸਾ ਘਰ-ਬਾਰ ਛੱਡ ਕੇ ਜੰਗਲਾਂ ਵਿਚ ਘੋੜਿਆਂ ਦੀਆਂ ਕਾਠੀਆਂ 'ਤੇ ਦਿਨ-ਰਾਤ ਬਤੀਤ ਕਰਨ ਲੱਗਾ। ਜ਼ਕਰੀਆ ਖਾਂ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਅਤੇ ਉਨ੍ਹਾਂ ਦਾ ਖੁਰਾ-ਖੋਜ ਮਿਟਾਉਣ ਦੇ ਯਤਨ ਕੀਤੇ। ਨਾਦਿਰ ਸ਼ਾਹ ਦੀ ਪੁੱਛ ਦੇ ਉਤਰ ਵਿਚ ਕਿ ਜੰਗੀ ਸਿੱਖਾਂ ਦਾ ਨਿਵਾਸ ਸਥਾਨ ਘੋੜਿਆਂ ਦੀਆਂ ਕਾਠੀਆਂ 'ਤੇ ਦੱਸਿਆ। ਰਤਨ ਸਿੰਘ ਭੰਗੂ ਦੇ 'ਪ੍ਰਾਚੀਨ ਪੰਥ ਪ੍ਰਕਾਸ਼' ਅਨੁਸਾਰ ਨਾਦਿਰ ਸ਼ਾਹ ਦਾ ਵਾਪਸੀ ਉਤਰ ਸੀ ਕਿ ਉਹ ਦਿਨ ਦੂਰ ਨਹੀਂ ਸਨ, ਜਦੋਂ ਸਿੱਖ ਆਪਣਾ ਰਾਜ ਸਥਾਪਿਤ ਕਰ ਸਕਣਗੇ। ਸਿੱਖ ਧਰਮ ਵਿਚ ਸਮੇਂ-ਸਮੇਂ ਹੋਈਆਂ ਸ਼ਹੀਦੀਆਂ ਨੇ ਅੱਗੇ ਨੂੰ ਹੋਣ ਵਾਲੀਆਂ ਹੋਰ ਸ਼ਹੀਦੀਆਂ ਨੂੰ ਉਤਸ਼ਾਹ ਦਿੱਤਾ ਅਤੇ ਬਹੁਤ ਸਾਰੇ ਅਜਿਹੇ ਵਿਅਕਤੀ ਮੈਦਾਨ ਵਿਚ ਨਿਤਰ ਆਏ, ਜੋ ਧਰਮ ਯੁੱਧ ਵਿਚ ਯੋਗਦਾਨ ਦੇਣਾ ਆਪਣਾ ਕਰਤੱਵ ਸਮਝਦੇ ਸਨ।

ਅਸੀਂ ਨਿਸ਼ਚੇ ਹੀ ਕਹਿ ਸਕਦੇ ਹਾਂ ਕਿ ਬੰਦਾ ਸਿੰਘ ਬਹਾਦਰ ਤੋਂ ਮਿਸਲਾਂ ਦੀ ਸਥਾਪਨਾ ਤੱਕ ਵੀ ਜੇਕਰ ਸਿੱਖ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਵਰਣਨ ਕੀਤਾ ਜਾਵੇ ਤਾਂ ਇਹ ਵਿਸ਼ਾ ਇਕ ਪੂਰੀ ਪੁਸਤਕ ਦਾ ਵਿਸ਼ਾ ਹੈ। ਇਸ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਲਿਖਣਾ ਸਿੱਖ ਧਰਮ ਦੇ ਇਤਿਹਾਸ ਨੂੰ ਸੁਰਜੀਤ ਰੱਖਣ ਲਈ ਅਤੀ ਜ਼ਰੂਰੀ ਹੈ। ਜਬਰ ਅਤੇ ਅੱਤਿਆਚਾਰ ਵਿਰੁੱਧ ਸਿੱਖੀ ਸਿਦਕ, ਧਾਰਮਿਕ ਸੁਤੰਤਰਤਾ ਅਤੇ ਜ਼ਮੀਰ ਦੇ ਹੱਕਾਂ ਨੂੰ ਸੁਰੱਖਿਅਤ ਰੱਖਣ ਲਈ ਦਿੱਤੀਆਂ ਗਈਆਂ ਸ਼ਹੀਦੀਆਂ ਨੂੰ ਜੇ ਕਰ ਸਹੀ ਰੂਪ ਵਿਚ ਉਲੀਕਿਆ ਜਾਵੇ ਤਾਂ ਨਿਸਚੇ ਹੀ ਵੱਡੀ ਗਿਣਤੀ ਵਿਚ ਪੰਥ ਆਪਣੇ ਵਿਰਸੇ ਤੋਂ ਜਾਣੂ ਹੋ ਸਕਦਾ ਹੈ।

ਇਤਿਹਾਸਕ ਦ੍ਰਿਸ਼ਟੀਕੋਣ ਤੋਂ 'ਸ਼ਹੀਦੀ' ਰੂਪੀ ਸਿੱਖ ਵਿਰਾਸਤ ਦੀ ਕੁੱਝ ਵੰਨਗੀ ਜੋ 18ਵੀਂ ਸਦੀ ਨਾਲ ਸੰਬੰਧਤ ਹੈ, ਸਮਕਾਲੀ ਅਤੇ ਨਿਕਟ ਸਮਕਾਲੀ ਸਮੱਗਰੀ ਦੀ ਲਿਖਾਇਕ ਹੈ।

ਅਠਾਰਵੀਂ ਸਦੀ ਵਿਚ ਦਿੱਤੀਆਂ ਗਈਆਂ ਸ਼ਹੀਦੀਆਂ 'ਤੇ ਜਦੋਂ ਉਪਰੀ ਨਜ਼ਰ ਮਾਰੀ ਜਾਏ ਤਾਂ ਹਰ ਸ਼ਹੀਦੀ ਦਾ ਵੱਖਰਾ ਕਾਰਨ ਪ੍ਰਤੀਤ ਹੁੰਦਾ ਹੈ, ਪ੍ਰੰਤੂ ਅਸਲ ਵਿਚ ਸਮੂਹ ਸਿੱਖ ਸ਼ਹੀਦੀਆਂ ਦੇ ਪਿਛੋਕੜ ਤੇ ਮੂਲ ਕਾਰਨਾ ਦਾ ਵੇਰਵਾ ਅਸੀਂ ਸੰਖੇਪ ਰੂਪ ਵਿਚ ਉਪਰ ਵਰਣਨ ਕਰ ਆਏ ਹਾਂ, ਜਿਸ ਉਪਰੰਤ ਕੁੱਝ ਸ਼ਹੀਦੀਆਂ ਦਾ ਵੇਰਵਾ ਹੇਠਾਂ ਹੈ :

### ਭਾਈ ਤਾਰਾ ਸਿੰਘ ਜੀ ਵਾਂ ਦੀ ਸ਼ਹੀਦੀ :

ਭਾਈ ਤਾਰਾ ਸਿੰਘ ਪਿੰਡ ਬਾਇੰ ਡੱਲ ਜਿਸ ਨੂੰ ਹੁਣ ਵਾਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਦੇ ਵਸਨੀਕ ਸਨ। ਆਪ ਬੁੱਟਰ ਜ਼ਿਮੀਂਦਾਰ ਸਨ। ਉਹ ਸਿਦਕੀ ਸਿੰਘ ਹੋਣ ਦੇ ਨਾਤੇ ਆਪਣੇ ਪਾਸ ਆਏ ਸਿੰਘਾਂ ਦੀ ਸੇਵਾ ਕਰਦੇ। ਆਪ ਤੱਤ ਖਾਲਸਾ ਧੜੇ ਦੇ ਸਿੰਘ ਸਨ, ਜੋ ਧਾਰਮਿਕ ਜ਼ੁਲਮ, ਅਪਰਾਧ ਅਤੇ ਰਾਜਸੀ ਅਨਿਆਏ ਵਿਰੁੱਧ ਲੜਨਾ ਆਪਣਾ ਕਰਮ ਧਰਮ ਸਮਝਦੇ ਸਨ। ਸਾਹਿਬ ਰਾਇ ਨੌਸ਼ੈਰੇ ਦਾ ਚੌਧਰੀ ਇਸ ਨੀਤੀ ਵਿਰੁੱਧ ਆਪ ਨਾਲ ਈਰਖਾ ਰੱਖਦਾ ਸੀ। ਉਸ ਨੇ ਤਾਰਾ ਸਿੰਘ ਵਾਂ ਵਿਰੁੱਧ ਆਪਣੀਆਂ ਘੋੜੀਆਂ ਦੀ ਚੋਰੀ ਲਾ ਕੇ ਮੁਗਲ ਫੌਜ ਉਨ੍ਹਾਂ ਵਿਰੁੱਧ ਭੇਜੀ। ਤਾਰਾ ਸਿੰਘ ਪਾਸ ਬਹੁਤ ਹੀ ਘੱਟ ਗਿਣਤੀ ਵਿਚ ਸਿੰਘ ਸਨ। ਇਨ੍ਹਾਂ ਸਿੰਘਾਂ ਦੀ ਗਿਣਤੀ ਸਬੰਧੀ ਲਿਖਾਰੀ ਵੱਖ-ਵੱਖ ਰਾਇ ਰੱਖਦੇ ਹਨ। ਰਤਨ ਸਿੰਘ ਭੰਗੂ ਨੇ ਆਪਣੀ ਪੁਸਤਕ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਹ ਗਿਣਤੀ ਕੇਵਲ ਬਾਈ ਦੱਸੀ ਹੈ।

ਭਾਈ ਤਾਰਾ ਸਿੰਘ ਵਾਂ ਦੇ ਨਾਲ ਹੋਰ ਸ਼ਹੀਦ ਹੋਏ ਸਿੰਘਾਂ ਦੇ ਨਾਮ ਇਸ ਪ੍ਰਕਾਰ ਹਨ : ਵਸਾਵਾ ਸਿੰਘ, ਕੁਇਰ ਸਿੰਘ, ਸਮੁੰਦ ਸਿੰਘ, ਝਾਬ ਸਿੰਘ, ਲਖਮੀਰ ਸਿੰਘ, ਆਲੀ ਸਿੰਘ, ਗੁਰਬਖਸ਼ ਸਿੰਘ, ਭੀਮ ਸਿੰਘ, ਬਾਦਲ ਸਿੰਘ ਰਤੋਕੀ, ਮੇਘ ਸਿੰਘ ਗਿੱਲ, ਹਾਤਾ ਸਿੰਘ, ਬੁਲਾਕਾ ਸਿੰਘ ਸੇਖੋਂ, ਜੋਧ ਸਿੰਘ ਬਾਜਵਾ ਨਾਰੋਵਾਲੀ ਆਦਿ।

ਰਤਨ ਸਿੰਘ ਭੰਗੂ ਦੀ ਲਿਖਤ ਸਹਿਜੇ ਹੀ ਤਾਰਾ ਸਿੰਘ ਪ੍ਰਤੀ ਤੱਤ ਖਾਲਸਾ ਵਿਚ ਉਸ ਸਮੇਂ ਡੂੰਘਾਈ ਤੱਕ ਉਤਰੀ ਹੋਈ ਭਾਵਨਾ ਨੂੰ ਦਰਸਾਉਂਦੀ ਹੈ। ਤਾਰਾ ਸਿੰਘ ਆਪਣੇ ਸਾਥੀ ਲਖਮੀਰ ਸਿੰਘ ਨੂੰ ਲੜਾਈ ਦੇ ਦੌਰਾਨ ਕਹਿੰਦੇ ਹਨ :

ਜਦ ਅਸੀਂ ਤੁਸੀਂ ਹੁਤੀ ਮੰਝੀ ਚਰਾਵਤ।<br>
ਤੂੰ ਹੁਤੋ ਮੰਝੀ ਦੁਇ ਦੁਇ ਟੱਪ ਜਾਵਤ।<br>
ਅਬ ਕੱਟਾ ਤੁਰਕਨ ਕਾ ਕਿਤਨ ਕ ਬਲਾਇ।<br>
ਮਾਰ ਤੁਰਕ ਤੂੰ ਉਪਰ ਜਾਇ।

### ਭਾਈ ਮਨੀ ਸਿੰਘ ਜੀ ਦੀ ਸ਼ਹੀਦੀ :

ਸਿੱਖ ਇਤਿਹਾਸ ਵਿਚ ਭਾਈ ਮਨੀ ਸਿੰਘ ਜੀ ਦੇ ਨਾਮ ਨੂੰ ਕੌਣ ਨਹੀਂ ਜਾਣਦਾ। ਆਪ ਦਾ ਨਾਮ ਸਿੱਖ ਇਤਿਹਾਸ ਦਾ ਇਕ ਅੰਗ ਬਣ ਗਿਆ ਹੋਇਆ ਹੈ। ਆਪ ਕੇਵਲ ਪੰਜ ਵਰਸ਼

ਦੀ ਆਯੂ ਦੇ ਸਨ, ਜਦ ਆਪ ਜੀ ਦੇ ਪਿਤਾ ਨੇ ਛੋਟੀ ਉਮਰੇ ਹੀ ਆਪ ਨੂੰ ਗੁਰੂ ਤੇਗ ਬਹਾਦਰ ਸਾਹਿਬ ਦਾ ਸਿੱਖ ਬਣਾਇਆ। ਇਸ ਲਈ ਆਪ ਜੀ ਨੂੰ ਮੁੱਢ ਤੋਂ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਾਥੀ ਬਣਨ ਦਾ ਅਨਮੋਲ ਸਮਾਂ ਮਿਲਿਆ। ਵੱਡੇ ਹੋ ਕੇ ਆਪ ਨੇ ਉਨ੍ਹਾਂ ਤੋਂ ਹੀ ਅੰਮ੍ਰਿਤ ਪਾਨ ਕੀਤਾ। ਭਾਈ ਮਨੀ ਸਿੰਘ ਜੀ ਖਾਲਸੇ ਦੇ ਅਨੰਦਪੁਰ ਸਾਹਿਬ ਛੱਡਣ ਸਮੇਂ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਨੂੰ ਨਾਲ ਲੈ ਕੇ ਦਿੱਲੀ ਪੁੱਜੇ।

ਸੰਨ 1721 ਵਿਚ ਮਾਤਾ ਸੁੰਦਰੀ ਜੀ ਦੇ ਹੁਕਮ ਨਾਲ ਆਪ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਥਾਪੇ ਗਏ ਸਨ। ਆਪ ਸਿੱਖੀ ਨਾਲ ਅਥਾਹ ਪਿਆਰ ਰੱਖਦੇ ਸਨ ਅਤੇ ਖਾਲਸੇ ਦੇ ਮੁਗਲ-ਅਫਗਾਨ ਯੁੱਧਾਂ ਸਮੇਂ ਆਪ ਨੇ ਤੱਤ ਖਾਲਸੇ ਦੇ ਸੰਗਠਨ 'ਤੇ ਪੂਰਾ ਜ਼ੋਰ ਦਿੱਤਾ। ਆਪ ਨੇ ਲਾਹੌਰ ਦੇ ਸੂਬੇਦਾਰ ਨੂੰ ਪੰਜ ਹਜ਼ਾਰ ਰੁਪਿਆ ਟੈਕਸ ਦੇਣਾ ਮੰਨ ਕੇ ਉਸ ਪਾਸੋਂ ਆਗਿਆ ਲਈ ਕਿ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਦੀਵਾਲੀ ਮਨਾਈ ਜਾਵੇ ਜੋ ਕਈ ਸਾਲਾਂ ਤੋਂ ਸਰਕਾਰੀ ਹੁਕਮ ਅਨੁਸਾਰ ਵਰਜਤ ਸੀ। ਸੂਬੇਦਾਰ ਨੇ ਇਕ ਪਾਸੇ ਤਾਂ ਆਪ ਨੂੰ ਆਗਿਆ ਦੇ ਦਿੱਤੀ ਅਤੇ ਦੂਜੇ ਪਾਸੇ ਅੰਮ੍ਰਿਤਸਰ ਦੀਆਂ ਚੌਵਾਂ ਨੁੱਕਰਾਂ 'ਤੇ ਕਰੜੇ ਪਹਿਰੇ ਲਾ ਦਿੱਤੇ ਜਿਸ ਕਾਰਨ ਮੇਲਾ ਭਰ ਨਾ ਸਕਿਆ। ਸੂਬੇਦਾਰ ਨੇ ਆਪ ਪਾਸੋਂ ਰੁਪਇਆ ਵਸੂਲ ਕਰਨਾ ਚਾਹਿਆ, ਜੋ ਭਾਈ ਮਨੀ ਸਿੰਘ ਜੀ ਨੇ ਸਾਫ ਇਨਕਾਰ ਕਰ ਦਿੱਤਾ ਕਿਉਂਕਿ ਸਰਕਾਰੀ ਪਹਿਰਾ ਹੋਣ ਕਰ ਕੇ ਸੰਗਤਾਂ ਦਾ ਇਕੱਠ ਨਾ ਹੋ ਸਕਿਆ ਅਤੇ ਰੁਪਇਆ ਕਿਥੋਂ ਆਉਣਾ ਸੀ? ਰੁਪਏ ਨਾ ਦੇਣ ਦੀ ਸੂਰਤ ਵਿਚ ਭਾਈ ਮਨੀ ਸਿੰਘ ਜੀ 'ਤੇ ਇਸਲਾਮ ਕਬੂਲਣ ਦੀ ਸ਼ਰਤ ਲਗਾਈ ਅਤੇ ਆਪ ਜੀ ਦੇ ਨਾ ਮੰਨਣ 'ਤੇ ਆਪ ਦਾ ਅੰਗ-ਅੰਗ ਵੱਢ ਕੇ ਤਸੀਹੇ ਦੇ ਕੇ ਆਪ ਦੀ ਕੋਮਲ ਜਾਨ ਨੂੰ ਸਰੀਰ ਤੋਂ ਵੱਖ ਕੀਤਾ। ਇਹ ਸਿਦਕੀ ਸਿੰਘ ਅੰਤਲੇ ਸਮੇਂ ਤੱਕ ਪੂਰਨ ਭਰੋਸੇ ਵਿਚ ਰਹੇ ਅਤੇ ਮੌਤ ਨੂੰ ਮਖੌਲ ਕਰਦੇ ਹੋਏ ਸਿੱਖੀ ਸਿਦਕ ਨਾ ਹਾਰਦੇ ਹੋਏ ਸ਼ਹੀਦ ਹੋਏ। ਧਰਮ ਹੇਤ ਭਾਈ ਮਨੀ ਸਿੰਘ ਜੀ ਦੇ ਆਪਾ ਵਾਰਨ ਦੀ ਚਾਹ ਨੂੰ ਰਤਨ ਸਿੰਘ ਭੰਗੂ ਨੇ ਆਪਣੇ ਸ਼ਬਦਾਂ ਵਿਚ ਇਉਂ ਦਰਸਾਇਆ ਹੈ :


ਤਬ ਨਬਾਬ ਨੌ ਯੋਂ ਫੁਰਮਾਯੋ।
ਬੰਦ ਬੰਦ ਅਬ ਜੁਦਾ ਕਰਾਯੋ।
ਚੰਡਾਲਨ ਸਿੰਘ ਤੁਰਤ ਫੜਾਯਾ।
ਨਿਖਾਸ ਚੌਂਕ ਕਿ ਵਿਚ ਬਹਾਯਾ।
ਚੰਡਾਲ ਬੰਦ ਤਬ ਚਾਰ ਬਤਾਏ।
ਬਾਂਹਾਂ ਟੰਗਾਂ ਕਰੋ ਜੁਦਾਏ।
ਤਬਹਿ ਮਨੀ ਸਿੰਘ ਉਨ ਸੋਂ ਕਹੀ।
ਤੁਮ ਬੰਦ ਬੰਦ ਕੋ ਜਾਨਤ ਨਹੀਂ।
ਮੈਂ ਬੰਦ ਬੰਦ ਨਿਜ ਦਿਓ ਬਤਾਈ।
ਤਿਮੈਂ ਤਿਮੈਂ ਤੂੰ ਛੁਰੀ ਚਲਾਈ।
ਪਹਿਲੇ ਉਂਗਲੀਓ ਪੋਟੇ ਕਟਾਈ।



ਫਿਰ ਪੌਂਚੇ ਸੋ ਬੀਣੀ ਛੁਡਾਈ।
ਚੰਡਾਲ ਚਾਹੇ ਫਿਰ ਮੋਢਯੋਂ ਲਾਹਈ।
ਮਨੀ ਸਿੰਘ ਦਈ ਕੂਹਨੀ ਅੜਾਈ।
ਕੂਹਣੀ ਕਟਾਇ ਫਿਰ ਮੋਢਯੋਂ ਲਗਾਈ।
ਸੱਜੀ ਕਟਾਇ ਫਿਰ ਖੱਬੀ ਫੜਾਈ।
ਤਿਮ ਹੀ ਪੋਟਯੋਂ ਬੰਦ ਕਟਾਯੋਂ।
ਗਠ ਗਠ ਉਂਗਲ ਗੁਠੋਂ ਬਢਾਯੋਂ।

**ਭਾਈ ਬੋਤਾ ਸਿੰਘ ਜੀ ਸ਼ਹੀਦ :**

ਭਾਈ ਬੋਤਾ ਸਿੰਘ ਮਾਝੇ ਵਿਚ ਭੜਾਣੇ ਪਿੰਡ ਦੇ ਨਿਵਾਸੀ ਸਨ। ਆਪ ਸੰਧੂ ਜੱਟ ਸਨ। ਆਪ ਵੀ ਤੱਤ ਖਾਲਸਾ ਦੀ ਭਾਵਨਾ ਰੱਖਣ ਵਾਲੇ ਧਰਮ ਅਤੇ ਧਰਮ ਲਈ ਮਰ ਮਿਟਣ ਵਾਲੇ ਸਿਦਕੀ, ਧਰਮੀ ਸਿੰਘ ਸਨ, ਜਿਨ੍ਹਾਂ ਵਿਚ ਸਮੇਂ ਦੇ ਦੂਜੇ ਸਿੰਘਾਂ ਵਾਂਗ ਨਿਡਰਤਾ ਕੁੱਟ ਕੁੱਟ ਕੇ ਭਰੀ ਹੋਈ ਸੀ। ਜ਼ਾਲਮ ਹਕੂਮਤ ਦਾ ਪ੍ਰਬੰਧ ਸਹੀ ਰੂਪ ਵਿਚ ਨਾ ਚੱਲਣ ਦੇਣ ਅਤੇ ਬੇ ਇਨਸਾਫੀ ਤੇ ਜ਼ੁਲਮ ਵਿਰੁੱਧ ਰੋਸ ਪ੍ਰਗਟਾਉਣ ਲਈ ਬਾਬਾ ਬੋਤਾ ਸਿੰਘ ਜੀ ਨੇ ਲਾਹੌਰ ਦੇ ਸੂਬੇਦਾਰ ਖਾਨ ਬਹਾਦਰ ਨੂੰ ਇਕ ਜੋਸ਼ੀਲੀ ਚਿੱਠੀ ਲਿਖੀ ਅਤੇ ਇਸ ਚਿੱਠੀ ਵਿਚ ਹਕੂਮਤ ਦੀਆਂ ਬੇਇਨਸਾਫੀਆਂ 'ਤੇ ਰੌਸ਼ਨੀ ਪਾਈ। ਭਾਈ ਬੋਤਾ ਸਿੰਘ ਨੇ ਵਕਤ ਦੀ ਸਰਕਾਰ ਵਿਰੁੱਧ ਪ੍ਰੋਟੈਸਟ ਖਾਤਰ ਦਿੱਲੀ-ਲਾਹੌਰ ਦੀ ਸੜਕ 'ਤੇ ਨੂਰਦੀਨ ਦੀ ਸਰਾਇ ਦੇ ਨਜ਼ਦੀਕ ਹਕੂਮਤ ਨੂੰ ਵੰਗਾਰਿਆ। ਭਾਈ ਬੋਤਾ ਸਿੰਘ ਜੀ ਆਖਰ ਤੁਰਕਾਂ ਦੇ ਮੁਕਾਬਲੇ ਵਿਚ ਲੜਦੇ ਹੋਏ ਸ਼ਹੀਦੀ ਪਾ ਗਏ।



ਰਤਨ ਸਿੰਘ ਭੰਗੂ ਨੇ ਬਾਬਾ ਬੋਤਾ ਸਿੰਘ ਦੇ ਮਿਸ਼ਨ ਦੀ ਪੂਰਤੀ ਵਿਚ ਉਸ ਸਮੇਂ ਦੀ ਸਿੱਖੀ ਦੀ ਭਾਵਨਾ ਨੂੰ ਇਸ ਪ੍ਰਕਾਰ ਦਰਸਾਇਆ ਹੈ :

ਖਾਲਸੋ ਸੋਊ ਜੋ ਨਿਤ ਜੰਗ ਕਰੇ।
ਖਾਲਸੋਂ ਸੋਊ ਨ ਮਰਨ ਤੇ ਡਰੈ।.....
.....ਖਾਲਸੋਂ ਸੋਊ ਜੁ ਸੀਸ ਲਗਾਵੈ।

ਭਾਈ ਬੋਤਾ ਸਿੰਘ ਦੀ ਖਾਨ ਬਹਾਦਰ ਜ਼ਕਰੀਆ ਖਾਨ ਨੂੰ ਲਿਖੀ ਚਿੱਠੀ ਦਾ ਵਰਣਨ ਰਤਨ ਸਿੰਘ ਭੰਗੂ ਨੇ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ :

ਚਿੱਠੀ ਲਿਖੈ ਯੋਂ ਸਿੰਘ ਬੋਤਾ।
ਹੱਥ ਹੈ ਸੋਟਾ, ਵਿਚ ਰਾਹ ਖੜੋਤਾ।
ਆਨਾ ਲਾਯਾ ਗੱਡੇ ਨੂੰ, ਪੈਸਾ ਲਾਯਾ ਖੋਤਾ।
ਆਖੇ ਭਾਬੀ ਖਾਨੋਂ ਨੂੰ ਯੋ ਆਖੈ ਸਿੰਘ ਬੋਤਾ।

ਭਾਈ ਬੋਤਾ ਸਿੰਘ ਜੀ ਤੇ ਉਸਦੇ ਸਾਥੀ ਸਿੰਘਾਂ ਦੇ ਮੁਗਲਾਂ ਨਾਲ ਜੂਝਣ ਦਾ ਵਰਣਨ ਵੀ ਰਤਨ ਸਿੰਘ ਭੰਗੂ ਨੇ ਕੀਤਾ ਹੈ :

ਤੀਰ ਲਗੈ ਸਿੰਘ ਪੱਟ ਸਿਟਾਵੈਂ।
ਤੁਰਕਨ ਕੋ ਸੋ ਅੱਖੀ ਦਿਖਾਵੈਂ।
ਸਿੰਘ ਕਹੈਂ ਧ੍ਰਿਗ ਤੁਮਰੇ ਤੀਰ।
ਹਮਰੋ ਚੀਰ ਨ ਸਕੈ ਸਰੀਰ।
ਤਬ ਲਾਗੇਂ ਤਲਵਾਰ ਚਲਾਨ।
ਸਿੰਘ ਸੋਟੇ ਸੋਂ ਰੋਕੇਂ ਤਾਨ।
ਦੋਊਅਨ ਸਿੰਘ ਨੇ ਲਈ ਪਿਠ ਜੋੜ।
ਸੋਟਨ ਸੌਂਦ ਏ ਘੋੜੇ ਮੋੜ।

**ਭਾਈ ਮਹਿਤਾਬ ਸਿੰਘ ਜੀ ਦੀ ਸ਼ਹੀਦੀ :**

ਭਾਈ ਮਹਿਤਾਬ ਸਿੰਘ, ਪਿੰਡ ਮੀਰਾਂ ਕੋਟ, ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ। ਆਪ ਜੀ ਦਾ ਨਾਮ ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਬੜੇ ਗੌਰਵ ਨਾਲ ਆਇਆ ਹੈ। ਆਪ ਦੀ ਪ੍ਰਸਿੱਧਤਾ ਦੇ ਕਾਰਨਾਂ ਵਿਚ ਇਕ ਕਾਰਨ ਇਹ ਹੈ ਕਿ ਆਪ ਉਸ ਸਮੇਂ ਦੇ ਇਕ ਸੂਰਬੀਰ ਯੋਧੇ ਅਤੇ ਧਰਮੀ ਮਨੁੱਖ ਸਨ, ਜਿਨ੍ਹਾਂ ਨੇ ਸਿੱਖੀ ਸਿਦਕ ਤੋੜ ਤੱਕ ਨਿਭਾਇਆ ਅਤੇ ਧਰਮ ਯੁੱਧ ਖਾਤਰ ਲੜੀਆਂ ਗਈਆਂ ਪੰਥਕ ਲੜਾਈਆਂ ਵਿਚ ਕਾਰਨਾਮੇ ਵਿਖਾਏ ਪਰੰਤੂ ਆਪ ਦੇ ਨਾਮ ਦੀ ਪ੍ਰਸਿੱਧਤਾ ਦਾ ਸਿੱਧਾ ਸੰਬੰਧ ਮੱਸੇ ਰੰਘੜ ਦੇ ਖਾਤਮੇ ਨਾਲ ਹੈ। ਸਰਕਾਰੀ ਹਾਕਮ ਮੱਸੇ ਰੰਘੜ ਨੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਿਚ

ਕੋਈ ਕਸਰ ਨਾ ਛੱਡੀ, ਜਿਸ 'ਤੇ ਭਾਈ ਮਹਿਤਾਬ ਸਿੰਘ ਜੀ ਨੇ ਭਾਈ ਸੁੱਖਾ ਸਿੰਘ ਜੀ ਮਾੜੀ ਕੰਬੋ ਨੂੰ ਨਾਲ ਲੈ ਕੇ ਭੂਮੀ-ਕਰ ਜਮ੍ਹਾ ਕਰਾਉਣ ਵਾਲਿਆਂ ਦੇ ਭੇਸ ਵਿਚ ਠੀਕਰੀਆਂ ਦੀ ਪੰਡ ਬੰਨ੍ਹ, ਹਰਿਮੰਦਰ ਸਾਹਿਬ ਵਿਚ ਬਿਨਾ ਰੋਕ ਟੋਕ ਦਾਖਲ ਹੋ ਗਏ ਅਤੇ ਮੱਸੇ ਰੰਘੜ ਦਾ ਸਿਰ ਉਸ ਦੇ ਧੜ ਨਾਲੋਂ ਵੱਖ ਕਰਨ ਵਿਚ ਸਫਲ ਹੋਏ। ਸੰਨ 1745 ਵਿਚ ਲਾਹੌਰ ਦੇ ਹਾਕਮ ਨੇ ਸਿਦਕੀ ਸਿੱਖ ਮਹਿਤਾਬ ਸਿੰਘ ਨੂੰ ਚਰਖੜੀ 'ਤੇ ਚੜ੍ਹਾ ਕੇ ਸ਼ਹੀਦ ਕੀਤਾ।

**ਭਾਈ ਸੁੱਖਾ ਸਿੰਘ ਜੀ ਦੀ ਸ਼ਹੀਦੀ :**

ਭਾਈ ਸੁੱਖਾ ਸਿੰਘ ਪਿੰਡ ਕੰਬੋ ਮਾੜੀ ਦਾ ਨਿਵਾਸੀ ਅਤੇ ਸਿਦਕੀ ਸਿੰਘ ਸੀ ਜਿਸ ਵਿਚ ਤੱਤ ਖਾਲਸਾ ਦੀ ਭਾਵਨਾ ਠਾਠਾਂ ਮਾਰ ਰਹੀ ਸੀ। ਉਸ ਨੇ ਦਲ ਖਾਲਸੇ ਦੀਆਂ ਲੜਾਈਆਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਉਸ ਨੇ ਮਹਿਤਾਬ ਸਿੰਘ ਦੇ ਨਾਲ ਮਿਲ ਕੇ ਮੱਸਾ ਰੰਘੜ ਨੂੰ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਬੇਅਦਬੀ ਕਰਨ ਦੇ ਫਲਸਰੂਪ ਮਾਰ ਮੁਕਾਇਆ। ਜਿਨ੍ਹਾਂ ਦਿਨਾਂ ਵਿਚ ਮੁਗਲ ਸਰਕਾਰ ਵੱਲੋਂ ਹਰਿਮੰਦਰ ਸਾਹਿਬ ਜਾਣਾ ਅਤੇ ਸਰੋਵਰ ਵਿਚ ਨਹਾਉਣ ਦੀ ਪੂਰਨ ਮਨਾਹੀ ਸੀ, ਉਨੀਂ ਦਿਨੀਂ ਭਾਈ ਸੁੱਖਾ ਸਿੰਘ ਬੜੀ ਦਲੇਰੀ ਨਾਲ ਦਿਨੇ ਦਿਹਾੜੇ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਕਰ ਕੇ ਘੋੜਾ ਭਜਾ ਕੇ ਦੁਸ਼ਮਣ ਦੇ ਕੋਲੋਂ ਬਚ ਨਿਕਲਿਆ ਸੀ। ਭਾਈ ਸੁੱਖਾ ਸਿੰਘ ਦੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਕਰਨ ਦੀ ਦਲੇਰੀ ਨੂੰ ਰਤਨ ਸਿੰਘ ਭੰਗੂ ਨੇ ਇਸ ਤਰ੍ਹਾਂ ਕਲਮਬਧ ਕੀਤਾ ਹੈ :

ਸੁਖਾ ਸਿੰਘ ਤਬ ਯੋਂ ਕਹਯੋ 'ਰਾਤ ਨਾਓ ਤਬ ਚੋਰ।
ਨ੍ਹਾਵੋਗੇ ਹਮ ਦਿਨ ਬਿਖੈ ਸ੍ਰੀ ਸਤਿਗੁਰ ਕੇ ਜੋਰ।'

ਭਾਈ ਸੁੱਖਾ ਸਿੰਘ ਜੀ ਦੇ, (ਖਾਲਸੇ ਦੇ ਵਿਰੋਧੀ) ਕਰਮੇ ਛੀਨੇ ਨੂੰ ਮਾਰਨ ਸੰਬੰਧੀ ਵੀ ਸਿੱਖ ਇਤਿਹਾਸ ਗਵਾਹੀ ਭਰਦਾ ਹੈ। ਆਖਰ ਸੰਨ 1753 ਵਿਚ ਭਾਈ ਸੁੱਖਾ ਸਿੰਘ, ਦੁਰਾਨੀ ਫੌਜ ਦੇ ਨਾਲ ਲੜਦਾ ਹੋਇਆ ਲਾਹੌਰ ਦੇ ਨਜ਼ਦੀਕ ਸ਼ਹੀਦ ਹੋਇਆ।

**ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ :**

ਭਾਈ ਤਾਰੂ ਸਿੰਘ ਵੀ ਅਠਾਰਵੀਂ ਸਦੀ ਦੇ ਅਨੇਕ ਸਿੱਖ ਸ਼ਹੀਦਾਂ ਵਿਚੋਂ ਇਕ ਸਨ, ਜਿਨ੍ਹਾਂ ਨੇ ਇਸਲਾਮ ਕਬੂਲਣ ਤੋਂ ਨਾਂਹ ਕਰ ਕੇ ਰੰਬੇ ਨਾਲ ਧੜ ਤੋਂ ਖੋਪਰੀ ਵੱਖ ਕਰਵਾ ਵਾਹਿਗੁਰੂ ਦਾ ਭਾਣਾ ਮੰਨਿਆ।

ਭਾਈ ਤਾਰੂ ਸਿੰਘ ਪੂਲਾ ਪਿੰਡ ਦੇ ਨਿਵਾਸੀ ਸਨ, ਜੋ ਜ਼ਿਲ੍ਹਾ ਲਾਹੌਰ ਤਹਿਸੀਲ ਕਸੂਰ ਵਿਚ ਸਥਿਤ ਸੀ। ਭਾਈ ਤਾਰੂ



ਸਿੰਘ ਕਿਰਤ ਕਰ ਕੇ ਰੋਟੀ ਕਮਾਇਆ ਕਰਦੇ ਸਨ ਅਤੇ ਸਿੱਖ ਸੇਵਾ ਤੇ ਨਾਮ ਜਪਣ ਵਿਚ ਜੁੜੇ ਰਹਿੰਦੇ। ਨਿਰੰਜਣੀਏ ਮਹੰਤ ਨੇ ਖਾਨ ਬਹਾਦਰ ਜ਼ਕਰੀਆ ਖਾਨ ਪਾਸ ਝੂਠੀ ਸ਼ਿਕਾਇਤ ਕਰ ਕੇ ਭਾਈ ਤਾਰੂ ਸਿੰਘ ਨੂੰ ਪਕੜਾ ਦਿੱਤਾ ਕਿ ਉਹ ਡਾਕੂਆਂ ਦੀ ਸਹਾਇਤਾ ਕਰਦੇ ਹਨ। ਆਪ ਜੀ ਅੱਗੇ ਮੌਤ ਜਾਂ ਇਸਲਾਮ ਕਬੂਲਣ ਦੀ ਸ਼ਰਤ ਰੱਖੀ ਗਈ ਅਤੇ ਇਸਲਾਮ ਕਬੂਲਣ ਪ੍ਰਤੀ ਆਪ ਦੀ ਨਾਂਹ 'ਤੇ ਆਪ ਦੀ ਕੇਸਾਂ ਸਹਿਤ ਰੰਬੇ ਨਾਲ ਖੋਪਰੀ ਉਤਰਵਾ ਦਿੱਤੀ ਗਈ। ਆਪ ਜੀ ਨੇ ਇਹ ਸ਼ਾਂਤਮਈ ਸ਼ਹੀਦੀ ਸੰਨ 1745 ਈਸਵੀ ਵਿਚ ਪਾਈ। ਭਾਈ ਤਾਰੂ ਸਿੰਘ 'ਤੇ ਲਗਾਈ ਗਈ ਸ਼ਰਤ ਦਾ ਵਰਣਨ ਕਰਦੇ ਹੋਏ ਰਤਨ ਸਿੰਘ ਭੰਗੂ ਲਿਖਦੇ ਹਨ :

ਨਵਾਬ ਕਹੇ ਤੂੰ ਹੋ ਮੁਸਲਮਾਨ।
ਤਉ ਛਡਾਂਗਾ ਤੁਮਾਰੀ ਜਾਨ।
ਸਿੰਘ ਕਹਯੋਂ ਹਮ ਡਰ ਕਯਾ ਜਾਨੋ।
ਹਮ ਹੋਵੈ ਕਿਮ ਮੁਸਲਮਾਨੋਂ।
ਮੁਸਲਮਾਨ ਕਰ ਮਰੋ ਕਿ ਨਾਹੀਂ?

ਜੋ ਫਿਰ ਮਰੋਂ ਕਿਮ ਧਰਮ ਗਵਾਈ?

ਸਿੰਘ ਦੇ ਸਿਦਕ ਅੱਗੇ ਹਾਰ ਕੇ ਨਵਾਬ ਦੇ ਕ੍ਰੋਧੀ-ਭਰਪੂਰ ਹੁਕਮ ਦਾ ਵਰਣਨ ਭੰਗੂ ਨੇ ਇਸ ਪ੍ਰਕਾਰ ਕੀਤਾ ਹੈ :

ਇਸ ਕੀ ਖੋਪਰੀ ਸਾਥੇ ਬਾਲ।
ਕਾਟ ਉਤਾਰੋ ਰੰਬੀ ਨਾਲ।
ਤਬੈ ਕਸਾਇਕ ਵੈਸੀ ਕਰੀ।
ਪਰ ਪੈਨੀ ਸਿਰ ਰੰਬੀ ਧਰੀ।
ਪੈਨੀ ਥੀ ਰੰਬੀ ਕਰੀ ਧਰ ਮੱਥਯੋਂ ਦਈ ਦਬਾਇ।
ਮੱਥੇ ਤੇ ਕੰਨਾ ਤਈ ਗਿਚੀਓ ਦਈ ਪੁਟਾਇ।

## ਭਾਈ ਸੁਬੇਗ ਸਿੰਘ ਜੀ ਦੀ ਸ਼ਹੀਦੀ :

ਭਾਈ ਸੁਬੇਗ ਸਿੰਘ ਲਾਹੌਰ ਜ਼ਿਲ੍ਹੇ ਦੇ ਜੰਬਰ ਪਿੰਡ ਦੇ ਵਸਨੀਕ ਸਨ। ਆਪ ਮੁਗਲ ਸਰਕਾਰ ਦੇ ਕਰਮਚਾਰੀ ਸਨ। ਖਾਨ ਬਹਾਦਰ ਜ਼ਕਰੀਆ ਖਾਂ ਸੂਬੇਦਾਰ ਲਾਹੌਰ ਨੇ ਆਪ ਨੂੰ ਸੰਨ 1733 ਵਿਚ ਮੁਗਲ ਸਰਕਾਰ ਵੱਲੋਂ ਨਵਾਬੀ ਦਾ ਖਿਤਾਬ, ਖਾਲਸੇ ਲਈ ਇਕ ਲੱਖ ਰੁਪਏ ਦੀ ਜਾਗੀਰ ਦੀ ਸਨਦ ਅਤੇ ਇਕ ਵਡਮੁੱਲੀ ਖਿਲਤ ਸਹਿਤ ਅੰਮ੍ਰਿਤਸਰ ਭੇਜਿਆ ਤਾਂ ਜੋ ਖਾਲਸਾ ਸ਼ਾਂਤੀ ਰੱਖੇ, ਮੁਗਲ ਰਾਜ ਦੇ ਢਾਂਚੇ ਵਿਚ ਕੋਈ ਵਿਘਨ ਨਾ ਪਾਵੇ ਅਤੇ ਮੁਗਲ ਹਕੂਮਤ ਖਾਲਸੇ ਵੱਲੋਂ ਨਿਸ਼ਚਿੰਤ ਹੋ ਸਕੇ। ਖਾਲਸੇ ਨੇ ਪੰਥ ਸੇਵਕ ਕਪੂਰ ਸਿੰਘ ਜੀ ਨੂੰ ਇਹ ਖਿਲਤ ਦਿੱਤੀ ਜੋ ਪਿੱਛੋਂ ਨਵਾਬ ਕਪੂਰ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਏ। ਭਾਈ ਸੁਬੇਗ ਸਿੰਘ ਮੁਗਲ ਰਾਜ ਵਿਚ ਕੁੱਝ ਸਮੇਂ ਲਈ ਲਾਹੌਰ ਦੇ ਕੋਤਵਾਲ ਦੀ ਆਸਾਮੀ 'ਤੇ ਵੀ ਕੰਮ ਕਰਦੇ ਰਹੇ। ਆਪ ਫਾਰਸੀ ਦੇ ਕਹਿੰਦੇ ਕਹਾਉਂਦੇ ਵਿਦਵਾਨ ਸਨ।

ਸਿੱਖ ਮੱਤ ਦੇ ਅਨੁਯਾਈ ਹੋਣ ਕਾਰਨ ਆਪ ਬਹੁਤ ਦੇਰ ਤੱਕ ਮੁਗਲ ਸਰਕਾਰ ਦੀ ਸੇਵਾ ਵਿਚ ਨਾ ਰਹਿ ਸਕੇ ਅਤੇ ਆਪ 'ਤੇ ਸਰਕਾਰ ਵਿਰੋਧੀ ਰੁਚੀਆਂ ਦਾ ਇਲਜ਼ਾਮ ਲੱਗਾ ਕਿ ਮੌਤ ਜਾਂ ਇਸਲਾਮ ਕਬੂਲਣ ਲਈ ਕਿਹਾ ਗਿਆ। ਆਪ ਨੂੰ ਆਪ ਦੇ ਪੁੱਤਰ ਸ਼ਾਹਬਾਜ਼ ਸਿੰਘ ਦੇ ਨਾਲ ਹੀ 1745 ਈਸਵੀ ਵਿਚ ਚਰਖੜੀ 'ਤੇ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਗਿਆ।



ਭਾਈ ਸੁਬੇਗ ਸਿੰਘ ਦੀ ਸ਼ਹੀਦੀ ਦਾ ਵਰਣਨ ਭਾਈ ਰਤਨ ਸਿੰਘ ਭੰਗੂ ਨੇ ਇਉਂ ਕੀਤਾ ਹੈ :

ਕਹਯੋ ਨਵਾਬ ਤੁਮ ਆਵੋ ਦੀਨ,
ਲੇਵੋ ਦਾਮ ਔ ਕਾਮ ਜ਼ਮੀਨ।
ਨਹੀਂ ਤੋਂ ਮਰਨ ਕਰ ਮਨਜ਼ੂਰ,
ਚੜੋ ਚਰਖ ਗਿਰ ਹੋਵੇ ਚੂਰ।
ਸੁਬੇਗ ਸਿੰਘ ਤਬ ਕੁਰਨਸ਼ ਕਰੀ,
ਧੰਨ ਚਰਖੜੀ ਧੰਨ ਯਹ ਘਰੀ।
ਚਾੜ ਚਰਖੜੀ ਹਮੇਂ ਗਿਰਾਵੋ,
ਸੋ ਅਬ ਹਮ ਕੋ ਢੀਲ ਨ ਲਾਵੋਂ।
ਹਮ ਤੋ ਗੁਰ ਕੇ ਸਿਖ ਸਦਾਵੇਂ,
ਗੁਰ ਕੇ ਹੇਤ ਪ੍ਰਾਣ ਭੁਲ ਜਾਵੇਂ।

## ਸ਼ਾਹਬਾਜ਼ ਸਿੰਘ ਜੀ ਦੀ ਸ਼ਹੀਦੀ :

ਸਿੱਖ ਇਤਿਹਾਸਕਾਰ ਸ਼ਾਹਬਾਜ਼ ਸਿੰਘ ਦੀ ਸ਼ਹੀਦੀ ਦਾ ਕਾਰਨ ਕੱਟੜ ਲੋਕਾਂ ਦੀ ਉਸ ਵਿਰੁੱਧ ਸਰਕਾਰ ਅੱਗੇ ਸ਼ਿਕਾਇਤ ਦੱਸਦੇ ਹਨ ਕਿ ਉਹ ਸਿੱਖ ਧਰਮ ਦਾ ਮੰਡਨ ਅਤੇ ਇਸਲਾਮ ਦਾ ਖੰਡਨ ਕਰ ਰਿਹਾ ਸੀ। ਸ਼ਾਹਬਾਜ਼ ਸਿੰਘ ਲਾਹੌਰ ਦੇ ਫਾਰਸੀ ਮਕਤਬੇ ਵਿਚ ਵਿੱਦਿਆ ਪ੍ਰਾਪਤ ਕੀਤਾ ਕਰਦਾ ਸੀ। ਉਸ ਨੂੰ ਕੈਦ ਕਰ ਕੇ ਇਸਲਾਮ ਕਬੂਲਣ ਜਾਂ ਮੌਤ ਨੂੰ ਸੱਦਾ ਦੇਣ ਦੀ ਸ਼ਰਤ ਲਗਾਈ ਗਈ। ਉਸ ਦੇ ਇਸਲਾਮ ਨਾ ਕਬੂਲਣ 'ਤੇ ਉਸ ਨੂੰ ਉਸ ਦੇ ਪਿਤਾ ਭਾਈ ਸੁਬੇਗ ਸਿੰਘ ਦੇ ਨਾਲ ਹੀ ਚਰਖੜੀ 'ਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ।

## ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ :

ਬਾਬਾ ਦੀਪ ਸਿੰਘ ਜੀ ਦਾ ਨਾਮ ਸਿੱਖ ਇਤਿਹਾਸ ਵਿਚ ਇਕ ਸੁਨਹਿਰੀ ਮੁਨਾਰੇ ਦਾ ਕੰਮ ਕਰਦਾ ਹੈ। ਆਪ ਨੇ ਧਰਮ ਯੁੱਧ ਵਿਚ ਜਾਨ ਕੁਰਬਾਨ ਕੀਤੀ। ਆਪ ਜੀ ਖੈਰਾ ਗੋਤ ਦੇ ਜੱਟ ਘਰਾਣੇ ਵਿਚ ਪੈਦਾ ਹੋਏ। ਆਪ ਜੀ ਪਰਗਣਾ ਲਾਹੌਰ ਦੇ ਪਿੰਡ ਪਹੂਵਿੰਡ (ਅੱਜ ਕੱਲ੍ਹ ਜ਼ਿਲ੍ਹਾ ਅੰਮ੍ਰਿਤਸਰ) ਦੇ ਨਿਵਾਸੀ ਸਨ। ਆਪ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਜੁੱਟ ਕੇ ਮੁਗਲਾਂ ਵਿਰੁੱਧ ਯੁੱਧ ਲੜੇ। ਦਲ ਖਾਲਸੇ ਦੀਆਂ 18ਵੀਂ ਸਦੀ ਦੀਆਂ ਲੜਾਈਆਂ ਵਿਚ ਆਪ ਨੇ ਵੱਧ ਚੜ੍ਹ ਕੇ ਹਿੱਸਾ ਪਾਇਆ।



ਆਪ ਸ਼ਹੀਦਾਂ ਦੀ ਮਿਸਲ ਦੇ ਮੁਖੀ ਸਨ।

ਅੰਤ 1760 ਈਸਵੀ ਨੂੰ ਆਪ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਹਿਤ ਰਾਮਸਰ ਦੇ ਨਜ਼ਦੀਕ ਧਰਮ ਯੁੱਧ ਵਿਚ ਸ਼ਹੀਦੀ ਪ੍ਰਾਪਤ ਕਰ ਗਏ। ਆਪ ਦਾ ਸ਼ੁਮਾਰ ਮਹਾਨ ਅਤੇ ਹੱਠੀ ਸਿੰਘਾਂ ਵਿਚ ਕੀਤਾ ਜਾਂਦਾ ਹੈ।

**ਸ਼ਹੀਦ ਗੁਰਬਖਸ਼ ਸਿੰਘ ਜੀ :**

ਆਪ ਪਿੰਡ ਲੀਲ ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ ਅਤੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛੱਕ ਕੇ ਸਿੰਘ ਸਜੇ ਸਨ। ਆਪ ਸ਼ਹੀਦਾਂ ਦੀ ਮਿਸਲ ਦੇ ਮੁਖੀਆਂ ਵਿਚ ਸ਼ੁਮਾਰ ਕੀਤੇ ਜਾਂਦੇ ਸਨ। ਆਪ ਨੇ ਸੰਨ 1765 ਵਿਚ ਦੁਰਾਨੀ ਫੌਜ ਤੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਕੇਵਲ ਤੀਹ ਸਿੰਘਾਂ ਨਾਲ ਇਤਨੇ ਜ਼ੋਰ ਸ਼ੋਰ ਅਤੇ ਉਤਸ਼ਾਹ ਨਾਲ ਰੱਖਿਆ ਕੀਤੀ ਕਿ ਹਰਿਮੰਦਰ ਸਾਹਿਬ ਵਿਖੇ ਹੋਈ ਲੜਾਈ ਦੇ ਦੌਰਾਨ, ਦੁਰਾਨੀ ਫੌਜ ਨੂੰ ਕਿੰਨੀ ਦੇਰ ਤੱਕ ਇਹ ਅਨੁਭਵ ਰਿਹਾ ਕਿ ਉਨ੍ਹਾਂ ਦਾ ਮੁਕਾਬਲਾ ਸਿੰਘਾਂ ਦੀ ਭਾਰੀ ਫੌਜ ਕਰ ਰਹੀ ਹੈ। ਆਪ ਬੜੀ ਦਲੇਰੀ ਦਾ ਸਬੂਤ ਦਿੰਦੇ ਹੋਏ ਧਰਮ ਯੁੱਧ ਵਿਚ ਸ਼ਹੀਦ ਹੋਏ। ਆਪ ਦਾ ਸ਼ਹੀਦੀ ਅਸਥਾਨ ਅਕਾਲ ਬੁੰਗਾ ਅੰਮ੍ਰਿਤਸਰ ਦੇ ਪਿਛੋਕੜ ਵਿਚ ਸਥਿਤ ਹੈ।

ਸ਼ਹੀਦੀਆਂ ਦੇ ਉਪਰੋਕਤ ਸਰਵੇਖਣ ਤੋਂ ਉਪਰੰਤ ਅਸੀਂ ਇਹ ਕਹਿ ਸਕਦੇ ਹਾਂ ਕਿ ਸਿੱਖ ਧਰਮ ਦੀ ਸਥਾਪਨਾ ਤੋਂ ਸਿੱਖ ਰਾਜ ਦੇ ਅੰਤ ਤੱਕ ਹੋਈਆਂ ਕੁਰਬਾਨੀਆਂ ਵਡਮੁੱਲੀ ਇਤਿਹਾਸਕ ਕਦਰ ਕੀਮਤ ਰੱਖਦੀਆਂ ਹਨ, ਜਿਨ੍ਹਾਂ ਨੂੰ ਜਾਨਣਾ ਸਿੱਖੀ ਦੇ ਇਤਿਹਾਸ ਨੂੰ ਦੁਹਰਾਉਣਾ ਹੈ।

❋❋❋

– ਗੁਰਬਚਨ ਸਿੰਘ ਨਈਅਰ

# ਖ਼ਤਰਨਾਕ ਹੋ ਸਕਦੈ

ਬੰਦੇ ਦਾ ਰੱਬ ਬਣਨਾ ਖ਼ਤਰਨਾਕ ਹੋ ਸਕਦਾ ਹੈ
ਗ਼ਰੂਰ ਸਿਰ ’ਤੇ ਚੜ੍ਹਨਾ ਖ਼ਤਰਨਾਕ ਹੋ ਸਕਦਾ ਹੈ।

ਕੁੱਝ ਨਹੀਂ ਪਤਾ ਹੁੰਦਾ ਰੱਬ ਦਿਆਂ ਰੰਗਾਂ ਦਾ ਬੰਦਿਆਂ
ਜਾਣ ਬੁੱਝ ਕੇ ਨੁਕਸਾਨ ਕਰ ਜਾਣਾ ਖ਼ਤਰਨਾਕ ਹੋ ਸਕਦਾ ਹੈ।

ਮਿਹਨਤ ਨਾਲ ਨਿਭਾ ਜ਼ਿੰਮੇਵਾਰੀ ਆਪਣੀ
ਦੂਜੇ ਆਸਰੇ ਰਹਿ ਜਾਣਾ ਖ਼ਤਰਨਾਕ ਹੋ ਸਕਦਾ ਹੈ।

ਪੈਰ ਪਸਾਰ ਜ਼ਰਾ ਤੂੰ ਚਾਦਰ ਦੇਖ ਕੇ ਆਪਣੀ
ਵਿੱਤੋਂ ਬਾਹਰ ਹੋ ਰਹਿ ਜਾਣਾ ਖ਼ਤਰਨਾਕ ਹੋ ਸਕਦਾ ਹੈ।

ਕਰੀਂ ਨਾ ਧਿਆਨ ਐਵੇਂ ਇਧਰ ਉਧਰ ਦੀਆਂ ਗੱਲਾਂ ’ਚ
ਚੁਗਲਖੋਰਾਂ ਨਾਲ ਰਲ ਜਾਣਾ ਖ਼ਤਰਨਾਕ ਹੋ ਸਕਦਾ ਹੈ।

ਬੋਲਣ ਤੋਂ ਪਹਿਲਾਂ ਤੋਲ ਲਈ ਲਫ਼ਜ਼ਾਂ ਨੂੰ ਆਪਣੇ
ਭਾਵੁਕ ਹੋ ਕੇ ਕਹਿ ਜਾਣਾ ਖ਼ਤਰਨਾਕ ਹੋ ਸਕਦਾ ਹੈ।

ਨਵੀਂ ਹਵਾ ਦੇ ਰੰਗ ਢੰਗ ਦਾ ਸ਼ੌਂਕੀ ਹੋ ਗਇਓ
ਵਿਰਸੇ ਨਾਲ ਟੁੱਟ ਜਾਣਾ ਖ਼ਤਰਨਾਕ ਹੋ ਸਕਦਾ ਹੈ।

ਸੂਝਵਾਨ ਤੇ ਪੜ੍ਹ ਲਿਖ ਕੇ ਰੁੱਤਬੇ ਨੂੰ ਪਹੁੰਚਿਆ ਏ
ਜ਼ੁਲਮ ਝੂਠ ਖਿਲਾਫ਼ ਚੁੱਪ ਰਹਿਣਾ ਖ਼ਤਰਨਾਕ ਹੋ ਸਕਦਾ ਹੈ।

ਸੱਚ ਨੂੰ ਸਾਂਭ ਕੇ ਰੱਖੀਂ, ਵਕਤ ਤੇਰਾ ਵੀ ਆਵੇਗਾ
ਝੂਠਿਆਂ ਕੋਲ ਭੇਤ ਦੱਸ ਜਾਣਾ ਖ਼ਤਰਨਾਕ ਹੋ ਸਕਦਾ ਹੈ।

– ਡਾ. ਅਮਨਪ੍ਰੀਤ ਸਿੰਘ
ਐਮ.ਏ. (ਪੰਜਾਬੀ ਤੇ ਰਿਲੀਜ਼ਨ), ਬੀ.ਐਡ. ਪੀ.ਐਚ.ਡੀ.





## ਅਮਰੀਕੀ ਕਾਂਗਰਸ ਦੇ ਸੈਨੇਟਰਾਂ ਦਾ ਵਫਦ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਹੋਇਆ ਨਤਮਸਤਕ

ਅਮਰੀਕੀ ਕਾਂਗਰਸ ਦੇ ਸੈਨੇਟਰਾਂ ਦਾ ਇਕ ਵਫਦ ਅੱਜ ਚਾਰਲਜ਼ ਸ਼ੂਮਰ ਦੀ ਅਗਵਾਈ ਹੇਠ ਇਥੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਨਤਮਸਤਕ ਹੋਇਆ। ਵਫਦ ਮੈਂਬਰਾਂ ਨੇ ਨਤਮਸਤਕ ਹੋਣ ਬਾਅਦ ਕੁਝ ਸਮਾਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਸੁਣਿਆ ਜਿਸ ਮਗਰੋਂ ਵਫਦ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਸਿਰੋਪਾਓ ਬਖਸ਼ਿਸ਼ ਕਰਕੇ ਤੇ ਯਾਦਚਿੰਨ ਭੇਂਟ ਕਰ ਕੇ ਸਨਮਾਨ ਕੀਤਾ। ਇਸ ਮੌਕੇ ਵਫਦ ਦੇ ਆਗੂ ਚਾਰਲਜ਼ ਸ਼ੂਮਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹਨਾਂ ਦੀ ਅਗਵਾਈ ਹੇਠ ਆਇਆ ਸੈਨੇ ਟਰਾਂ ਦਾ ਵਫਦ ਹੁਣ ਤੱਕ ਭਾਰਤ ਦੌਰੇ ’ਤੇ ਆਏ ਵਫਦਾਂ ਵਿਚੋਂ ਸਭ ਤੋਂ ਵੱਡਾ ਹੈ। ਉਹਨਾਂ ਕਿਹਾ ਕਿ ਸਾਨੂੰ ਅੱਜ ਇਸ ਪਵਿੱਤਰ ਅਸਥਾਨ ’ਤੇ ਨਤਮਸਤਕ ਹੋ ਕੇ ਬਹੁਤ ਚੰਗਾ ਲੱਗਾ। ਇਥੇ ਆ ਕੇ ਸਾਨੂੰ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਦਾ ਪਤਾ ਲੱਗਾ ਤੇ ਸਿੱਖਾਂ ਦੇ ਅਮੀਰ ਤੇ ਗੌਰਵਮਈ ਇਤਿਹਾਸ ਦੀ ਜਾਣਕਾਰੀ ਮਿਲੀ। ਉਹਨਾਂ ਕਿਹਾ ਕਿ ਅਮਰੀਕਾ ਵਿਚ ਸਿੱਖ ਕੌਮ ਨਾਲ ਸਾਡੇ ਬਹੁਤ ਨਿੱਘੇ ਰਿਸ਼ਤੇ ਹਨ ਅਤੇ ਅਸੀਂ ਆਪਸੀ ਰਿਸ਼ਤਿਆਂ ਨੂੰ ਬਹੁਤ ਸਤਿਕਾਰ ਤੇ ਆਦਰ ਦਿੰਦੇ ਹਾਂ। ਸ. ਕਾਲਕਾ ਤੇ ਸ. ਕਾਹਲੋਂ ਨੇ ਦੱਸਿਆ ਕਿ ਵਫਦ ਨੇ ਇਥੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਹਨ, ਉਥੇ ਹੀ ਗੁਰਦੁਆਰਾ ਸਾਹਿਬ ਦੇ ਇਤਿਹਾਸ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਹਾਸਲ ਕੀਤੀ ਹੈ। ਇਸ ਤਰੀਕੇ ਦੇ ਵਫਦਾਂ ਦੇ ਆਉਣ ਨਾਲ ਦੇਸ਼ ਤੇ ਦੁਨੀਆਂ ਵਿਚ ਬੈਠੇ ਸਿੱਖ ਭਾਈਚਾਰੇ ਦੇ ਮੈਂਬਰਾਂ ਦੀ ਹੌਂਸਲਾ ਅਫਜ਼ਾਈ ਹੁੰਦੀ ਹੈ। ਸਿੱਖ ਭਾਈਚਾਰਾ ਅਮਰੀਕਾ ਹੀ ਨਹੀਂ ਬਲਕਿ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਰਹਿ ਰਿਹਾ ਹੈ ਤੇ ਉਹਨਾਂ ਮੁਲਕਾਂ ਦੀ ਆਰਥਿਕ ਤਰੱਕੀ ਤੇ ਵਿਕਾਸ ਵਿਚ ਸਿੱਖਾਂ ਦਾ ਵੱਡਾ ਯੋਗਦਾਨ ਹੈ। ਅਜਿਹੇ ਵਫਦਾਂ ਦੇ ਆਉਣ ਨਾਲ ਸਿੱਖਾਂ ਦੀ ਸਥਾਨਕ ਲੋਕਾਂ ਨਾਲ ਸਾਂਝ ਹੋਰ ਮਜ਼ਬੂਤ ਹੁੰਦੀ ਹੈ।

## ਹੁਣ ਸੰਗਤਾਂ ਗੁਰਬਾਣੀ ਵਿਚਾਰ ਤੇ ਕੀਰਤਨ ਦੇ ਨਾਲ ਗੋਲਕ ਦੀ ਗਿਣਤੀ ਹੁੰਦੀ ਲਾਈਵ ਵੇਖ ਸਕਣਗੀਆਂ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਕਮੇਟੀ ਦੇ ਕੰਮਕਾਜ ਵਿਚ ਹੋਰ ਪਾਰਦਰਸ਼ਤਾ ਲਿਆਉਂਦਿਆਂ ਇਤਿਹਾਸਕ ਗੁਰੂ ਘਰਾਂ ਵਿਚ ਗੋਲਕ ਦੀ ਮਾਇਆ ਦੀ ਗਿਣਤੀ ਨੂੰ ਆਨਲਾਈਨ ਕਰਵਾ ਦਿੱਤਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸ. ਕਾਲਕਾ ਤੇ ਸ. ਕਾਹਲੋਂ ਨੇ ਕਿਹਾ ਕਿ ਗੁਰੂ ਘਰ ਵਿਚ ਗੋਲਕ ਦੀ ਮਾਇਆ ਦੀ ਗਿਣਤੀ ਨੂੰ ਆਨਲਾਈਨ ਕਰਨਾ ਇਕ ਨਿਵੇਕਲਾ ਉਪਰਾਲਾ ਹੈ ਜੋ ਇਸ ਵੇਲੇ ਹੋਰ ਕਿਸੇ ਵੀ ਥਾਂ ਵੇਖਣ ਲਈ ਉਪਲਬਧ ਨਹੀਂ ਹੈ। ਉਹਨਾਂ ਕਿਹਾ ਕਿ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ ਸਮਰਪਿਤ ਦਿੱਲੀ ਗੁਰਦੁਆਰਾ ਕੇ ਮਟੀ ਦੇ ਇਤਿਹਸ ਵਿਚ ਪਹਿਲੀਵਾਰ ਗੋਲਕ ਗਿਣਤੀ ਸੇਵਾ ਦਾ ਲਾਈਵ ਟੈਲੀਕਾਸਟ ਸ਼ੁਰੂ ਹੋਇਆ ਹੈ। ਉਹਨਾਂ ਕਿਹਾ ਕਿ ਹੁਣ ਸੰਗਤਾਂ ਦਿੱਲੀ ਦੇ ਇਤਿਹਾਸਕ ਗੁਰੂ ਘਰਾਂ ਵਿਚ ਗੁਰਬਾਣੀ ਵਿਚਾਰ ਤੇ ਕੀਰਤਨ ਲਾਈਵ ਵੇਖਣ ਦੇ ਨਾਲ ਨਾਲ ਗੁਰੂ ਦੀ ਗੋਲਕ ਦੀ ਮਾਇਆ ਦੀ ਗਿਣਤੀ ਵੀ ਲਾਈਵ ਵੇਖ ਸਕਣਗੀਆਂ ਤੇ ਇਸ ਵਾਸਤੇ ਫੇਸਬੁੱਕ ’ਤੇ ਜਾ ਕੇ ਪੇਜ ਗੋਲਕ ਲਾਈਵ (GOLAK LIVE) ਰਾਹੀਂ ਦਿੱਲੀ ਦੇ ਗੁਰੂ ਘਰਾਂ ਅਤੇ ਕਮੇਟੀ ਅਧੀਨ ਆਉਂਦੇ ਹੋਰ ਪ੍ਰਬੰਧਾਂ ਵਿਚ ਗੁਰੂ ਦੀ ਗੋਲਕ ਦੀ ਗਿਣਤੀ ਲਾਈਵ ਵੇਖੀ ਜਾ ਸਕੇਗੀ। ਉਹਨਾਂ ਕਿਹਾ ਕਿ ਕਮੇਟੀ ਨੇ ਆਪਣਾ ਕੰਮ ਹਮੇਸ਼ਾ ਪਾਰਦਰਸ਼ੀ ਢੰਗ ਨਾਲ ਕੀਤਾ ਹੈ ਤੇ ਸੰਗਤਾਂ ਵੱਲੋਂ ਗੁਰੂ ਕੀ ਗੋਲਕ ਵਿਚ ਪਾਈ ਦਸਵੰਧ ਦੀ ਸਦਵਰਤੋਂ ਕਰਨਾ ਸਾਡਾ ਫਰਜ਼ ਬਣਦਾ ਹੈ। ਉਹਨਾਂ ਕਿਹਾ ਕਿ ਇਸ ਕੰਮਕਾਜ ਨੂੰ ਹੋਰ ਪਾਰਦਰਸ਼ੀ ਬਣਾਉਣ ਵਾਸਤੇ ਇਹ ਉਪਰਾਲਾ ਕੀਤਾ ਗਿਆ ਹੈ ਤੇ ਆਸ ਪ੍ਰਗਟ ਕੀਤੀ ਕਿ ਸੰਗਤਾਂ ਇਸ ਸਹੂਲਤ ਦਾ ਲਾਭ ਲੈਣਗੀਆਂ।



## ਸੱਚਖੰਡ ਫਾਊਂਡੇਸ਼ਨ ਨੇ ਦਿੱਲੀ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਲਗਾਇਆ ਬੂਟਾ ਪ੍ਰਸ਼ਾਦ ਦਾ ਲੰਗਰ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਤਵੇਂ ਗੁਰੂ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਗੁਰਮਤਿ ਸਮਾਗਮ ਹੋਏ ਤੇ ਮੁੱਖ ਸਮਾਗਮ ਗੁਰਦੁਆਰਾ ਬੰਗਲਾ ਸਾਹਿਬ ਵਿਚ ਹੋਇਆ, ਜਿਥੇ ਸੱਚਖੰਡ ਫਾਊਂਡੇਸ਼ਨ ਨੇ ਦਿੱਲੀ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਬੂਟਾ ਪ੍ਰਸ਼ਾਦ ਦਾ ਲੰਗਰ ਲਗਾਇਆ। ਇਸ ਮੌਕੇ ਵਿਸ਼ੇਸ਼ ਤੌਰ ’ਤੇ ਪਹੁੰਚੇ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਗੁਰੂ ਸਾਹਿਬ ਵੱਲੋਂ ਕੁਦਰਤ ਦੀ ਦੇਣ ਨੂੰ ਸੰਭਾਲਣ ਲਈ ਦਿੱਤੇ ਸੰਦੇਸ਼ ’ਤੇ ਚਲਦਿਆਂ ਇਹ ਲੰਗਰ ਲਗਾਇਆ ਗਿਆ। ਉਹਨਾਂ ਕਿਹਾ ਕਿ ਗੁਰੂ ਸਾਹਿਬ ਸਾਨੂੰ ਕੁਦਰਤ ਨਾਲ ਜੋੜ ਕੇ ਗਏ ਅਤੇ ਸਾਨੂੰ ਜੀਵਨ ਜਾਚ ਸਿਖਾ ਕੇ ਗਏ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਬਾਲਾ ਪ੍ਰੀਤਮ ਦਵਾਖਾਨਾ ਤੇ ਹੋਰ ਸੇਵਾਵਾਂ ਅਸੀਂ ਗੁਰੂ ਸਾਹਿਬ ਦੇ ਦਰਸਾਏ ਮਾਰਗ ’ਤੇ ਚਲਦਿਆਂ ਹੀ ਸ਼ੁਰੂ ਕੀਤੀਆਂ ਹਨ। ਅੱਜ ਸਾਡੇ ਲਈ ਸਮੇਂ ਦੀ ਜ਼ਰੂਰਤ ਹੈ ਕਿ ਅਸੀਂ ਗੁਰੂ ਸਾਹਿਬ ਦੇ ਕਹਿਣ ਮੁਤਾਬਕ ਅਸੀਂ ਆਪਣੀ ਕੁਦਰਤ ਨੂੰ ਸੰਭਾਲ ਕੇ ਰੱਖੀਏ।





## ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਗੁਰਦੁਆਰਾ ਮਜਨੂੰ ਕਾ ਟਿੱਲਾ ਵਿਖੇ ਆਟਾ ਚੱਕੀ ਲਈ ਬਣਾਏ ਤਿੰਨ ਕਮਰੇ ਸੰਗਤਾਂ ਦੇ ਸਪੁਰਦ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਨੇ ਗੁਰਦੁਆਰਾ ਮਜਨੂੰ ਕਾ ਟਿੱਲਾ ਵਿਖੇ ਆਟਾ ਚੱਕੀ ਵਾਸਤੇ ਬਣਾਏ ਤਿੰਨ ਵੱਡੇ ਹਾਲ ਕਮਰੇ ਸੰਗਤਾਂ ਨੂੰ ਸਮਰਪਿਤ ਕੀਤੇ। ਸ. ਕਾਲਕਾ ਨੇ ਦੱਸਿਆ ਕਿ ਇਹ ਕਮਰੇ ਬਾਬਾ ਬਚਨ ਸਿੰਘ ਕਾਰ ਸੇਵਾ ਵਾਲਿਆਂ ਤੇ ਸਮੁੱਚੀ ਟੀਮ ਵੱਲੋਂ ਤਿਆਰ ਕੀਤੇ ਗਏ ਹਨ, ਜਿਸ ਲਈ ਉਹ ਬਾਬਾ ਬਚਨ ਸਿੰਘ ਕਾਰ ਸੇਵਾ ਵਾਲਿਆਂ, ਬਾਬਾ ਸੁਰਿੰਦਰ ਸਿੰਘ ਤੇ ਬਾਬਾ ਰਵੀ ਸਿੰਘ ਸਮੇਤ ਸਮੁੱਚੀ ਸੰਪਰਦਾ ਦਾ ਧੰਨਵਾਦ ਕਰਦੇ ਹਨ ਜਿਹਨਾਂ ਨੇ ਦਿਨ ਰਾਤ ਮਿਹਨਤ ਕਰ ਕੇ ਇਹ ਕਮਰੇ ਤਿਆਰ ਕੀਤੇ ਹਨ। ਉਹਨਾਂ ਦੱਸਿਆ ਕਿ ਸੰਗਤਾਂ ਗੁਰਦੁਆਰਾ ਸਾਹਿਬ ਵਿਚ ਕਣਕ ਦੇਕੇ ਜਾਂਦੀ ਹਨ ਅਤੇ ਕਣਕ ਦੀ ਪਿਸਾਈ ਇਸ ਚੱਕੀ ਵਿਚ ਕਰ ਕੇ ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ ਬਣਨ ਵਾਸਤੇ ਦੇਗ ਵਾਸਤੇ ਆਟਾ ਇਥੋਂ ਹੀ ਭੇਜਿਆ ਜਾਂਦਾ ਹੈ। ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਅਮਰਜੀਤ ਸਿੰਘ ਪਿੰਕੀ ਅਤੇ ਸ. ਸਰਵਜੀਤ ਸਿੰਘ ਵਿਰਕ ਵੀ ਹਾਜ਼ਰ ਸਨ।





## ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨਿਹਾਲ ਵਿਹਾਰ ਵਿਖੇ ਸਪੋਰਟਸ ਜ਼ੋਨ ਦਾ ਕੀਤਾ ਉਦਘਾਟਨ

ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਨੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨਿਹਾਲ ਵਿਹਾਰ (ਚੰਦਰ ਵਿਹਾਰ) ਵਿਖੇ ਸਪੋਰਟਸ ਜ਼ੋਨ ਦਾ ਉਦਘਾਟਨ ਕੀਤਾ। ਸ. ਕਾਲਕਾ ਅਤੇ ਸ. ਕਾਹਲੋਂ ਨੇ ਕਿਹਾ ਕਿ ਕਮੇਟੀ ਵੱਲੋਂ ਚਲਾਏ ਜਾ ਰਹੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਵਿਚ ਸਿੱਖਿਆ ਦੇ ਨਾਲ-ਨਾਲ ਬੱਚਿਆਂ ਨੂੰ ਖੇਡਾਂ ਨਾਲ ਵੀ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਸਕੂਲ ਵਿਚ ਬੱਚਿਆਂ ਨੂੰ ਸ਼ੂਟਿੰਗ, ਟੇਬਲ ਟੈਨਿਸ, ਸ਼ਤਰੰਗ, ਕੈਰਮ ਬੋਰਡ ਅਤੇ ਸਕੇਟਿੰਗ ਵਰਗੀਆਂ ਖੇਡਾਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਕਮੇਟੀ ਦੇ ਮੈਂਬਰ ਸ. ਸੁਰਜੀਤ ਸਿੰਘ ਜੀਤੀ ਅਤੇ ਸਾਬਕਾ ਮੈਂਬਰ ਸ. ਨਿਸ਼ਾਨ ਸਿੰਘ ਮਾਨ ਦੇ ਨਾਲ ਸਟਾਫ ਵਿਚ ਸ. ਸੁਰਿੰਦਰ ਸਿੰਘ ਲਾਂਬਾ ਵਰਗੀਆਂ ਸ਼ਖਸੀਅਤਾਂ ਇਸ ਸਕੂਲ ਨੂੰ ਪੂਰੀ ਕਾਮਯਾਬੀ ਨਾਲ ਚਲਾਉਣ ਵਿਚ ਬਣਦਾ ਯੋਗਦਾਨ ਪਾ ਰਹੀਆਂ ਹਨ। ਸਾਡਾ ਇਹ ਯਤਨ ਹੈ ਕਿ ਸਾਰੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਵਿਚ ਖੇਡਾਂ ਨੂੰ ਵੀ ਪ੍ਰਫੁੱਲਤ ਕੀਤਾ ਜਾਵੇ ਤੇ ਇਸੇ ਵਾਸਤੇ ਅਸੀਂ ਲੰਬੇ ਸਮੇਂ ਤੋਂ ਬੰਦ ਪਏ ਖੇਡ ਮੁਕਾਬਲੇ ਵੀ ਦੁਬਾਰਾ ਸ਼ੁਰੂ ਕਰਵਾਏ ਹਨ।

## ਗੁਰੂ ਹਰਿਕ੍ਰਿਸ਼ਨ ਹਸਪਤਾਲ, ਗੁਰਦੁਆਰਾ ਬੰਗਲਾ ਸਾਹਿਬ 'ਚ ਕੈਂਸਰ ਦੇ ਮਰੀਜ਼ਾਂ ਲਈ 9 ਕਰੋੜ ਰੁਪਏ ਦੀ ਲਾਗਤ ਨਾਲ ਲੱਗੇਗੀ ਪੈਟ ਸਕੈਨ ਮਸ਼ੀਨ

ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਗੁਰਦੁਆਰਾ ਬੰਗਲਾ ਸਾਹਿਬ ਕੰਪਲੈਕਸ ਵਿਚ ਚਲਾਏ ਜਾ ਰਹੇ ਗੁਰੂ ਹਰਿਕ੍ਰਿਸ਼ਨ ਹਸਪਤਾਲ ਵਿਚ ਕੈਂਸਰ ਦੇ ਮਰੀਜ਼ਾਂ ਲਈ 9 ਕਰੋੜ ਰੁਪਏ ਦੀ ਲਾਗਤ ਨਾਲ ਪੈਟ ਸਕੈਨ ਮਸ਼ੀਨ ਲਗਾਈ ਜਾਵੇਗੀ। ਉਹਨਾਂ ਦੱਸਿਆ ਕਿ ਇਹ 9 ਕਰੋੜ ਰੁਪਏ ਦੀ ਮਸ਼ੀਨ ਅਮਰੀਕਾ ਤੋਂ ਮੰਗਵਾਈ ਜਾਵੇਗੀ ਅਤੇ ਅਗਲੇ 6 ਮਹੀਨਿਆਂ ਦੇ ਅੰਦਰ-ਅੰਦਰ ਗੁਰਦੁਆਰਾ ਬੰਗਲਾ ਸਾਹਿਬ ਪਹੁੰਚ ਜਾਵੇਗੀ। ਉਹਨਾਂ ਦੱਸਿਆ ਕਿ ਟੀ ਸੀਰੀਜ਼ ਦੇ ਮਾਲਕ ਗੁਲਸ਼ਨ ਕੁਮਾਰ ਦੀ ਧਰਮ ਪਤਨੀ ਤੇ ਬੇਟੀ ਨੇ ਇਸ ਬਾਬਤ ਗੁਰੂ ਹਰਿਕ੍ਰਿਸ਼ਨ ਹਸਪਤਾਲ ਦੇ ਚੇਅਰਮੈਨ ਸਰਦਾਰ ਭੁਪਿੰਦਰ ਸਿੰਘ ਭੁੱਲਰ ਨਾਲ ਇਹ ਮਸ਼ੀਨ ਦੇਣ ਵਾਸਤੇ ਐਮ ਓ ਯੂ 'ਤੇ ਹਸਤਾਖ਼ਰ ਕੀਤੇ ਹਨ। ਮਸ਼ੀਨ ਦਾ ਸਾਰਾ ਖਰਚ ਗੁਲਸ਼ਨ ਕੁਮਾਰ ਦਾ ਪਰਿਵਾਰ ਚੁੱਕ ਰਿਹਾ ਹੈ। ਸ. ਕਾਲਕਾ ਤੇ ਸ. ਕਾਹਲੋਂ ਨੇ ਦੱਸਿਆ ਕਿ ਸੰਗਤਾਂ ਲਈ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਪਰਾਲੇ ਤਹਿਤ ਹੁਣ ਕੈਂਸਰ ਮਰੀਜ਼ਾਂ ਵਾਸਤੇ ਇਹ ਪੈਟ ਮਸ਼ੀਨ ਲਗਵਾਈ ਜਾ ਰਹੀ ਹੈ। ਇਸ ਤੋਂ ਪਹਿਲਾਂ ਡਾਇਲਿਸਿਸ ਦੇ ਮਰੀਜ਼ਾਂ ਵਾਸਤੇ ਇਥੇ ਮਸ਼ੀਨਾਂ ਲਗਵਾਈਆਂ ਗਈਆਂ ਹਨ ਤੇ ਲੋੜਵੰਦਾਂ ਨੂੰ ਮੁਫਤ ਟੈਸਟ ਦੀ ਸਹੂਲਤ ਦਿੱਤੀ ਗਈ ਹੈ। ਇਸ ਦੇ ਨਾਲ ਹੀ ਨਾਂ ਬਾਲਾ ਪ੍ਰੀਤਮ ਦਵਾਖਾਨਿਆਂ ਰਾਹੀਂ ਬਜ਼ਾਰ ਨਾਲੋਂ 90 ਫੀਸਦੀ ਸਸਤੀਆਂ ਦਵਾਈਆਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਆਉਂਦੇ ਸਮੇਂ ਵਿਚ ਇਹਨਾਂ ਸਿਹਤ ਸਹੂਲਤਾਂ ਵਿਚ ਹੋਰ ਵਾਧਾ ਵੀ ਕੀਤਾ ਜਾਵੇਗਾ।



## ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਗੁਰਦੁਆਰਾ ਭਾਈ ਲਾਲੋ ਜੀ ਰਾਣੀ ਬਾਗ ਵਿਖੇ ਨਵੇਂ ਦਰਬਾਰ ਹਾਲ ਦਾ ਉਦਘਾਟਨ

ਦਿੱਲੀ ਕਮੇਟੀ ਵੱਲੋਂ ਗੁਰਦੁਆਰਾ ਭਾਈ ਲਾਲੋ ਜੀ ਰਾਣੀ ਬਾਗ ਵਿਖੇ ਨਵੇਂ ਬਣੇ ਦਰਬਾਰ ਹਾਲ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਸਮੇਤ ਦਿੱਲੀ ਕਮੇਟੀ ਦੇ ਅਹੁਦੇਦਾਰ, ਮੈਂਬਰ ਤੇ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ। ਸਮਾਗਮ ਨੂੰ ਸੰਬੋਧਨ ਕਰਦਿਆਂ ਸ. ਹਰਮੀਤ ਸਿੰਘ ਕਾਲਕਾ ਤੇ ਸ. ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਇਹ ਮੈਨੇਜਮੈਂਟ ਕਮੇਟੀ ਦਾ ਬਹੁਤ ਸੋਹਣਾ ਉਪਰਾਲਾ ਹੈ ਜਿਸਨੇ ਗੁਰੂ ਘਰ ਦਾ ਸੁੰਦਰੀਕਰਨ ਕੀਤਾ ਹੈ। ਉਹਨਾਂ ਕਿਹਾ ਕਿ ਖੁਸ਼ੀ ਵਾਲੀ ਗੱਲ ਹੈ ਕਿ ਦਿੱਲੀ ਦੇ ਮੁੱਖ ਗੁਰਦੁਆਰਾ ਸਾਹਿਬਾਨ ਵਾਂਗ ਹੀ ਇਹ ਗੁਰਦੁਆਰਾ ਸਾਹਿਬ ਤਿਆਰ ਕਰਨ ਵਾਸਤੇ ਸੰਗਤਾਂ ਦਾ ਸਾਥ ਲੈ ਕੇ ਚੰਗਾ ਉਪਰਾਲਾ ਕੀਤਾ ਗਿਆ ਹੈ। ਭਵਿੱਖ ਵਿੱਚ ਜੋੜਾ ਘਰ ਤੇ ਲੰਗਰ ਹਾਲ ਦਾ ਕੰਮ ਵੀ ਇਸੇ ਤਰ੍ਹਾਂ ਪ੍ਰਵਾਨ ਚੜ੍ਹੇਗਾ। ਉਹ ਇਸ ਕਾਰਜ ਵਾਸਤੇ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਸਰਦਾਰ ਰਮੀਤ ਸਿੰਘ ਸਮਾਰਟੀ ਚੱਢਾ, ਇਲਾਕੇ ਦੀਆਂ ਇਸਤਰੀ ਸਤਿਸੰਗ ਦੀਆਂ ਭੈਣਾਂ ਦਾ ਅਤੇ ਹੋਰ ਸੰਗਤਾਂ ਦਾ ਧੰਨਵਾਦ ਕਰਦੇ ਹਨ। ਇਸ ਮੌਕੇ ਸ. ਆਤਮਾ ਸਿੰਘ ਲੁਬਾਣਾ, ਸ. ਐਮ. ਪੀ. ਐਸ ਚੱਢਾ, ਸ. ਹਰਜੀਤ ਸਿੰਘ ਪੱਪਾ, ਸ. ਸੁਖਬੀਰ ਸਿੰਘ ਕਾਲੜਾ, ਸ. ਰਮਨਜੋਤ ਸਿੰਘ ਮੀਤਾ ਅਤੇ ਸ. ਗੁਰਦੇਵ ਸਿੰਘ ਇਲਾਕੇ ਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।





## ਸੁਪਰੀਮ ਕੋਰਟ ਵੱਲੋਂ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ ਰੱਦ

ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਸੁਪਰੀਮ ਕੋਰਟ ਨੇ 1984 ਦੇ ਸਿੱਖ ਕਤਲੇ ਆਮ ਕੇਸ ਵਿਚ ਦੋਸ਼ੀ ਠਹਿਰਾਏ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ ਤੇ ਉਹਨਾਂ ਇਸ ਨੂੰ ਕਮੇਟੀ ਅਤੇ ਸੰਗਤਾਂ ਦੀ ਵੱਡੀ ਜਿੱਤ ਕਰਾਰ ਦਿੱਤਾ। ਸੁਪਰੀਮ ਕੋਰਟ ਵਿਚ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ ਦੀ ਸੁਣਵਾਈ ਸੀ। ਇਸ ਦੌਰਾਨ ਦਿੱਲੀ ਕਮੇਟੀ ਵੱਲੋਂ ਐਡਵੋਕੇਟ ਗੁਰਬਖਸ਼ ਸਿੰਘ ਅਤੇ ਸੀਨੀਅਰ ਐਡਵੋਕੇਟ ਦੁਸ਼ਯੰਤ ਦਵੇ ਪੇਸ਼ ਹੋਏ ਅਤੇ ਕੇਸਦੀ ਪੈਰਵੀ ਕੀਤੀ। ਉਹਨਾਂ ਨੇ ਅਦਾਲਤ ਨੂੰ ਦੱਸਿਆ ਕਿ ਇਹ ਬਲਵਾਨ ਖੋਖਰ ਸੱਜਣ ਕੁਮਾਰ ਦਾ ਨੇੜਲਾ ਸਾਥੀ ਰਿਹਾ ਹੈ ਤੇ ਇਹ ਕੌਂਸਲਰ ਰਿਹਾ ਹੈ। ਇਹਨਾਂ ਦੇ ਇਲਾਕੇ ਵਿਚ ਸਭ ਤੋਂ ਜ਼ਿਆਦਾ 825 ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਵਕੀਲਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਸੁਪਰੀਮ ਕੋਰਟ ਨੇ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ।

## ਸਿੱਖ ਪਰਿਵਾਰ ਦੀ ਕੁੱਟਮਾਰ ਤੇ ਦੋ ਭਰਾਵਾਂ ਦੇ ਕੇਸਾਂ ਦੀ ਬੇਅਦਬੀ ਕਰਨ ਦੇ ਦੋਸ਼ੀਆਂ ਖਿਲਾਫ ਤੁਰੰਤ ਕਾਰਵਾਈ ਹੋਵੇ

ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਨੇ ਮੰਗ ਕੀਤੀ ਹੈ ਕਿ ਪਾਕਿਸਤਾਨ ਸਥਿਤ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਪਰਿਵਾਰ ਨਾਲ ਕੁੱਟਮਾਰ ਕਰਨ ਅਤੇ ਦੋ ਭਰਾਵਾਂ ਦੇ ਕੇਸਾਂ ਦੀ ਬੇਅਦਬੀ ਕਰਨ ਦੇ ਮਾਮਲੇ ਵਿਚ ਦੋਸ਼ੀਆਂ ਖਿਲਾਫ ਤੁਰੰਤ ਕਾਰਵਾਈ ਹੋਣੀ ਚਾਹੀਦੀ ਹੈ। ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਪਾਕਿਸਤਾਨ ਤੋਂ ਆਏ ਦਿਨ ਨਵੀਂ ਖਬਰ ਨਿਕਲ ਕੇ ਆਉਂਦੀ ਹੈ ਕਿ ਘੱਟਗਿਣਤੀ ਹਿੰਦੂ, ਸਿੱਖ ਤੇ ਇਸਾਈ ਭਾਈਚਾਰਿਆਂ ਨਾਲ ਹੁਣ ਇਹ ਨਵੀਂ ਘਟਨਾ ਵਾਪਰੀ ਹੈ। ਉਹਨਾਂ ਨੇ ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੂੰ ਵੀ ਅਪੀਲ ਕੀਤੀ ਕਿ ਉਹ ਇਹ ਮਾਮਲਾ ਤੁਰੰਤ ਆਪਣੇ ਪਾਕਿਸਤਾਨੀ ਹਮਰੁਤਬਾ ਕੋਲ ਚੁੱਕਣ ਅਤੇ ਪਰਿਵਾਰ ਨਾਲ ਕੁੱਟਮਾਰ ਕਰਨ ਤੇ ਦੋਵਾਂ ਭਰਾਵਾਂ ਦੇ ਕੇਸਾਂ ਦੀ ਬੇਅਦਬੀ ਕਰਨ ਵਾਲਿਆਂ ਦੇ ਖਿਲਾਫ ਤੁਰੰਤ ਠੋਸ ਕਾਰਵਾਈ ਕੀਤੀ ਜਾਵੇ। ਬੇਸ਼ੱਕ ਪੁਲਿਸ ਨੇ ਐਫ ਆਈ ਆਰ ਦਰਜ ਕੀਤੀ ਹੈ ਪਰ ਦੋਸ਼ੀਆਂ ਖਿਲਾਫ ਕਾਰਵਾਈ ਕੋਈ ਨਹੀਂ ਕੀਤੀ ਗਈ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਦਸੰਬਰ 2022 (ਆਮਦਨ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਧੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਊ | ਗੁਰਦੁਆਰਾ ਪਿਪਲ ਮਹਾਂਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਦੀ ਹੋਰ ਆਮਦਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਚੜ੍ਹਤ / ਗੋਲਕ | 17050 | 349502 | 1100 | 22229748 | 12260 | 1467169 | --- | 3258 | 5378 | 732082 | 593715 | 5718414 | 2952594 | --- | 5887500 | 317500 | 24606 | 16664026 | --- | --- | --- | --- |
| ਲੰਗਰ | --- | 102264 | 5550 | 9186095 | 28451 | 159995 | --- | 4301 | 2870 | 233051 | 74685 | 591649 | 633537 | --- | 2324854 | --- | 9000 | 11032151 | --- | --- | --- | --- |
| ਪ੍ਰਸ਼ਾਦਿ | --- | 429124 | --- | 11566005 | 30113 | 555322 | --- | 2330 | 59600 | 650250 | 317495 | 876699 | 2052613 | --- | 1561913 | --- | 2350 | 5966833 | --- | --- | --- | --- |
| ਸ੍ਰੀ ਆਖੰਡ ਪਾਠ | --- | 219600 | 6100 | 6039600 | 36600 | 24400 | 12200 | 6100 | 30500 | 18300 | 54900 | 207400 | 524600 | --- | 268400 | --- | 6100 | 1409100 | --- | --- | --- | --- |
| ਕਿਉ.ਐਮ.ਸੀ. | 875 | 22056 | 645 | --- | 690 | 2825 | 550 | 706 | 1465 | 9540 | 20013 | 7048 | 15276 | 300 | 35858 | 720 | --- | 19513 | --- | --- | --- | --- |
| ਸਰਾਂ | --- | 3500 | --- | 1521350 | --- | 50400 | --- | --- | --- | --- | 24000 | 907700 | --- | --- | 662675 | --- | --- | 936250 | --- | --- | --- | --- |
| ਬਿਲਡਿੰਗ | 3460 | 500 | --- | 745000 | --- | --- | --- | --- | --- | --- | 18100 | --- | --- | --- | 39875 | --- | --- | 75000 | --- | --- | --- | --- |
| ਫੁਟਕਲ | --- | 50 | --- | 145000 | --- | 180 | --- | --- | --- | --- | 180 | --- | 590 | --- | 18180 | --- | 5460 | 320295 | --- | --- | 198331 | --- |
| ਅਨੰਦ ਕਾਰਜ ਭੇਟਾ | --- | --- | --- | --- | --- | 33000 | --- | --- | --- | --- | --- | --- | 145600 | --- | 490750 | --- | --- | --- | --- | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 647622 | --- | --- | --- |
| ਸੈਂਟਰਲਾਈਜ਼ ਡੋਨੇਸ਼ਨ | --- | --- | --- | 8072697 | --- | --- | --- | --- | --- | --- | --- | --- | --- | --- | --- | --- | --- | --- | --- | --- | --- | --- |
| ਸੂਦ / ਜ਼ੁਰਮਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 75988 | --- | --- | --- |
| ਮੈਡੀਕਲ ਫੀਸ/ਬਾਲਾ ਪ੍ਰੀਤਮ ਦਵਾਖਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 5411644 | --- | --- |
| ਐਜੂਕੇਸ਼ਨ ਫੰਡ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 570000 | --- | --- | --- |
| ਗੁ. ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 11530 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 10880 | --- | --- | --- |
| ਐਫ.ਸੀ.ਆਰ.ਏ. ਡੋਨੇਸ਼ਨ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 4576474 | --- | --- | --- |
| ਐਜੂਕੇਸ਼ਨ ਫੀਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 344380 |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 61026 | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 44400 | --- | --- | --- |
| ਸਟਾਫ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 204122 | --- | --- | --- |
| ਜੋੜ | 21385 | 1126596 | 13395 | 59505495 | 108114 | 2293291 | 12750 | 16695 | 99813 | 1643223 | 1103088 | 8308910 | 6324810 | 300 | 11290005 | 318220 | 47516 | 36423168 | 6202042 | 5411644 | 198331 | 344380 |

Note : The information in this documents in unaudited, therefore these are subject to change without notice and should not be construed as a commitment by DSGMC.

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਦਸੰਬਰ 2022 (ਖਰਚ ਭਾਗ)

| ਅਕਾਊਂਟਸ ਆਮਦਨ | ਗੁਰਦੁਆਰਾ ਬਦਰਪੁਰ ਸਾਹਿਬ | ਗੁਰਦੁਆਰਾ ਬਾਲਾ ਸਾਹਿਬ | ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ | ਗੁਰਦੁਆਰਾ ਬੰਗਲਾ ਸਾਹਿਬ | ਗੁਰਦੁਆਰਾ ਭਾਈ ਲਾਲੋ ਜੀ | ਗੁਰਦੁਆਰਾ ਦਮਦਮਾ ਸਾਹਿਬ | ਗੁਰਦੁਆਰਾ ਦਰਿਆ ਗੰਜ | ਗੁਰਦੁਆਰਾ ਢੱਕਾਪੀਰ ਪੁਰ | ਗੁਰਦੁਆਰਾ ਕਰੋਲ ਬਾਗ | ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | ਗੁਰਦੁਆਰਾ ਮਾਤਾ ਸੁੰਦਰੀ ਜੀ | ਗੁਰਦੁਆਰਾ ਮੋਤੀ ਬਾਗ ਸਾਹਿਬ | ਗੁਰਦੁਆਰਾ ਨਾਨਕ ਪਿਆਊ | ਗੁਰਦੁਆਰਾ ਪੀਪਲ ਮਹਾਦੇਵ | ਗੁਰਦੁਆਰਾ ਰਕਾਬ ਗੰਜ ਸਾਹਿਬ | ਗੁਰਦੁਆਰਾ ਰਣਜੀਤ ਨਗਰ | ਗੁਰਦੁਆਰਾ ਆਰ.ਕੇ. ਪੁਰਮ | ਗੁਰਦੁਆਰਾ ਸੀਸ ਗੰਜ ਸਾਹਿਬ | ਦਿੱਲੀ ਕਮੇਟੀ ਐਡਮਿਨ-ਸਟ੍ਰੇਸ਼ਨ | ਹਸਪਤਾਲ ਅਤੇ ਡਿਸਪੈਂਸਰੀ | ਜਾਇਦਾਦ ਅਕਾਊਂਟਸ | ਸਕੂਲ/ਕਾਲਜ ਅਤੇ ਇੰਸਟੀਚਿਊਟ |
|---|---|---|---|---|---|---|---|---|---|---|---|---|---|---|---|---|---|---|---|---|---|---|
| ਲੰਗਰ | 48262 | 537836 | 19285 | 2219289 | 2986 | 139981 | 5436 | 33324 | 50718 | 524129 | 166063 | 954499 | 1228098 | --- | 1693021 | 13516 | 4276 | 3755985 | --- | --- | --- | --- |
| ਪ੍ਰਸ਼ਾਦਿ / ਪ੍ਰਸ਼ਾਦਿ ਹਜ਼ੂਰੀ | 16848 | 448515 | --- | 4121792 | 11000 | 594269 | --- | 28612 | 60042 | 635900 | 260322 | 554199 | 1133993 | --- | 753279 | 17154 | 8480 | 2685785 | --- | --- | --- | --- |
| ਸ੍ਰੀ ਆਖੰਡ ਪਾਠ | --- | 145846 | 9600 | 2486400 | 28800 | 55014 | 33600 | 4800 | 28800 | 29354 | 29354 | 8492 | 401261 | --- | 293138 | 4800 | 9600 | 1622118 | --- | --- | --- | --- |
| ਬਿਜਲੀ / ਪਾਣੀ | --- | 529095 | 12120 | 1641811 | 33510 | 103820 | 3360 | 7780 | 42810 | 155340 | 38430 | 341540 | 540119 | 910 | 735817 | 43380 | 6530 | 909376 | --- | --- | --- | --- |
| ਫੁਟਕਲ | 37677 | 123228 | 38259 | 823565 | 70106 | 82346 | 13368 | 6503 | 20737 | 130981 | 58463 | 214128 | 509887 | --- | 369549 | 45415 | 22755 | 436282 | --- | --- | --- | --- |
| ਸਫਾਈ ਤੇ ਰੱਖਰਖਾਵ | 1736 | 72181 | --- | 399984 | --- | 142728 | 592 | 881 | 1232 | 72305 | 72093 | 175230 | 178348 | --- | 378599 | --- | 767 | 338858 | --- | --- | --- | --- |
| ਕਨਵੈਂਸ ਚਾਰਜਿਸ | 1100 | 850 | 1270 | 900 | --- | --- | --- | --- | 2420 | 600 | 9590 | 200 | 300 | --- | 5660 | --- | 2880 | 850 | --- | --- | --- | --- |
| ਰਿਪੇਅਰ ਤੇ ਰੱਖਰਖਾਵ | --- | 60580 | 3500 | 198746 | --- | 37913 | --- | 10200 | --- | 36610 | 38740 | --- | 33880 | --- | 121118 | 640 | --- | 38870 | --- | --- | --- | --- |
| ਕਿਰਾਇਆ ਸਾਊਂਡ ਸਿਸਟਮ | --- | --- | --- | --- | --- | --- | --- | --- | --- | --- | --- | --- | 12240 | --- | 15000 | --- | --- | --- | --- | --- | --- | --- |
| 1984 ਪੀੜ੍ਹਤ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 30000 | --- | --- | --- |
| ਬੈਂਕ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 23819 | --- | --- | --- |
| ਕੰਪਿਊਟਰ ਰਿਪੇਅਰ ਤੇ ਰੱਖ ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 47596 | --- | --- | --- |
| ਐਜੂਕੇਸ਼ਨ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2641456 |
| ਮੁਲਾਜ਼ਮ ਭਲਾਈ ਖਰਚ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 153000 | --- | --- | --- |
| ਗੁ: ਬਾਬਾ ਬੁੱਢਾ ਜੀ, TDI City | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 33927 | --- | --- | --- |
| ਗੁਰਦੁਆਰਾ ਮੰਗੋਲਪੁਰੀ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 12061 | --- | --- | --- |
| ਗੁ. ਮਿਲਾਪ ਨਗਰ, ਉਤਮ ਨਗਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 26168 | --- | --- | --- |
| ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 200054 | --- | --- | --- |
| ਗੁਰਪੁਰਬ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 6376265 | --- | --- | --- |
| ਸਹਾਇਤ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2249848 | --- | --- | --- |
| ਮੋਟਰ ਇੰਸੋਰੈਂਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 107199 | --- | --- | --- |
| ਲੀਗਲ ਐਂਡ ਪ੍ਰੋਫੈਸਨਲ ਚਾਰਜਿਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 1525800 | --- | --- | --- |
| ਮੈਡੀਕਲ ਚਾਰਜਿਸ / ਬਾਲਾ ਪ੍ਰੀਤਮ ਦਵਾਖਾਨਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 10576457 | --- | --- |
| ਆਫਿਸ ਖਰਚੇ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 2506683 | --- | --- | --- |
| ਪ੍ਰਚਾਰ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 3496454 | --- | --- | --- |
| ਪੈਟਰੋਲ, ਡੀਜਲ ਤੇ ਸੀ.ਐਨ.ਜੀ. | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 502144 | --- | --- | --- |
| ਪਿੰਨੀ ਪ੍ਰਸ਼ਾਦਿ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 312922 | --- | --- | --- |
| ਪ੍ਰਿੰਟਿੰਗ ਪ੍ਰੈਸ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 21546 | --- | --- | --- |
| ਜਾਇਦਾਦ ਰੱਖ-ਰਖਾਵ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 327109 | --- |
| ਰਾਗੀ ਭੇਟਾ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 536082 | --- | --- | --- |
| ਰਿਪੇਅਰ ਅਤੇ ਰੱਖ ਰਖਾਵ ਗੱਡੀਆਂ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 94494 | --- | --- | --- |
| ਤਨਖਾਹ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 37220255 | --- | --- | --- |
| ਸੋਲਰ ਸਿਸਟਮ ਪਲਾਂਟ | --- | --- | --- | 99560 | --- | --- | --- | --- | --- | --- | --- | --- | 76380 | --- | 281447 | --- | --- | --- | --- | --- | --- | --- |
| ਸਿਲਾਈ | --- | --- | --- | --- | --- | --- | --- | --- | --- | --- | --- | --- | --- | --- | --- | --- | --- | --- | 65916 | --- | --- | --- |
| ਜੋੜ | 105623 | 1918131 | 84034 | 11992047 | 146402 | 1156071 | 56356 | 92100 | 206759 | 1585219 | 673055 | 2248288 | 4114506 | 910 | 4646628 | 124905 | 55288 | 9788124 | 55542233 | 10576457 | 327109 | 2641456 |

Note : The information in this documents in unaudited, therefore these are subject to change without notice and should not be construed as a commitment by DSGMC.

# 3 ਮਾਰਚ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ

**1 ਮਾਰਚ**

**1925 ਈ.** ਪੰਦਰਵਾਂ ਸ਼ਹੀਦੀ ਜੱਥਾ ਗੰਗਸਰ ਜੈਤੋ ਲਈ ਰਵਾਨਾ ਹੋਇਆ।

**1961 ਈ.** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਹਿ ਸਿੰਘ ਤੇ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵਿੱਚ ਪੰਜਾਬੀ ਸੂਬੇ ਸਬੰਧੀ ਗੱਲਬਾਤ ਹੋਈ।

**2 ਮਾਰਚ**

**1949 ਈ.** ਪੰਜਾਬ ਪੁਲਿਸ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਿਹੱਥੇ ਸਿੰਘਾਂ ਉਪਰ ਗੋਲੀ ਚਲਾਈ।

**1969 ਈ.** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਥੇਦਾਰ ਮੋਹਨ ਸਿੰਘ ਨਾਗੋਕੇ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ।



**3 ਮਾਰਚ**

**1921 ਈ.** ਸ੍ਰੀ ਨਨਕਾਣਾ ਸਾਹਿਬ ਸਾਕੇ ਤੋਂ ਬਾਅਦ ਸਾਕੇ ਦੀ ਜਾਣਕਾਰੀ ਲੈਣ ਤੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦੇਣ ਲਈ ਮਹਾਤਮਾ ਗਾਂਧੀ ਤੇ ਮੌਲਾਨਾ ਸ਼ੌਕਤ ਅਲੀ ਕੁੱਝ ਨੇਤਾਵਾਂ ਦੇ ਨਾਲ ਸ੍ਰੀ ਨਨਕਾਣਾ ਸਾਹਿਬ ਪੁੱਜੇ।

**4 ਮਾਰਚ**

**1776 ਈ.** ਜ਼ਾਬਿਤਾ ਖਾਨ ਨੇ ਸਿੰਘਾਂ ਦੀ ਮਦਦ ਨਾਲ ਅਬੁਲ ਕਾਸਿਮ ਨੂੰ ਹਰਾਇਆ।

**5 ਮਾਰਚ**

**1924 ਈ.** ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੰਗਸਰ ਜੈਤੋ ਲਈ ਜੱਥੇ ਭੇਜਣ ਦੇ ਦੋਸ਼ੀ ਠਹਿਰਾਉਂਦਿਆਂ ਸ੍ਰ. ਊਧਮ ਸਿੰਘ ਨੂੰ ਜੱਜ ਨੇ ਦੋ ਸਾਲ ਦੀ ਕੈਦ ਤੇ 100 ਰੁਪਏ ਜ਼ੁਰਮਾਨੇ ਦੀ ਸਜ਼ਾ ਸੁਣਾਈ।

**1921 ਈ.** ਪੰਥ ਨੇ ਗੁਰਦੁਆਰਾ ਚੂਹੜਕਾਣਾ ਸਾਹਿਬ ਜ਼ਿਲ੍ਹਾ ਸ਼ੇਖੂਪੁਰਾ ਦਾ ਪ੍ਰਬੰਧ ਸੰਭਾਲਿਆ।

**6 ਮਾਰਚ**

**1716 ਈ.** ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਫੜੇ ਗਏ 740 ਸਿੰਘਾਂ ਵਿੱਚੋਂ 100 ਸਿੰਘਾਂ ਨੂੰ ਦਿੱਲੀ ਦੇ ਸਰਬਰਾਹ ਖਾਨ ਦੀ ਦੇਖ ਰੇਖ ਹੇਠ ਸ਼ਹੀਦ ਕੀਤਾ ਗਿਆ।

**1983 ਈ.** ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨੇ ਪੰਜਾਬ ਦੀ ਜਨਤਾ ਨਾਲ ਕੀਤੇ ਜਾ ਰਹੇ ਧੱਕੇ ਵਿਰੁੱਧ ਪੰਜਾਬ ਅਸੈਂਬਲੀ ਦੇ ਇਜ਼ਲਾਸ ਦਾ ਬਾਈਕਾਟ ਕੀਤਾ।

**7 ਮਾਰਚ**

**1959 ਈ.** ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਨੂੰ ਪੰਜਵਾਂ ਤਖ਼ਤ ਸਾਹਿਬ ਘੋਸ਼ਿਤ ਕੀਤਾ ਗਿਆ।



**8 ਮਾਰਚ**

**1757 ਈ.** ਸਿੰਘਾਂ ਨੇ ਗੁਰਮਤਾ ਕਰਕੇ ਲਾਹੌਰ ’ਤੇ ਹਮਲਾ ਕੀਤਾ ਤੇ ਤੈਮੂਰ ਡਰ ਕੇ ਕਾਬਲ ਭੱਜ ਗਿਆ।

**1967 ਈ.** ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ।

**9 ਮਾਰਚ**

ਦਲ ਖਾਲਸਾ ਨੇ ਦਿੱਲੀ ਦੇ ਤਖ਼ਤ ’ਤੇ ਕਬਜ਼ਾ ਕੀਤਾ ਅਤੇ ਗੁਰਦੁਆਰਿਆਂ ਦੀ ਨਿਸ਼ਾਨਦੇਹੀ ਕਰਵਾਈ।

**1947 ਈ.** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਾਬੂ ਲਾਭ ਸਿੰਘ ਜੀ ਜਲੰਧਰ ਵਿਖੇ ਸ਼ਹੀਦ ਹੋਏ।

**10 ਮਾਰਚ**

**1745 ਈ.** ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਚਰਖੜੀ ’ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ।

**1951 ਈ.** ਸ਼੍ਰੋਮਣੀ ਅਕਾਲੀ ਦਲ ਦੀ ਅੱਠਵੀਂ ਸਰਬਹਿੰਦ ਅਕਾਲੀ ਕਾਨਫਰੰਸ ਲੁਧਿਆਣਾ ਵਿਖੇ ਹੋਈ।

**11 ਮਾਰਚ**

**1783 ਈ.** ਜਥੇਦਾਰ ਬਾਬਾ ਬਘੇਲ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਦਿੱਲੀ ਦੇ ਤਖ਼ਤ ’ਤੇ ਕਬਜ਼ਾ ਕਰਕੇ ਲਾਲ ਕਿਲ੍ਹੇ ’ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਤੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦੀਵਾਨ-ਏ-ਆਮ ਦੇ ਤਖ਼ਤ ’ਤੇ ਬਿਠਾਇਆ।



**12 ਮਾਰਚ**

**1699 ਈ.** ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਛੀਵਾੜੇ ਦੀ ਸੰਗਤ ਦੇ ਨਾਮ ਹੁਕਮਨਾਮਾ ਭੇਜਿਆ।

**1965 ਈ.** ਸੰਤ ਚੰਨਣ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੜ ਪ੍ਰਧਾਨ ਚੁਣੇ ਗਏ।

**13 ਮਾਰਚ**

**1759 ਈ.** ਸਿਦਕੀ ਬੇਗ ਨੇ ਹੋਲੇ ਮਹੱਲੇ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ’ਤੇ ਹੱਲਾ ਬੋਲਿਆ।

**14 ਮਾਰਚ**

**1823 ਈ.** ਨੋਸ਼ਹਿਰੇ ਦੀ ਲੜਾਈ ਵਿੱਚ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਹੋਏ।

**1959 ਈ.** ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤ ਫਤਹਿ ਸਿੰਘ ਜੀ ਦੀ ਅਗਵਾਈ ਵਿੱਚ ਦਿੱਲੀ ਵਿਖੇ ਕਾਂਗਰਸ ਵੱਲੋਂ ਗੁਰਧਾਮਾਂ ਵਿੱਚ ਦਖ਼ਲ ਦੇਣ ਦੇ ਵਿਰੋਧ ਵਿੱਚ ਰੋਸ ਮਾਰਚ ਕੱਢਿਆ ਗਿਆ।

**15 ਮਾਰਚ**

**1923 ਈ.** ਖਾਲਸਾ ਪੰਥ ਨੇ ਸੋਢੀਆਂ ਪਾਸੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲਿਆ।

**16 ਮਾਰਚ**

**1849 ਈ.** ਪੰਜਾਬ ਅੰਗ੍ਰੇਜ਼ਾਂ ਦੇ ਅਧੀਨ ਹੋਇਆ।

**1931 ਈ.** ਮਹਾਤਮਾ ਗਾਂਧੀ ਨੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਸਿੱਖਾਂ ਨੂੰ ਵਿਸ਼ਵਾਸ ਵਿੱਚ ਲੈ ਕੇ ਸੰਵਿਧਾਨ ਬਨਾਉਣ ਦਾ ਵਿਸ਼ਵਾਸ ਦੁਆਇਆ।

**17 ਮਾਰਚ**

**1823 ਈ.** ਮਹਾਰਾਜਾ ਰਣਜੀਤ ਸਿੰਘ ਫਤਹਿ ਉਪਰੰਤ ਪਿਸ਼ਾਵਰ ਵਿੱਚ ਦਾਖ਼ਲ ਹੋਏ।

**18 ਮਾਰਚ**

**1823 ਈ.** ਸ਼ੇਰ-ਏ-ਪੰਜਾਬਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ ਦਾ ਤਖ਼ਤ ਮੱਲਿਆ।

**1950 ਈ.** ਜਥੇਦਾਰ ਚੰਨਣ ਸਿੰਘ ਉਰਾੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ।

**19 ਮਾਰਚ**

**1984 ਈ.** ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਸਰਕਾਰ ਵੱਲੋਂ ਗੈਰ ਕਾਨੂੰਨੀ ਕਰਾਰ ਦਿੱਤਾ ਗਿਆ।

**20 ਮਾਰਚ**

**1761 ਈ.** ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਿੰਘਾਂ ਨੇ ਅਬਦਾਲੀ ਤੋਂ ਸ੍ਰੀ ਗੋਇੰਦਵਾਲ ਦੇ ਪੱਤਨ ’ਤੇ ਹਿੰਦੁਸਤਾਨ ਦੀਆਂ ਔਰਤਾਂ

ਛੁਡਵਾਈਆਂ।

**1925 ਈ.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਮਤਾ ਪਾਸ ਕੀਤਾ।

**21 ਮਾਰਚ**

**1747 ਈ.** ਸ਼ਾਹ ਨਿਵਾਜ਼, ਸਿੰਘਾਂ ਦੀ ਮਦਦ ਨਾਲ ਲਾਹੌਰ ਦਾ ਸੂਬੇਦਾਰ ਤੇ ਦੀਵਾਨ ਕੌੜਾ ਮੱਲ ਵਜ਼ੀਰ ਬਣਿਆ।

**1946 ਈ.** ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੇ ਅਸੈਂਬਲੀ ਚੈਂਬਰ ਲਾਹੌਰ ਵਿਖੇ ਮੀਟਿੰਗ ਕਰਕੇ ਸਿੱਖ ਸਟੇਟ ਬਾਰੇ ਵਿਚਾਰਾਂ ਕੀਤੀਆਂ।

**22 ਮਾਰਚ**

**1924 ਈ.** ਜਥੇਦਾਰ ਸੰਤਾ ਸਿੰਘ ਜੀ ਤੇ ਜਥੇਦਾਰ ਤੇਜਾ ਸਿੰਘ ਜੀ ਸਰਗੋਧਾ ਦੀ ਅਗਵਾਈ ਹੇਠ ਤੀਜਾ ਸ਼ਹੀਦੀ ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੈਤੋ ਲਈ ਰਵਾਨਾ ਹੋਇਆ।

**23 ਮਾਰਚ**

**1931 ਈ.** ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫ਼ਾਂਸੀ ’ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ।

**1986 ਈ.** ਸ੍ਰ. ਕਾਬਲ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ।

**24 ਮਾਰਚ**

**1957 ਈ.** ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਅਕਾਲੀ ਦਲ ਨੇ ਕਦੇ ਵੀ ਆਪਣੇ ਆਪ ਨੂੰ ਰਾਜਨੀਤੀ ਤੋਂ ਵੱਖ ਨਹੀਂ ਕੀਤਾ

**25 ਮਾਰਚ**

**1940 ਈ.** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਸਨਮਾਨਿਤ ਕੀਤਾ ਗਿਆ।

**26 ਮਾਰਚ**

**1981 ਈ.** ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਰੋਧੀ ਪਾਰਟੀਆਂ ਨੂੰ ਨਾਲ ਲੈ ਕੇ ਦਿੱਲੀ ਵਿਖੇ ਕਿਸਾਨ ਰੈਲੀ ਕੀਤੀ ਗਈ।

**27 ਮਾਰਚ**

**1924 ਈ.** ਸ੍ਰ. ਪੂਰਨ ਸਿੰਘ ਬਾਹੋਵਾਲੀ ਦੀ ਅਗਵਾਈ ਹੇਠ ਚੌਥਾ ਸ਼ਹੀਦੀ ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੰਗਸਰ ਜੈਤੋ ਲਈ ਰਵਾਨਾ ਹੋਇਆ।

**1939 ਈ.** ਸ਼੍ਰੋਮਣੀ ਅਕਾਲੀ ਦਲ ਨੇ ਅਕਾਲ ਰਜਮੈਂਟ ਬਨਾਉਣ ਦਾ ਫ਼ੈਸਲਾ ਕੀਤਾ।

**28 ਮਾਰਚ**

**1843 ਈ.** ਰਾਜਾ ਸੁਚੇਤ ਸਿੰਘ ਡੋਗਰੇ ਦਾ ਕਤਲ ਹੋਇਆ।

**29 ਮਾਰਚ**

**1733 ਈ.** ਜ਼ਕਰੀਆ ਖਾਨ ਵੱਲੋਂ ਭਾਈ ਸੁਬੇਗ ਸਿੰਘ ਨਵਾਬੀ ਦੀ ਪੇਸ਼ਕਸ਼ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਿਰ ਹੋਏ।

**1966 ਈ.** ਭਾਰਤ ਸਰਕਾਰ ਵੱਲੋਂ ਪੰਜਾਬ ਦੀ ਹੱਦਬੰਦੀ ਲਈ ਸ਼ਾਹ ਕਮਿਸ਼ਨ ਕਾਇਮ ਕੀਤਾ।

**30 ਮਾਰਚ**

**1699 ਈ.** ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਾਲੇ ਅਸਥਾਨ ’ਤੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਖਾਲਸਾ ਪੰਥ ਦੀ ਸਾਜਨਾ ਕੀਤੀ।



**1960 ਈ.** ਸਰਕਾਰ ਨੇ ਤਰਾਈ ਦੇ ਇਲਾਕੇ ਵਿੱਚ 20,000 ਕਿਸਾਨਾਂ ਨੂੰ ਬੇਜ਼ਮੀਨੇ ਤੇ ਬੇਘਰ ਕਰ ਕੇ ਸਿੱਖ ਕੌਮ ਦੇ ਜਜ਼ਬਾਤ ਨੂੰ ਸੱਟ ਮਾਰੀ।

**31 ਮਾਰਚ**

**1973 ਈ.** ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਦੀ ਕਾਰ ਸੇਵਾ (ਪੂਰੇ 50 ਸਾਲ ਬਾਅਦ) ਸ਼ੁਰੂ ਕੀਤੀ ਗਈ।

**1966 ਈ.** ਭਾਰਤ ਦੇ ਗ੍ਰਹਿ ਮੰਤਰਾਲੇ ਨੇ ਪਾਰਲੀਮੈਂਟ ਵਿੱਚ ਐਲਾਨ ਕੀਤਾ ਕਿ ਭਾਸ਼ਾ ਦੇ ਅਧਾਰ ’ਤੇ ਭਾਰਤ ਸਰਕਾਰ ਨੇ ਪੰਜਾਬ ਦਾ ਪੁਨਰ ਗਠਨ ਕਰਨਾ ਮੰਨ ਲਿਆ ਹੈ।

❋❋❋

# ਮੁਸਲਮਾਨੀ ਮਤ

੧. ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ।
੨. ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।
੩. ਰੋਜੇ ਈਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।
੪. ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁ ਭੇਖ ਸਵਾਰਾ।
੫. ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।
੬. ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।
੭. ਕਾਫਿਰ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।
੮. ਪਾਪੇ ਦਾ ਵਰਤਿਆ ਵਰਤਾਰਾ॥੨੦॥

{ ਵਾਰਾਂ ਭਾਈ ਗੁਰਦਾਸ ਜੀ : ਵਾਰ ੧, ਪਉੜੀ ੨੦ }

**: ਪਦ ਅਰਥ :**

ਬਹੁ ਵਾਟੀਂ – ਬਹੁਤੇ ਰਾਹ (ਭੇਖ) । ਤਿਹ ਠਉੜੀ – ਤਿਨ੍ਹਾਂ ਦੀ ਥਾਂ । ਮੁਲਹਦ – ਬੇਈਮਾਨ

**: ਅਰਥ :**

ਪ੍ਰ. : ਭਾਈ ਸਾਹਿਬ ਜੀਉ! ਜਦੋਂ ਹਜ਼ਰਤ ਮੁਹੰਮਦ ਸਾਹਿਬ ਦਾ ਪਹਿਰਾ ਸੀ, ਕੀ ਉਸ ਸਮੇਂ ਦੀ ਜਾਣਕਾਰੀ ਦਿਓਗੇ ਕਿ ਲੋਕਾਂ ਵਿੱਚ ਕੀ ਵਰਤਾਰਾ ਵਰਤ ਰਿਹਾ ਸੀ?

੧) ਉ. : ਹੇ ਭਾਈਓ! ਉਸ ਸਮੇਂ ਦੀਆਂ ਸੀਨੇ-ਬ-ਸੀਨੇ ਚੱਲੀਆਂ ਆ ਰਹੀਆਂ ਰਿਵਾਇਤਾਂ ਤੋਂ ਸੋਝੀ ਮਿਲਦੀ ਹੈ ਕਿ ਜਦੋਂ ਹਜ਼ਰਤ ਮੁਹੰਮਦ ਸਾਹਿਬ ਤੇ ਉਸਦੇ ਚਾਰ ਯਾਰ (ਅਬੂਬਕਰ ਸਦੀਕ, ਉਮਰ ਫ਼ਰੂਕ, ਉਸਮਾਨ ਗਰੀ, ਹਜ਼ਰਤ ਅਲੀ) ਹੋਏ, ਤੋਂ (ਮੁਸਲਮਾਨੀ ਮਜ਼ਹਬ ਦੇ) ਅਨੇਕਾਂ ਰਾਹ ਚੱਲ ਪਏ, ਭਾਵ ਕਈ (ਵਾਟਾਂ) ਸ਼ਾਖਾਂ ਟੁਰ ਪਈਆਂ।

ਪ੍ਰ. : ਕਿਉਂ ਜੀ! ਉਨ੍ਹਾਂ ਭਿੰਨ-ਭਿੰਨ ਮਾਰਗਾਂ ਦਾ ਕੋਈ ਅੰਦਾਜ਼ਾ ਭੀ ਆਉਂਦਾ ਹੈ?

੨) ਉ. : (ਸੁਣਨ ਵਿੱਚ ਤਾਂ ਇਉਂ ਹੀ ਆਉਂਦਾ ਹੈ ਕਿ) ਬਹੱਤਰ ਫ਼ਿਰਕਿਆਂ ਵਿੱਚ ਕੌਮਾਂ ਦੀ ਵੰਡ ਹੋ ਗਈ ਤੇ ਕਈ ਤਰ੍ਹਾਂ ਦਾ ਵੈਰ-ਵਿਰੋਧ ਵਧਾ ਦਿੱਤਾ।

੩) (ਇਥੇ ਹੀ ਬੱਸ ਨਹੀਂ) ਤੀਹ ਰੋਜ਼ਿਆਂ ਮਗਰੋਂ ਈਦ ਤੇ (ਪੰਜ) ਨਿਮਾਜ਼ਾਂ ਥਾਪ ਕੇ ਇਨ੍ਹਾਂ ਕਰਮ-ਕਾਂਡਾਂ ਵਿੱਚ ਸੰਸਾਰ ਨੂੰ ਕੈਦ ਕਰ ਦਿੱਤਾ।

੪) (ਅਤੇ ਹੋਰ ਸੁਣੋ) ਪੀਰ, ਪੈਗੰਬਰ, ਅਉਲੀਏ, ਗਉਸ ਤੇ ਕੁਤਬ ਆਦਿ ਭੇਖਾਂ ਵਿੱਚ ਸਾਰੀ ਮੁਸਲਮਾਨੀ ਕੌਮ ਨੂੰ ਵੰਡ ਦਿੱਤਾ (ਅਰਥਾਤ ਅਭਿਮਾਨ ਵੱਧ ਗਿਆ)।

੫) (ਅਭਿਮਾਨ ਵੀ ਏਨਾ ਵੱਧ ਗਿਆ ਕਿ ਹਿੰਦੂਆ ਦੇ) ਠਾਕਰ-ਦਵਾਰੇ ਢਾਹ ਕੇ ਉਨ੍ਹਾਂ ਦੀ ਥਾਂ ਮਸੀਤਾਂ ਉਸਾਰ ਦਿੱਤੀਆਂ ਗਈਆਂ, (ਏਨਾ ਜ਼ੋਰ ਜਬਰ ਇਨ੍ਹਾਂ ਵੱਲੋਂ ਕੀਤਾ ਜਾਣ ਲੱਗਾ)।

੬) ਗਊ ਅਤੇ ਗਰੀਬ ਨੂੰ (ਨਿਰਦਈਆਂ ਵਾਂਗ, ਸ਼ਰ੍ਹਾ ਦਾ ਕਲਮਾ ਪੜ੍ਹਕੇ) ਕੋਹਣ ਲੱਗ ਪਏ, ਇਉਂ ਧਰਤੀ 'ਤੇ ਭਾਰਾ ਪਾਪ ਹੋਣ ਲੱਗ ਪਿਆ (ਅਰਥਾਤ ਅਕ੍ਰਿਤਘਣ ਹੋ ਗਏ, ਉਪਕਾਰੀ ਤੇ ਗਰੀਬ ਜੰਤੂ ਦੇ ਘਾਤਕ ਹੋ ਗਏ)।

੭) ਕਾਫ਼ਰ ਤੇ ਬੇਈਮਾਨ (ਦੇ ਸ਼ਬਦ ਵਿਰੋਧੀਆਂ ਲਈ ਘੜ ਲਏ ਗਏ)। ਰੂਮੀ ਤੇ ਆਰਮੀਨੀ (ਦੇਸ਼ ਭਾਸ਼ਾ ਕਰ ਦਿੱਤੀ) ਤੇ ਇਸਤਰੀ ਜਾਤੀ ਦੇ ਦੁਸ਼ਮਨ ਬਣ ਗਏ (ਔਰਤਾਂ ਦੀ ਬੇਪਤੀ ਆਮ ਹੋਣ ਲੱਗ ਪਈ, ਜਿਧਰ ਕਿਧਰ ਇਸਤਰੀਆਂ ਕੇਵਲ ਕਾਮ ਵਾਸ਼ਨਾ ਦੇ ਜ਼ੁਲਮ ਦਾ ਹੀ ਸ਼ਿਕਾਰ ਹੋਣ ਲੱਗੀਆਂ)।

੮) ਇਉਂ ਪਾਪਾ ਦਾ ਪਸਾਰਾ ਪਸਰ ਗਿਆ । ੨੦ ।

**: ਭਾਵਾਰਥ :**

ਇਸ ਉਪਰੋਕਤ ਪਉੜੀ ਵਿੱਚ ਭਾਈ ਸਾਹਿਬ ਜੀ ਮੁਸਲਮਾਨ ਲੋਕਾਂ ਦੇ ਗਿਰਾਵਟ ਦਾ ਨਕਸ਼ਾ ਦਰਸਾ ਰਹੇ ਹਨ ਅਤੇ ਸਾਬਤ ਕਰਦੇ ਹਨ ਕਿ ਇਨ੍ਹਾਂ ਲੋਕਾਂ ਵੱਲੋਂ ਭੀ ਸੰਸਾਰ 'ਤੇ ਗਿਲਾਨੀ ਹੀ ਫੈਲਾਈ ਗਈ।

ਟੀਕਾਕਾਰ : ਸਿੰਘ ਸਾਹਿਬ ਗਿਆਨੀ ਮਨੀ ਸਿੰਘ
ਸਾਬਕਾ ਹੈਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ

SIS GANJ
Published : March 1, 2023
Posting : 5-10 March 2023, LPC, Delhi RMS
Delhi-110006

MARCH 2023

DL (ND)-11/6040/2021-22-2023
U(C)-224/2021-23
RNI 10622/64




ਅਕਾਲੀ ਬਾਬਾ ਫੂਲਾ ਸਿੰਘ ਜੀ

Total Pages : 1 to 64 (With Cover)